## ‘ਲਾਲ ਪਰਚਮ’ ਅਤੇ ‘ਪ੍ਰਤੀਬੱਧ’ ਦਰਮਿਆਨ

# ਘਰਾਂ ਦੇ ਸਵਾਲ ’ਤੇ ਬਹਿਸ



‘ਲਾਲ ਪਰਚਮ’ ਅਤੇ ‘ਪ੍ਰਤੀਬੱਧ’ ਦਰਮਿਆਨ

# ਘਰਾਂ ਦੇ ਸਵਾਲ ’ਤੇ ਬਹਿਸ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਊਂਡੇਸ਼ਨ-ਲਖਨਊ)

ਪਹਿਲੀ ਵਾਰ : ਸਤੰਬਰ 2011

ਪ੍ਰਕਾਸ਼ਕ : **ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ**,
260, ਸ਼ਹੀਦ ਸੁਖਦੇਵ ਸਿੰਘ ਨਗਰ, ਲੁਹਾਰਾ, ਲੁਧਿਆਣਾ
ਫੋਨ ਨੰ. 098155-87807. ਈਮੇਲ : janchetnapb@gmail.com
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)
69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ-226006

ਟਾਈਟਲ : ਅਜੇਪਾਲ

ਛਾਪਕ : ਬ੍ਰਾਈਟ ਪ੍ਰਿੰਟਰਜ਼, ਲਕਸ਼ਮੀਪੁਰਾ, ਨੇੜੇ ਪੂਰੀ ਮਾਰਕਿਟ, ਜਲੰਧਰ

**ਕੀਮਤ : 50 ਰੁਪਏ**

# ਪ੍ਰਕਾਸ਼ਕ ਵੱਲੋਂ

ਬੀਤੇ ਦਿਨੀਂ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਉੱਪਰ ਦੋ ਪਰਚਿਆਂ 'ਪ੍ਰਤੀਬੱਧ' ਅਤੇ 'ਲਾਲ ਪਰਚਮ' ਦਰਮਿਆਨ ਬਹਿਸ ਚੱਲੀ ਸੀ। ਇਹ ਬਹਿਸ ਜਨਵਰੀ 2010 ਤੋਂ ਲੈ ਕੇ ਮਈ 2011 ਤੱਕ ਜਾਰੀ ਰਹੀ। ਇਸ ਬਹਿਸ ਦੌਰਾਨ 'ਪ੍ਰਤੀਬੱਧ' ਵੱਲੋਂ ਲਿਖੇ ਅੰਤਮ ਲੇਖ (ਮਈ 2011) ਦਾ 'ਲਾਲ ਪਰਚਮ' ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਕਾਫ਼ੀ ਇੰਤਜ਼ਾਰ ਤੋਂ ਬਾਅਦ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ 'ਲਾਲ ਪਰਚਮ' ਨੇ ਇਹ ਬਹਿਸ ਬੰਦ ਕਰ ਦਿੱਤੀ ਹੈ। ਇਸ ਬਹਿਸ ਦੇ ਸਿਧਾਂਤਕ ਮਹੱਤਵ ਨੂੰ ਦੇਖਦੇ ਹੋਏ ਅਸੀਂ ਦੋਹਾਂ ਪਰਚਿਆਂ 'ਚ ਇਸ ਬਹਿਸ ਸਬੰਧੀ ਲੇਖਾਂ ਨੂੰ ਇਕੱਠੇ ਕਰਕੇ ਇਨ੍ਹਾਂ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਪ੍ਰਕਾਸ਼ਤ ਕਰ ਰਹੇ ਹਾਂ। ਇਸ ਕਿਤਾਬ ਵਿੱਚ ਅਸੀਂ ਇਸ ਬਹਿਸ ਸਬੰਧੀ 'ਪ੍ਰਤੀਬੱਧ' ਵਿੱਚ ਛਪੇ ਤਿੰਨ ਲੇਖ ਅਤੇ 'ਲਾਲ ਪਰਚਮ' ਵਿੱਚ ਛਪੇ ਦੋ ਲੇਖ ਪ੍ਰਕਾਸ਼ਤ ਕਰ ਰਹੇ ਹਾਂ। ਇਸ ਤੋਂ ਇਲਾਵਾ ਇਸੇ ਬਹਿਸ ਸਬੰਧੀ ਇਨ੍ਹਾਂ ਦੋਹਾਂ ਪਰਚਿਆਂ ਵਿੱਚ ਪਾਠਕਾਂ ਦੇ ਦੋ ਖ਼ਤ (ਇੱਕ 'ਲਾਲ ਪਰਚਮ' ਅਤੇ ਇੱਕ 'ਪ੍ਰਤੀਬੱਧ' ਵਿੱਚ) ਵੀ ਛਪੇ ਸਨ। ਇਹ ਖ਼ਤ ਵੀ ਅਸੀਂ ਇਸ ਕਿਤਾਬ ਵਿੱਚ ਸ਼ਾਮਿਲ ਕਰ ਲਏ ਹਨ।

ਕਿਤਾਬ ਦੇ ਰੂਪ ਵਿੱਚ ਮੁੜ ਪ੍ਰਕਾਸ਼ਤ ਹੋ ਰਹੀ ਇਸ ਬਹਿਸ ਨੂੰ ਅਸੀਂ ਹੂ-ਬ-ਹੂ ਪ੍ਰਕਾਸ਼ਤ ਕਰ ਰਹੇ ਹਾਂ। ਇਸ ਵਿੱਚ ਕਿਸੇ ਵੀ ਧਿਰ ਦੀ ਮੂਲ ਲਿਖਤ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਸਿਰਫ਼ ਪਰੂਫ ਦੀਆਂ ਗਲਤੀਆਂ ਹੀ ਦਰੁਸਤ ਕੀਤੀਆਂ ਗਈਆਂ ਹਨ।

•••

## ਤਤਕਰਾ

‘ਮਾਲਵੇ ਦਾ ਮਜ਼ਦੂਰ ਅੰਦੋਲਨ’
ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦੇ
ਨਿੱਕ ਬੁਰਜੂਆ ਹੱਲ ਦਾ ਯਤਨ — ਸੁਖਵਿੰਦਰ .................................... 7

ਮਜ਼ਦੂਰ ਘਰਾਂ ਦਾ ਮਸਲਾ ਅਤੇ ‘ਪ੍ਰਤੀਬੱਧ’ ਦੀ ਟਿੱਪਣੀ .......................... 24

ਮਜ਼ਦੂਰਾਂ ਦੇ ਘਰਾਂ ਦਾ ਮਸਲਾ ਅਤੇ ‘ਲਾਲ ਪਰਚਮ’ ਦੀ ਟਿੱਪਣੀ
ਪਰੂਧੋਂ ਦਾ ਲੜ ਨਾ ਛੱਡਣ ਦੀ ‘ਲਾਲ ਪਰਚਮ’ ਦੀ ਜ਼ਿੱਦ
— ਸੁਖਵਿੰਦਰ ............................................................ 31

ਮਜ਼ਦੂਰ ਘਰਾਂ ਦੇ ਸਵਾਲ ’ਤੇ ਬਹਿਸ ਉੱਪਰ
ਇੱਕ ਟਿੱਪਣੀ — ਡਾ. ਸੁਖਦੇਵ .................................................. 51

ਪ੍ਰਤੀਬੱਧ ਦੀ ਸਮਝ, ਗੈਰ ਪ੍ਰੋਲੇਤਾਰੀ ਨਜ਼ਰੀਏ ਦਾ
‘ਸਿੱਕੇਬੰਦ’ ਨਮੂਨਾ ......................................................... 60

‘ਲਾਲ ਪਰਚਮ’ ਦਾ ਜਵਾਬ
ਵਿਚਾਰਧਾਰਕ ਕੰਗਾਲੀ ਦਾ ਬੇਮਿਸਾਲ ਨਮੂਨਾ — ਸੁਖਵਿੰਦਰ .................... 76

ਪਾਠਕਾਂ ਦੇ ਖ਼ਤ ........................................................... 108

# ‘ਮਾਲਵੇ ਦਾ ਮਜ਼ਦੂਰ ਅੰਦੋਲਨ’
# ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦੇ
# ਨਿੱਕ ਬੁਰਜੂਆ ਹੱਲ ਦਾ ਯਤਨ

**● ਸੁਖਵਿੰਦਰ**

**“ਘਰਾਂ ਦੀ ਸਮੱਸਿਆ ਦੇ ਵੱਡ ਬੁਰਜੂਆ ਅਤੇ ਨਿੱਕ ਬੁਰਜੂਆ ਹੱਲਾਂ ਦਾ ਤੱਤ ਇਹ ਹੈ ਕਿ ਮਜ਼ਦੂਰ ਕੋਲ਼ ਰਹਿਣ ਲਈ ਆਪਣਾ ਘਰ ਹੋਣਾ ਚਾਹੀਦਾ ਹੈ।” —ਫਰੈਡਰਿਕ ਏਂਗਲਜ਼** (“**ਦਿ ਹਾਊਸਿੰਗ ਕੁਅਸ਼ਚਨ**” ਮਾਰਕਸ ਏਂਗਲਜ਼, ਸਲੈਕਟਡ ਵਰਕਸ ਭਾਗ-2, ਪੰਨਾ, 299। ਇਸ ਲੇਖ ਵਿੱਚ ਅੱਗੇ ਦਿੱਤੇ ਸਾਰੇ ਹਵਾਲੇ ਵੀ ਇਸੇ ਪੁਸਤਕ ’ਚੋਂ ਹਨ, ਹਰ ਥਾਂ ਅਨੁਵਾਦ ਸਾਡਾ)

ਬੀਤੇ ਦਿਨੀਂ ‘ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ’ ਦੀ ਅਗਵਾਈ ਵਿੱਚ ਮਾਨਸਾ ਅਤੇ ਕੁੱਝ ਹੋਰ ਜ਼ਿਲ੍ਹਿਆਂ ’ਚ ਕੁੱਝ ਪਿੰਡਾਂ ਦੇ ਮਜ਼ਦੂਰਾਂ ਵੱਲੋਂ ਆਪਣੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ’ਤੇ ਕਬਜ਼ੇ ਕੀਤੇ ਅਤੇ ਬਾਅਦ ਵਿੱਚ ਇਸ ਮਜ਼ਦੂਰ ਸੰਘਰਸ਼ ਨੂੰ ਸਰਕਾਰੀ ਜ਼ਬਰ ਦਾ ਸਾਹਮਣਾ ਵੀ ਕਰਨਾ ਪਿਆ। ਇਸ ਤਰ੍ਹਾਂ ਨਾਲ਼ ਲਿਬਰੇਸ਼ਨ ਨੇ ਪੇਂਡੂ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਭਾਵੇਂ ਫਿਲਹਾਲ ਉਸ ਨੂੰ ਆਪਣੇ ਉਦੇਸ਼ ਵਿੱਚ ਸਫਲਤਾ ਨਹੀਂ ਮਿਲ਼ੀ।

ਲਿਬਰੇਸ਼ਨ ਮੁਤਾਬਕ “ਰਿਹਾਇਸ਼ ਲਈ ਜ਼ਮੀਨ ਅਤੇ ਗੁਜ਼ਾਰੇ ਲਈ ਰੁਜ਼ਗਾਰ ਗਰੰਟੀ... ਪੰਜਾਬ ਦੇ ਸਮੁੱਚੇ ਪੇਂਡੂ ਅਤੇ ਸ਼ਹਿਰੀ ਗਰੀਬਾਂ ਅਤੇ ਮਜ਼ਦੂਰਾਂ ਦਾ ਏਜੰਡਾ ਹੈ।” ਇਸ ਲੇਖ ਵਿੱਚ ਅਸੀਂ ਸਿਰਫ “ਗਰੀਬਾਂ ਅਤੇ ਮਜ਼ਦੂਰਾਂ ਲਈ ਰਿਹਾਇਸ਼ ਲਈ ਜ਼ਮੀਨ” ਦੇ ਸਵਾਲ ’ਤੇ ਹੀ ਚਰਚਾ ਕਰਾਂਗੇ ਕਿਉਂਕਿ “ਗਰੀਬਾਂ ਅਤੇ ਮਜ਼ਦੂਰਾਂ ਲਈ ਗੁਜ਼ਾਰੇ ਲਈ ਰੁਜ਼ਗਾਰ ਦੀ ਗਰੰਟੀ” ਦੀ ਮੰਗ ਦਾ ਚਰਿੱਤਰ ਰਿਹਾਇਸ਼ ਲਈ ਜ਼ਮੀਨ ਤੋਂ ਬਿਲਕੁੱਲ ਵੱਖਰਾ ਹੈ। ਰਿਹਾਇਸ਼ ਲਈ ਜ਼ਮੀਨ ਅਤੇ ਗੁਜ਼ਾਰੇ ਲਈ ਰੁਜ਼ਗਾਰ ਦੀ ਗਰੰਟੀ ਪੰਜਾਬ ਹੀ ਕਿਉਂ ਪੂਰੇ ਦੇਸ਼ ਦੇ ਮਜ਼ਦੂਰਾਂ ਦਾ ਏਜੰਡਾ ਹੈ। ਦੇਸ਼ ਹੀ ਕਿਉਂ ਅੱਜ ਦੀ ਪੂੰਜੀਵਾਦੀ ਸੰਸਾਰ ਵਿੱਚ ਸਾਰੇ ਦੇਸ਼ਾਂ ਦੇ ਮਜ਼ਦੂਰਾਂ ਦਾ ਏਜੰਡਾ ਹੈ। ਮਜ਼ਦੂਰਾਂ ਲਈ ਰਿਹਾਇਸ਼ੀ ਘਰਾਂ ਦੀ ਕਮੀ ਦਾ ਜਨਮਦਾਤਾ ਹੀ ਦਰਅਸਲ ਪੂੰਜੀਵਾਦੀ ਢਾਂਚਾ ਹੈ। ਅਸਾਵਾਂ ਆਰਥਿਕ ਵਿਕਾਸ ਪੂੰਜੀਵਾਦੀ ਵਿਕਾਸ ਦਾ ਇੱਕ ਲਾਜ਼ਮੀ ਅੰਗ ਹੈ। ਇੱਕ ਪਾਸੇ ਸਨਅਤੀਕਰਨ ਦੀ ਬਦੌਲਤ ਵੱਡੇ ਵੱਡੇ ਆਧੁਨਿਕ

ਮਹਾਂਨਗਰ ਹੋਂਦ ਵਿੱਚ ਆਉਂਦੇ ਹਨ ਤਾਂ ਦੂਜੇ ਪਾਸੇ ਕਈ ਇਲਾਕੇ ਆਰਥਿਕ ਸੱਭਿਆਚਾਰਕ ਵਿਕਾਸ ਤੋਂ ਲਗਭਗ ਅਛੂਤੇ ਜਹਾਲਤ ਅਤੇ ਪੱਛੜੇਪਣ ਦੇ ਹਨ੍ਹੇਰੇ ਵਿੱਚ ਸੁੱਟ ਦਿੱਤੇ ਜਾਂਦੇ ਹਨ। ਸਨਅਤੀਕਰਨ, ਸ਼ਹਿਰੀਕਰਨ ਨੂੰ ਗਤੀ ਦਿੰਦਾ ਹੈ। ਕਰੋੜਾਂ ਕਰੋੜ ਲੋਕ ਪਿੰਡਾਂ 'ਚੋਂ ਉਜਾੜ ਕੇ ਸ਼ਹਿਰਾਂ ਵਿੱਚ ਸੁੱਟ ਦਿੱਤੇ ਜਾਂਦੇ ਹਨ। ਕੱਲ੍ਹ ਦੇ ਪੇਂਡੂ ਗਰੀਬ ਕਿਸਾਨ ਹੁਣ ਸਨਅਤੀ ਪੂੰਜੀਪਤੀਆਂ ਲਈ ਵਾਫ਼ਰ ਕਦਰ ਸਿਰਜਣ ਲਈ ਫੈਕਟਰੀਆਂ 'ਚ ਹੱਡ ਗਲ਼ਾਉਣ ਲਈ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ 'ਚ ਆ ਡੇਰਾ ਲਾਉਂਦੇ ਹਨ। ਇਸ ਤਰ੍ਹਾਂ ਸ਼ਹਿਰਾਂ 'ਚ ਆਬਾਦੀ ਵਧਣ ਨਾਲ਼ ਸ਼ਹਿਰਾਂ 'ਚ ਘਟੀਆਂ ਤੋਂ ਘਟੀਆਂ ਥਾਂਵਾ ਲਈ ਵੀ ਕਿਰਾਏਦਾਰ ਮਿਲ਼ ਜਾਂਦੇ ਹਨ। ਅੱਜ ਮੁੰਬਈ, ਦਿੱਲੀ ਵਰਗੇ ਅਨੇਕਾਂ ਮਹਾਂਨਗਰਾਂ ਦੀ ਲਗਭਗ ਅੱਧੀ ਅਬਾਦੀ ਕਿਰਾਏਦਾਰਾਂ ਦੀ ਹੈ। ਇਸ ਵਿੱਚ ਸ਼ਹਿਰਾਂ ਵਿੱਚ ਖਾਲੀ ਪਈਆਂ ਥਾਂਵਾ 'ਤੇ 'ਨਾਜਾਇਜ਼' ਕਬਜ਼ੇ ਕਰਕੇ ਝੁੱਗੀਆਂ ਬਣਾ ਕੇ ਰਹਿਣ ਵਾਲ਼ੀ ਬਹੁਤ ਵੱਡੀ ਗਰੀਬ ਅਬਾਦੀ ਸ਼ਾਮਿਲ ਨਹੀਂ ਹੈ ਕਿਉਂਕਿ ਇਹ ਅਬਾਦੀ ਕਿਰਾਏਦਾਰਾਂ 'ਚ ਸ਼ੁਮਾਰ ਨਹੀਂ ਹੁੰਦੀ। ਲੁਧਿਆਣੇ ਵਰਗੇ ਸਨਅਤੀ ਮਹਾਂਨਗਰਾਂ 'ਚ ਮੁਰਗੀਖਾਨਿਆਂ ਦੀ ਤਰਜ਼ 'ਤੇ ਬਣੇ ਗੰਦੇ ਵਿਹੜਿਆਂ ਦੇ ਇੱਕ-ਇੱਕ ਕਮਰੇ ਵਿੱਚ ਚਾਰ-ਚਾਰ, ਪੰਜ-ਪੰਜ ਮਜ਼ਦੂਰ ਤੂਸੜੇ ਪਏ ਹਨ। ਸ਼ਹਿਰ ਦਾ ਕੋਈ ਫਲਾਈਓਵਰ ਅਜਿਹਾ ਨਹੀਂ ਮਿਲ਼ੇਗਾ ਜਿਸ ਹੇਠਾਂ ਝੁੱਗੀਆਂ ਦੀ ਭਰਮਾਰ ਨਾ ਹੋਵੇ। ਝੁੱਗੀਆਂ ਵਾਲ਼ੇ ਇਲਾਕੇ ਇੱਥੇ ਨਿੱਤ ਖੁੰਭਾਂ ਵਾਂਗ ਉੱਗਦੇ ਰਹਿੰਦੇ ਹਨ। ਇਸ ਤੋਂ ਇਲਾਵਾ ਇੱਥੇ ਇੱਕ ਬਹੁਤ ਵੱਡੀ ਅਬਾਦੀ ਉਹਨਾਂ ਬੇਘਰਿਆਂ ਦੀ ਹੈ, ਜਿਹਨਾਂ ਕੋਲ਼ ਰਹਿਣ ਲਈ ਕਿਰਾਏ ਦਾ ਕਮਰਾ ਵੀ ਨਹੀਂ ਹੈ। ਫੁੱਟਪਾਥ, ਪਾਰਕ ਅਤੇ ਰਿਕਸ਼ੇ ਹੀ ਇਹਨਾਂ ਦਾ ਰੈਣ ਬਸੇਰਾ ਹੁੰਦੇ ਹਨ। ਇੱਕ ਅੰਦਾਜੇ ਮੁਤਾਬਕ ਸਿਰਫ ਦਿੱਲੀ ਵਿੱਚ ਹੀ ਡੇਢ ਲੱਖ ਲੋਕ ਬੇਘਰੇ ਹਨ (ਹਿੰਦੋਸਤਾਨ ਟਾਈਮਜ਼ 9 ਜਨਵਰੀ 2010)। ਇਹੋ ਹਾਲਤ ਦੇਸ਼ ਦੇ ਹੋਰ ਮਹਾਂਨਗਰਾਂ ਦੀ ਹੈ। ਇਹੋ ਹਾਲਤ ਤੀਜੀ ਦੁਨੀਆ ਦੇ ਸਾਰੇ ਗਰੀਬ ਮੁਲਕਾਂ ਦੇ ਮਹਾਂਨਗਰਾਂ ਦੀ ਹੈ। ਅਤੇ ਥੋੜ੍ਹੇ ਫ਼ਰਕ ਨਾਲ਼ ਇਹੋ ਹਾਲਤ ਪੂੰਜੀਵਾਦੀ 'ਸਵਰਗ' ਯਾਨੀ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਮਹਾਂਨਗਰਾਂ ਦੀ ਹੈ। ਇਹ ਸਮੱਸਿਆ ਓਨੀ ਹੀ ਪੁਰਾਣੀ ਹੈ ਜਿੰਨਾ ਕਿ ਪੂੰਜੀਵਾਦ।

ਭਾਰਤ ਵਰਗੇ ਘੱਟ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿੱਚ ਜਿੱਥੇ ਅਜੇ ਵੀ ਪੇਂਡੂ ਅਬਾਦੀ ਦੀ ਬਹੁਤਾਤ ਹੈ, ਉੱਥੇ ਪੇਂਡੂ ਇਲਾਕਿਆਂ ਵਿੱਚ ਪੇਂਡੂ ਗਰੀਬਾਂ ਅਤੇ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਦੂਸਰੇ ਰੂਪ 'ਚ ਸਾਹਮਣੇ ਆਉਂਦੀ ਹੈ। ਪੰਜਾਬ ਦੇ ਮਾਲਵੇ ਦੇ ਪਿੰਡਾਂ ਵਿੱਚ ਪੇਂਡੂ ਮਜ਼ਦੂਰ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਦਾ ਵਰਣਨ ਲਿਬਰੇਸ਼ਨ ਦੀ ਅਗਵਾਈ 'ਚ ਚੱਲਣ ਵਾਲ਼ਾ ਮਜ਼ਦੂਰ ਮੁਕਤੀ ਮੋਰਚਾ ਇਸ ਤਰ੍ਹਾਂ ਕਰਦਾ ਹੈ, "ਪੇਂਡੂ ਮਜ਼ਦੂਰਾਂ ਦੀ ਭਾਰੀ ਬਹੁਗਿਣਤੀ ਕੋਲ਼ ਰਿਹਾਇਸ਼ ਦੇ ਨਾਂ 'ਤੇ ਅੱਜ ਵੀ ਉਹੀ ਜ਼ਮੀਨ ਹੈ, ਜੋ 1958-60 ਵਿੱਚ ਹੋਈ ਮੁਰੱਬੇਬੰਦੀ ਵੇਲ਼ੇ ਪਿੰਡਾਂ 'ਚ ਲਾਲ ਲਕੀਰ ਦੇ ਅੰਦਰ ਉਹਨਾਂ ਦੇ ਬਜ਼ੁਰਗਾਂ ਕੋਲ਼ ਸੀ। ...ਪਿਛਲੇ 50 ਸਾਲਾਂ 'ਚ ਸਾਡੀਆਂ (ਪੇਂਡੂ ਮਜ਼ਦੂਰਾਂ ਦੀਆਂ—ਲੇਖਕ) ਤਿੰਨ ਚਾਰ ਪੀੜ੍ਹੀਆਂ ਬਾਲਗ ਹੋ ਕੇ ਇੱਕ ਤੋਂ ਕਈ ਪਰਿਵਾਰ ਬਣ ਚੁੱਕੇ ਹਨ। ਖੇਤੀ ਕੰਮਾਂ ਦਾ ਮਸ਼ੀਨੀਕਰਨ ਹੋ ਜਾਣ ਕਰਕੇ ਨਾ ਤਾਂ ਸਾਨੂੰ ਪਿੰਡਾਂ ਵਿੱਚ ਗੁਜ਼ਾਰੇ ਜੋਗਾ ਕੰਮ ਮਿਲ਼ ਰਿਹਾ ਹੈ

ਨਾ ਹੀ ਜ਼ਿਲ੍ਹੇ (ਮਾਨਸਾ) ਵਿੱਚ ਕੋਈ ਫੈਕਟਰੀ ਲਾਈ ਗਈ ਹੈ...। ਜ਼ਮੀਨ ਦੇ ਰੇਟ ਸ਼ਹਿਰਾਂ ਵਾਂਗ ਪਿੰਡਾਂ ਵਿੱਚ ਵੀ ਅਸਮਾਨੀ ਚੜ੍ਹੇ ਹੋਏ ਹਨ। ...ਜਿਸ ਕਰਕੇ ਅਸੀਂ ਅਕਸਰ ਇੱਕ ਨਿੱਕੇ ਜਿਹੇ ਕਮਰੇ ਵਿੱਚ ਪੂਰਾ-ਪੂਰਾ ਟੱਬਰ ਜਿਵੇਂ ਕਿਵੇਂ ਦਿਨ ਕਟੀ ਕਰਨ ਲਈ ਮਜਬੂਰ ਹਾਂ। ਸਾਡੇ ਵਿੱਚੋਂ ਬਹੁਤਿਆਂ ਕੋਲ਼ ਤਾਂ ਰੋਟੀ ਪਕਾਉਣ ਲਈ ਵੀ ਕੋਈ ਵੱਖਰੀ ਥਾਂ ਨਹੀਂ ਹੈ ਅਤੇ ਨਾ ਹੀ ਨਾਉਣ-ਧੋਣ, ਡੰਗਰ ਬੰਨ੍ਹਣ, ਲੱਕੜ ਬਾਲਣ ਰੱਖਣ, ਰੂੜੀ ਲਾਉਣ ਜਾਂ ਜੰਗਲ-ਪਾਣੀ ਜਾਣ ਲਈ ਵੀ ਕੋਈ ਜਗ੍ਹਾ ਹੈ।" ('ਲੋਕ ਮੋਰਚਾ' ਨਵੰਬਰ 2009, ਪੰਨਾ-25)

ਲਗਭਗ ਇਹੋ ਹਾਲਤ ਦੇਸ਼ ਦੇ ਹੋਰ ਪੇਂਡੂ ਇਲਾਕਿਆਂ ਦੀ ਹੈ। ਇਹ ਹੈ ਪੂੰਜੀਵਾਦੀ ਢਾਂਚੇ ਅੰਦਰ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਦਾ ਵਿਰਾਟ ਰੂਪ। ਤਾਂ ਫਿਰ ਇਸ ਸਮੱਸਿਆ ਦਾ ਹੱਲ ਕੀ ਹੈ ? ਸੀ. ਪੀ. ਆਈ. (ਐੱਮ. ਐੱਲ) ਲਿਬਰੇਸ਼ਨ ਇਸ ਦਾ ਹੱਲ ਪੇਂਡੂ ਅਤੇ ਸ਼ਹਿਰੀ ਗਰੀਬਾਂ ਨੂੰ ਜ਼ਮੀਨਾਂ ਦੀ ਵੰਡ ਕਰਕੇ ਕਰਨਾ ਚਾਹੁੰਦੀ ਹੈ। ਜੇ ਗੱਲ ਸਿਰਫ਼ ਲਿਬਰੇਸ਼ਨ ਦੀ ਹੀ ਹੁੰਦੀ ਤਾਂ ਅਸੀਂ ਇਸ ਦਾ ਨੋਟਿਸ ਨਹੀਂ ਲੈਣਾ ਸੀ। ਕਿਉਂਕਿ ਲੋਕ ਲੁਭਾਊ ਨਾਹਰੇ ਸੋਧਵਾਦੀ, ਸੰਸਦਮਾਰਗੀ ਰਾਜਨੀਤੀ ਦਾ ਇੱਕ ਅੰਗ ਹੁੰਦੇ ਹਨ। ਨਕਸਲਬਾੜੀ ਲਹਿਰ ਦੀ ਪੈਦਾਵਰ ਇਹ ਪਾਰਟੀ 70ਵਿਆਂ ਦੇ ਅੰਤ ਤੱਕ ਖੱਬੀ ਮਾਅਰਕੇਬਾਜ਼ੀ ਦਾ ਸ਼ਿਕਾਰ ਰਹੀ। 80ਵਿਆਂ ਦੇ ਸ਼ੁਰੂ 'ਚ ਇਸ ਨੇ ਸੰਸਦੀ ਰਾਜਨੀਤੀ ਵੱਲ ਅਜਿਹਾ ਮੋੜ ਕੱਟਿਆ ਕਿ ਹੁਣ ਇਹ ਪਾਰਟੀ ਪੂਰੀ ਤਰ੍ਹਾਂ ਸੰਸਦਵਾਦ ਦੀ ਪਟੜੀ 'ਤੇ ਚੜ੍ਹ ਚੁੱਕੀ ਹੈ। ਅਤੇ ਜਿਸ ਪਾਰਟੀ ਨਾਲ਼ ਸਾਡੇ ਵਿਚਾਰਧਾਰਾ ਸਮੇਤ ਹੋਰ ਅਨੇਕਾਂ ਬੁਨਿਆਦੀ ਸਵਾਲਾਂ 'ਤੇ ਮੱਤਭੇਦ ਹੋਣ ਉਸ ਪਾਰਟੀ ਨਾਲ਼ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਬਾਰੇ ਪਹੁੰਚ 'ਤੇ ਬਹਿਸ ਚਲਾਉਣ ਦੀ ਕੋਈ ਤੁਕ ਨਹੀਂ ਬਣਦੀ। ਪਰ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਾਵਲ ਦਾ ਉਹਨਾਂ 'ਚ ਰਿਹਾਇਸ਼ ਲਈ ਜ਼ਮੀਨਾਂ ਵੰਡ ਕੇ ਹੱਲ ਕਰਨ ਦੀ ਪਹੁੰਚ ਸਿਰਫ਼ ਲਿਬਰੇਸ਼ਨ ਦੀ ਹੀ ਨਹੀਂ ਹੈ। ਮਾਨਸਾ ਜ਼ਿਲ੍ਹੇ ਅਤੇ ਹੋਰ ਥਾਂਵਾ 'ਤੇ ਲਿਬਰੇਸ਼ਨ ਦੀ ਅਗਵਾਈ ਮਜ਼ਦੂਰਾਂ ਵੱਲੋਂ ਪੰਚਾਇਤੀ ਜ਼ਮੀਨਾਂ 'ਤੇ ਕਬਜ਼ੇ ਲਈ ਜੋ ਸੰਘਰਸ਼ ਹੋਇਆ, ਉਸ ਨੂੰ ਲੈ ਕੇ ਲਿਬਰੇਸ਼ਨ ਅਤੇ ਲਾਲ ਪਰਚਮ ਧਿਰ 'ਚ ਵਾਦ-ਵਿਵਾਦ ਵੀ ਚੱਲਿਆ। ਪਰਚਮ ਧਿਰ ਦਾ ਗਿਲਾ ਬੱਸ ਇਹ ਸੀ ਕਿ ਇਹ ਸੰਘਰਸ਼ ਵੱਖ ਇਨਕਲਾਬੀ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਕਿਉਂ ਨਹੀਂ ਲੜਿਆ ਜਾ ਸਕਿਆ, ਜਦ ਕਿ ਇਸ ਸੰਘਰਸ਼ ਦੀ ਮੂਲ ਮੰਗ ਮਜ਼ਦੂਰਾਂ ਦੀ ਰਿਹਾਇਸ਼ ਲਈ ਜ਼ਮੀਨ ਦੀ ਮੰਗ 'ਤੇ ਦੋਵਾਂ ਧਿਰਾਂ ਦਰਮਿਆਨ ਪੂਰਨ ਸਹਿਮਤੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸਮੁੱਚੀ ਖੱਬੀ ਲਹਿਰ, ਇਨਕਲਾਬੀ ਕਾਡਰਾਂ ਅਤੇ ਇਨਕਲਾਬੀ ਲਹਿਰ ਦੇ ਹਮਦਰਦ ਖੱਬੇ ਪੱਖੀ ਬੁੱਧੀਜੀਵੀਆਂ 'ਚ ਇਸ ਸਵਾਲ 'ਤੇ ਵਿਆਪਕ ਭਰਮ ਭੁਲੇਖੇ ਪਾਏ ਜਾ ਰਹੇ ਹਨ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਸਵਾਲ 'ਤੇ ਮਾਰਕਸਵਾਦੀ ਪਹੁੰਚ ਸਪੱਸ਼ਟ ਕੀਤੀ ਜਾਵੇ।

## ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦਾ ਸਵਾਲ ਅਤੇ ਮਾਰਕਸਵਾਦ

ਮਾਰਕਸਵਾਦ ਆਪਣੇ ਜਨਮ ਤੋਂ ਹੀ ਬੁਰਜੂਆ, ਨਿੱਕ-ਬੁਰਜੂਆ ਵਿਚਾਰਧਾਰਾਵਾਂ

ਨਾਲ਼ ਟੱਕਰ ਲੈ ਕੇ ਹੀ ਵਿਕਸਿਤ ਹੋਇਆ ਹੈ। ਸ਼ੁਰੂ ਤੋਂ ਹੀ ਮਾਰਕਸਵਾਦ ਨੂੰ ਅੰਦਰੋਂ ਬਾਹਰੋਂ ਲਗਾਤਾਰ ਹਮਲਿਆ ਦਾ ਸਾਹਮਣਾ ਕਰਨਾ ਪਿਆ ਹੈ। ਮਾਰਕਸਵਾਦ ਨੇ ਹਰ ਵਾਰ ਇਹਨਾਂ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਪਿਛਲੇ ਲਗਭਗ 150 ਸਾਲ ਦੇ ਸਮੇਂ ਦੌਰਾਨ ਮਜ਼ਦੂਰ ਲਹਿਰ ਦਾ ਰਾਹ ਰੁਸ਼ਨਾਉਂਦੇ ਹੋਏ ਅਤੇ ਵਿਰੋਧੀ ਵਿਚਾਰਧਾਰਾਵਾਂ ਨਾਲ਼ ਲਗਾਤਾਰ ਲੋਹਾ ਲੈਂਦੇ ਹੋਏ ਅੱਜ ਮਜ਼ਦੂਰ ਮੁਕਤੀ ਦਾ ਇਹ ਵਿਗਿਆਨ ਮਾਰਕਸਵਾਦ–ਲੈਨਿਨਵਾਦ–ਮਾਓਵਾਦ ਦੇ ਰੂਪ ਵਿੱਚ ਵਿਕਸਿਤ ਹੋ ਚੁੱਕਾ ਹੈ।

ਜਦੋਂ ਬੁਰਜੂਆਜ਼ੀ ਮਾਰਕਸਵਾਦ ਨਾਲ਼ ਸਿੱਧੀ ਟੱਕਰ ਵਿੱਚ ਹਾਰ ਗਈ ਤਾਂ ਉਸ ਨੇ ਮਜ਼ਦੂਰ ਲਹਿਰ 'ਚ ਹੀ ਆਪਣੇ ਏਜੰਟ ਭਾਲਣੇ ਸ਼ੁਰੂ ਕੀਤੇ। ਫ਼ਰੈਡਰਿਕ ਏਂਗਲਜ਼ ਦੀ 1896 ਵਿੱਚ ਮੌਤ ਤੋਂ ਬਾਅਦ ਬਰਨਸਟੀਨ ਪਹਿਲੇ ਅਜਿਹੇ ਏਜੰਟ ਦੇ ਰੂਪ ਵਿੱਚ ਸਾਹਮਣੇ ਆਇਆ। ਉਸ ਨੇ ਬਦਲੀਆਂ ਹਾਲਤਾਂ ਦੀ ਦੁਹਾਈ ਦੇ ਕੇ ਮਾਰਕਸਵਾਦ ਨੂੰ ਸੋਧਣ ਦਾ ਨਾਹਰਾ ਬੁਲੰਦ ਕੀਤਾ। ਇਸ ਸੋਧ ਦਾ ਮਤਲਬ ਸੀ ਮਾਰਕਸਵਾਦ ਦੇ ਇਨਕਲਾਬੀ ਤੱਤ ਨੂੰ ਖਤਮ ਕਰਕੇ ਉਸ ਨੂੰ ਬੁਰਜੂਆਜ਼ੀ ਦੇ ਹਿੱਤਾਂ ਦੇ ਅਨੁਕੂਲ ਢਾਲਣਾ। ਇਸ ਤਰ੍ਹਾਂ ਮਜ਼ਦੂਰ ਲਹਿਰ ਵਿੱਚ ਸੋਧਵਾਦ ਦਾ ਜਨਮ ਹੋਇਆ। ਵਿਕਸਿਤ ਪੂੰਜੀਵਾਦੀ ਦੇਸ਼ਾਂ ਜਿਹਨਾਂ ਵਿੱਚੋਂ ਕਈ ਹੁਣ ਆਪਣੇ ਸਰਵਉੱਚ ਪੜਾਅ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਹੋ ਰਹੇ ਸਨ, ਇਹਨਾਂ ਬਦਲੀਆਂ ਪਦਾਰਥਕ ਹਾਲਤਾਂ ਨੇ ਵੀ ਸੋਧਵਾਦ ਦੇ ਪਨਪਣ 'ਚ ਭੂਮਿਕਾ ਨਿਭਾਈ। ਮਜ਼ਦੂਰ ਲਹਿਰ ਵਿੱਚ ਸੋਧਵਾਦ ਦੇ ਜਨਮ ਤੋਂ ਹੀ ਮਾਰਕਸਵਾਦ ਅਤੇ ਸੋਧਵਾਦ ਦਰਮਿਆਨ ਮਜ਼ਦੂਰ ਲਹਿਰ ਦੇ ਹਰ ਅਮਲੀ ਕਦਮ 'ਤੇ ਟਕਰਾਅ ਚੱਲਿਆ ਆ ਰਿਹਾ ਹੈ।

ਜਿਹੜੇ ਦੇਸ਼ ਅਜੇ ਨਵੇਂ–ਨਵੇਂ ਪੂੰਜੀਵਾਦੀ ਵਿਕਾਸ ਦੇ ਰਾਹ ਪਏ ਸਨ, ਉੱਥੇ ਛੋਟੇ ਮਾਲਕਾਂ (ਨਿੱਕ ਬੁਰਜੂਆ) ਦੀ ਭਰਮਾਰ ਸੀ। ਇਹਨਾਂ ਦੇਸ਼ਾਂ ਵਿੱਚ (ਮਾਰਕਸ–ਏਂਗਲਜ਼ ਦੇ ਸਮੇਂ ਜਰਮਨੀ ਅਤੇ ਫ਼ਰਾਂਸ) ਛੋਟੇ ਮਾਲਕਾਂ ਦੇ ਪੈਂਤੜੇ ਤੋਂ ਪੂੰਜੀਵਾਦ ਦੀ ਅਲੋਚਨਾ ਦੇ ਰੂਪ ਵਿੱਚ ਨਿੱਕ ਬੁਰਜੂਆ ਸਮਾਜਵਾਦ ਹੋਂਦ ਵਿੱਚ ਆਇਆ। ਮਜ਼ਦੂਰ ਲਹਿਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਨਿੱਕ ਬੁਰਜੂਆ ਸਮਾਜਵਾਦ ਨੀਮ ਹਕੀਮੀ ਅਤੇ ਪਿਛਾਂਹ–ਖਿੱਚੂ ਨੁਸਖੇ ਪੇਸ਼ ਕਰਨ ਲੱਗਾ। ਰੂਸ ਵਿੱਚ ਇਹ ਰੁਝਾਨ ਨਰੋਦਵਾਦ ਦੇ ਰੂਪ 'ਚ ਸਾਹਮਣੇ ਆਇਆ। ਅੱਜ ਦੁਨੀਆਂ ਵਿੱਚ ਘੱਟ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿੱਚ ਇਸ ਰੁਝਾਨ ਦੀ ਠੀਕ ਠਾਕ ਹੋਂਦ ਹੈ। ਸ਼ੁਰੂ ਤੋਂ ਹੀ ਮਾਰਕਸਵਾਦ ਨੂੰ ਨਿੱਕ ਬੁਰਜੂਆ ਸਮਾਜਵਾਦ ਦੇ ਨੀਮ ਹਕੀਮੀ ਅਤੇ ਪਿਛਾਂਹ–ਖਿੱਚੂ ਪ੍ਰੋਗਰਾਮਾਂ ਵਿਰੁੱਧ ਜ਼ਬਰਦਸਤ ਸੰਘਰਸ਼ ਕਰਨਾ ਪਿਆ।

ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਉੱਪਰ ਵੀ ਨਿੱਕ ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ ਪਰੂਧੋਂ ਅਤੇ ਉਸ ਦੇ ਜਰਮਨ ਚੇਲੇ ਮੂਲਬਰਗਰ ਦਾ ਨੀਮ ਹਕੀਮੀ ਅਤੇ ਪਿਛਾਂਹਖਿੱਚੂ ਪ੍ਰੋਗਰਾਮ ਸਾਹਮਣੇ ਆਇਆ। ਬੁਰਜੂਆ ਸਮਾਜਵਾਦ ਅਤੇ ਨਿੱਕ ਬੁਰਜੂਆ ਸਮਾਜਵਾਦ ਵੱਲੋਂ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ 'ਤੇ ਪੇਸ਼ ਪ੍ਰੋਗਰਾਮ ਦੀ ਧੱਜੀਆਂ ਉਡਾਉਣ ਦਾ ਕਾਰਜ ਸੰਸਾਰ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕ ਫ਼ਰੈਡਰਿਕ ਏਂਗਲਜ਼ ਦੇ ਹਿੱਸੇ ਆਇਆ। ਇਹ ਕਾਰਜ ਉਹਨਾਂ ਆਪਣੀ ਪ੍ਰਸਿੱਧ ਪੁਸਤਕ '**ਰਿਹਾਇਸ਼ੀ ਘਰਾਂ ਦਾ**

**ਸਵਾਲ’** (ਜਲਦ ਹੀ ਇਹ ਪੁਸਤਕ ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਲੁਧਿਆਣਾ ਵੱਲੋਂ ਪੰਜਾਬੀ ਵਿੱਚ ਮੁੜ ਪ੍ਰਕਾਸ਼ਤ ਕੀਤੀ ਜਾ ਰਹੀ ਹੈ) ਵਿੱਚ ਨੇਪਰੇ ਚਾੜ੍ਹਿਆ।

ਇਹ ਲੇਖ ਲਿਖਣ ਲਈ ਅਸੀਂ ਫ਼ਰੈਡਰਿਕ ਏਂਗਲਜ਼ ਦੀ ਇਸੇ ਪੁਸਤਕ ਨੂੰ ਅਧਾਰ ਬਣਾ ਰਹੇ ਹਾਂ। ਇਸ ਪੁਸਤਕ ਵਿੱਚ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਉੱਪਰ ਨਿੱਕ ਬੁਰਜੂਆ ਸਮਾਜਵਾਦੀ ਪਰੂਧੋਂ ਅਤੇ ਉਸ ਦੇ ਜਰਮਨ ਚੇਲੇ ਮੂਲਬਰਗਰ ਅਤੇ ਬੁਰਜੂਆ ਸਮਾਜਵਾਦੀ ਸ਼੍ਰੀ ਸਾਕਸ ਦੇ ਵਿਚਾਰਾਂ ਦੀ ਅਲੋਚਨਾ ਹੈ ਅਤੇ ਨਾਲ਼ ਹੀ ਫ਼ਰੈਡਰਿਕ ਏਂਗਲਜ਼ ਇਹ ਵੀ ਦੱਸਦੇ ਹਨ ਕਿ ਮਜ਼ਦੂਰ ਜਮਾਤ ਰਿਹਾਇਸ਼ੀ ਘਰਾਂ ਦੇ ਸਵਾਲ ਨੂੰ ਕਿਵੇਂ ਸੁਲਝਾਏਗੀ। ਬੁਰਜੂਆ ਸਮਾਜਵਾਦ ਅਤੇ ਨਿੱਕ ਬੁਰਜੂਆ ਸਮਾਜਵਾਦ ਦੇ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ’ਤੇ ਵਿਚਾਰਾਂ ਦਾ ਸਾਰਤੱਤ ਇਹ ਹੈ ਕਿ ਮਜ਼ਦੂਰਾਂ ਕੋਲ਼ ਰਹਿਣ ਲਈ ਆਪਣਾ ਘਰ ਹੋਣਾ ਚਾਹੀਦਾ ਹੈ ਜਾਂ ਉਹਨਾਂ ਨੂੰ ਘਰਾਂ ਦੇ ਮਾਲਕ ਬਣਾਇਆ ਜਾਣਾ ਚਾਹੀਦਾ ਹੈ। ਮੌਜੂਦਾ ਪੂੰਜੀਵਾਦੀ ਢਾਂਚੇ ਅਧੀਨ ਮਜ਼ਦੂਰਾਂ ਨੂੰ ਘਰਾਂ ਦੇ ਮਾਲਕ ਬਣਾਉਣ ਦਾ ਪੈਂਤਰਾਂ ਫ਼ਰੈਡਰਿਕ ਏਂਗਲਜ਼ ਮੁਤਾਬਕ ਪਿਛਾਂਹਖਿੱਚੂ, ਮੂਰਖਤਾਪੂਰਨ ਅਤੇ ਨਾਮੁਮਕਿਨ ਹੈ।

ਫ਼ਰੈਡਰਿਕ ਏਂਗਲਜ਼ ਲਿਖਦੇ ਹਨ, *“ਜਰਮਨੀ ਵਿੱਚ ਅੱਜ ਤੱਕ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਦੀ ਤਕੜੀ ਪ੍ਰਤੀਨਿਧਤਾ ਰਹੀ ਹੈ। ਇੱਕ ਪਾਸੇ ਤਾਂ ਕਾਥੇਡਰ ਸੋਸ਼ਲਿਸਟ ਅਤੇ ਸਭਨਾਂ ਕਿਸਮਾਂ ਦੇ ਪਰਉਪਕਾਰੀ ਹਨ, ਜਿਹਨਾਂ ਦੀ ਇਹ ਖਾਹਿਸ਼ ਕਿ ਮਜ਼ਦੂਰਾਂ ਨੂੰ ਉਹਨਾਂ ਦੇ ਰਿਹਾਇਸ਼ੀ ਘਰਾਂ ਦੇ ਮਾਲਕ ਬਣਾਇਆ ਜਾਵੇ ਅਜੇ ਤੱਕ ਵੱਡਾ ਰੋਲ਼ ਅਦਾ ਕਰ ਰਹੀ ਹੈ ਅਤੇ ਜਿਹਨਾਂ ਵਿਰੁੱਧ, ਇਸ ਲਈ ਮੇਰੀ ਰਚਨਾ ਅਜੇ ਵੀ ਢੁੱਕਵੀਂ ਹੈ”।* (ਉਪਰੋਕਤ ਪੰਨਾ 298) ਅਤੇ ਭਾਰਤ ਵਿੱਚ ਵੀ ਅਜੇ ਨਿੱਕ ਬੁਰਜੂਆ ਸਮਾਜਵਾਦ ਦੀ ਤਕੜੀ ਪ੍ਰਤੀਨਿਧਤਾ ਹੈ। ਇੱਥੇ ਵੀ ਲਿਬਰੇਸ਼ਨ ਅਤੇ ਹੋਰਾਂ ਦੀ ਕਮੀ ਨਹੀਂ ਜੋ ਮਜ਼ਦੂਰਾਂ ਨੂੰ ਉਹਨਾਂ ਦੇ ਰਿਹਾਇਸ਼ੀ ਘਰਾਂ ਦੇ ਮਾਲਕ ਬਣਾਉਣ ਦੀਆਂ ਕੋਸ਼ਿਸ਼ਾਂ ’ਚ ਹਨ। ਲਿਬਰੇਸ਼ਨ ਵੱਲੋਂ ਪਿਛਲੇ ਦਿਨੀਂ ਮਾਲਵੇ ਦੇ ਕੁੱਝ ਖਿੱਤਿਆਂ ’ਚ ਲੜਿਆ ਸੰਘਰਸ਼ ਵੀ ਇਹਨਾਂ ਹੀ ਕੋਸ਼ਿਸ਼ਾਂ ਦੀ ਕੜੀ ਸੀ। ਇਸ ਲਈ ਇਹਨਾਂ ਵਿਰੁੱਧ ਫ਼ਰੈਡਰਿਕ ਏਂਗਲਜ਼ ਦੀ *“ਰਚਨਾ ਅਜੇ ਵੀ ਢੁਕਵੀਂ ਹੈ”।*

ਪਰੂਧੋਂਵਾਦੀ ਮੂਲਬਰਗਰ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਦੀ ਪੇਸ਼ਕਾਰੀ ਇਸ ਤਰ੍ਹਾਂ ਕਰਦਾ ਹੈ, *“ਅਸੀਂ ਇਹ ਗੱਲ ਆਖਣ ਤੋਂ ਨਹੀਂ ਝਿਜਕਦੇ ਕਿ ਸਾਡੀ ਸਤਿਕਾਰੀ ਸਦੀ ਦੇ ਸਮੁੱਚੇ ਸੱਭਿਆਚਾਰ ਦੀ ਇਸ ਤੱਥ ਨਾਲ਼ੋਂ ਵੱਧ ਭਿਆਨਕ ਹਾਸੋਹੀਣਤਾ ਹੋਰ ਕੋਈ ਨਹੀਂ ਕਿ ਵੱਡੇ ਸ਼ਹਿਰਾਂ ਵਿੱਚ 90 ਫੀਸਦੀ ਜਾਂ ਇਸ ਤੋਂ ਵੀ ਵੱਧ ਵਸੋਂ ਕੋਲ਼ ਅਜਿਹੀ ਕੋਈ ਥਾਂ ਨਹੀਂ ਜੀਹਨੂੰ ਉਹ ਆਪਣੀ ਆਖ ਸਕਣ। ...ਇਸ ਪੱਖ ਤੋਂ ਅਸੀਂ ਵਹਿਸ਼ੀਆਂ ਤੋਂ ਕਿੰਨੇ ਨੀਵੇਂ ਹਾਂ। ਗੁਫ਼ਾ ਵਿੱਚ ਰਹਿਣ ਵਾਲ਼ੇ ਕੋਲ਼ ਆਪਣੀ ਗੁਫ਼ਾ ਹੈ। ਆਸਟ੍ਰੇਲੀਆਈ ਕੋਲ਼ ਆਪਣਾ ਕੱਚਾ ਕੋਠਾ ਹੈ, ਇੰਡੀਅਨ ਕੋਲ਼ ਆਪਣਾ ਘਰਬਾਰ ਹੈ, ਪਰ ਆਧੁਨਿਕ ਪ੍ਰੋਲੇਤਾਰੀ ਹਵਾ ਵਿੱਚ ਲਟਕ ਰਿਹਾ ਹੈ”।* (ਉਪਰੋਕਤ ਪੰਨਾ 310-311) ਫ਼ਰੈਡਰਿਕ ਏਂਗਲਜ਼ ਇਸ ਉੱਪਰ ਟਿੱਪਣੀ ਕਰਦੇ ਹਨ, *“ਇਸ ਕੀਰਨੇ ਵਿੱਚ ਸਾਨੂੰ ਪਰੂਧੋਂਵਾਦ ਦਾ ਸਮੁੱਚਾ ਪਿਛਾਖੜੀ*

*ਚਿਹਰਾ ਦਿਖਾਈ ਦਿੰਦਾ ਹੈ”।*(ਉਪਰੋਕਤ ਪੰਨਾ 311)

ਸਾਡੇ ਇੱਥੇ ਵੀ ਮਜ਼ਦੂਰਾਂ ਦੇ ਬੇਜ਼ਮੀਨੇ ਹੋਣ ’ਤੇ ਉਹਨਾਂ ਦੇ ਬੇਘਰੇ ਹੋਣ ’ਤੇ ਇਸੇ ਤਰ੍ਹਾਂ ਦੇ ਕੀਰਨੇ ਸੁਣੇ ਜਾ ਸਕਦੇ ਹਨ। ਇਹ ਕੀਰਨੇ ਨਾ ਸਿਰਫ ਸਾਡੇ ਦੇਸ਼ ਦੇ ਨਿੱਕ ਬੁਰਜੂਆ ਸਮਾਜਵਾਦੀਆਂ ਦੀਆਂ ਸਿਆਸੀ ਲਿਖਤਾਂ ਸਗੋਂ ਗੀਤਾਂ, ਕਵਿਤਾਵਾਂ ਵਿੱਚ ਵੀ ਸੁਣੇ ਜਾ ਸਕਦੇ ਹਨ।

ਨਿੱਕ ਬੁਰਜੂਆ ਸਮਾਜਵਾਦ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦਾ ਹੱਲ ਕਿਵੇਂ ਕਰਦਾ ਹੈ। *“ਕਿਰਾਏ ਦੇ ਘਰਾਂ ਦਾ ਖ਼ਾਤਮਾ ਇੱਕ ਲੋੜ ਵਜੋਂ ਐਲਾਨਿਆ ਜਾਂਦਾ ਹੈ ਅਤੇ ਇਹ ਇਸ ਮੰਗ ਵਿੱਚ ਲਪੇਟ ਕੇ ਪੇਸ਼ ਕੀਤਾ ਜਾਂਦਾ ਹੈ ਕਿ ਹਰ ਕਿਰਾਏਦਾਰ ਨੂੰ ਉਸਦੇ ਘਰ ਦਾ ਮਾਲਕ ਬਣਾ ਦਿੱਤਾ ਜਾਵੇ”।* (ਫ਼ਰੈਡਰਿਕ ਏਂਗਲਜ਼ ਉਪਰੋਕਤ ਪੰਨਾ 314) ਪਰੂਧੋਂਵਾਦੀ ਮੂਲਬਰਗਰ ਦੇ ਸ਼ਬਦਾਂ ਵਿੱਚ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਇਸ ਪ੍ਰਕਾਰ ਹੱਲ ਕੀਤੀ ਜਾਵੇਗੀ, “ਕਿਰਾਏ ਉੱਤੇ ਦਿੱਤੇ ਘਰਾਂ ਦਾ ਮੁੱਲ ਤਾਰ ਦਿੱਤਾ ਜਾਵੇਗਾ...ਸਮਾਜ...ਇਸ ਤਰ੍ਹਾਂ ਆਪਣੇ ਆਪ ਨੂੰ ਰਿਹਾਇਸ਼ੀ ਮਕਾਨਾਂ ਦੇ ਸੁਤੰਤਰ ਤੇ ਸੁਆਧੀਨ ਮਾਲਕਾਂ ਦੇ ਕੁਲ ਜੋੜ ਵਿੱਚ ਪਲਟ ਲੈਂਦਾ ਹੈ”।(ਉਪਰੋਕਤ ਪੰਨਾ 314 ਏਂਗਲਜ਼ ਵੱਲੋਂ ਦਿੱਤਾ ਹਵਾਲਾ)

ਬੁਰਜੂਆ ਅਤੇ ਨਿੱਕ-ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰਾਂ ਦੇ ਮਾਲਕ ਕਿਉਂ ਬਣਾਉਣਾ ਚਾਹੁੰਦੇ ਹਨ ਅਤੇ ਇਸ ਨਾਲ਼ ਮਜ਼ਦੂਰਾਂ ਨੂੰ ਕੀ ਫਾਇਦਾ ਹੋਵੇਗਾ ? ਬੁਰਜੂਆ ਸਮਾਜਵਾਦੀ ਸ਼੍ਰੀ ਸਾਕਸ ਦੇ ਸ਼ਬਦਾਂ ਵਿੱਚ ਪੜ੍ਹੋ “ਜ਼ਮੀਨ ਦਾ ਮਾਲਕ ਬਣਨ ਲਈ ਮਨੁੱਖ ਵਿੱਚ ਇੱਕ ਕਿਸਮ ਦੀ ਖ਼ਾਸ ਸੁਭਾਵਿਕ ਲਾਲਸਾ ਹੁੰਦੀ ਹੈ; ਇਹ ਅਜਿਹੀ ਉਮੰਗ ਹੈ ਜਿਸ ਨੂੰ ਅਜੋਕਾ ਤੇਜ਼ੀ ਨਾਲ਼ ਧੜਕਦਾ ਕਾਰੋਬਾਰੀ ਜੀਵਨ ਵੀ ਮੱਠਾ ਨਹੀਂ ਕਰ ਸਕਿਆ। ਇਹ ਜ਼ਮੀਨ ਦੀ ਮਾਲਕੀ ਦੇ ਰੂਪ ਵਿੱਚ ਆਰਥਕ ਪ੍ਰਾਪਤੀ ਦੀ ਅਹਿਮੀਅਤ ਬਾਰੇ ਅਚੇਤ ਸੂਝਬੂਝ ਹੈ। ਇਹਦੇ ਨਾਲ਼ ਵਿਅਕਤੀ ਨੂੰ ਇੱਕ ਸੁਰੱਖਿਅਤ ਸਹਾਰਾ ਮਿਲ ਜਾਂਦਾ ਹੈ; ਉਹਦੀਆਂ ਜੜ੍ਹਾਂ ਪੱਕੀ ਤਰ੍ਹਾਂ ਜ਼ਮੀਨ ਵਿੱਚ ਹਨ ਅਤੇ ਹਰ ਇੱਕ ਅਦਾਰੇ ਦਾ ( ! ) ਇਸੇ ਵਿੱਚ ਹੀ ਸਭ ਤੋਂ ਵੱਧ ਸਥਾਈ ਆਧਾਰ ਹੁੰਦਾ ਹੈ। ਪਰ ਜ਼ਮੀਨ ਦੀ ਮਾਲਕੀ ਦੀਆਂ ਬਰਕਤਾਂ ਇਹਨਾਂ ਪਦਾਰਥਕ ਲਾਭਾਂ ਨਾਲ਼ੋਂ ਵੀ ਕਿਤੇ ਅੱਗੇ ਚਲੀਆਂ ਜਾਂਦੀਆਂ ਹਨ। ਜੋ ਵੀ ਕੋਈ ਇੰਨਾ ਖ਼ੁਸ਼ਕਿਸਮਤ ਹੈ ਕਿ ਉਹ ਜ਼ਮੀਨ ਦੇ ਇੱਕ ਟੁਕੜੇ ਨੂੰ ਆਪਣਾ ਆਖ ਸਕੇ, ਤਾਂ ਉਹ ਆਰਥਕ ਸੁਆਧੀਨਤਾ ਦੇ ਚਿਤਵੇ ਗਏ ਸਭ ਤੋਂ ਉੱਚੇ ਪੜਾਅ ਉੱਤੇ ਪੁੱਜ ਗਿਆ ਹੁੰਦਾ ਹੈ; ਉਸ ਕੋਲ ਅਜਿਹੀ ਧਰਤੀ ਹੁੰਦੀ ਹੈ ਜਿਸ ਉੱਤੇ ਉਹ ਖ਼ੁਦਮੁਖ਼ਤਿਆਰੀ ਨਾਲ਼ ਹਕੂਮਤ ਕਰ ਸਕਦਾ ਹੈ; ਉਹ ਖ਼ੁਦ ਹੀ ਆਪਣਾ ਮਾਲਕ ਬਣ ਜਾਂਦਾ ਹੈ; ਲੋੜ ਦੇ ਸਮੇਂ ਲਈ ਉਹਦੇ ਕੋਲ ਖ਼ਾਸ ਤਾਕਤ ਅਤੇ ਯਕੀਨੀ ਸਹਾਰਾ ਹੁੰਦਾ ਹੈ; ਉਸ ਵਿੱਚ ਸਵੈ-ਵਿਸ਼ਵਾਸ ਪੈਦਾ ਹੋ ਜਾਂਦਾ ਹੈ ਅਤੇ ਇਹਦੇ ਨਾਲ਼ ਉਹਦੀ ਨੈਤਿਕ ਸ਼ਕਤੀ ਵਿਕਾਸ ਕਰਦੀ ਹੈ। ਇਸੇ ਲਈ ਸਾਡੇ ਸਾਹਮਣੇ ਸਵਾਲ ਵਿੱਚ ਜਾਇਦਾਦ ਦੀ ਡੂੰਘੀ ਅਹਿਮੀਅਤ ਹੋ ਜਾਂਦੀ ਹੈ... ਮਜ਼ਦੂਰ ਨੂੰ ਜੋ ਅੱਜ ਆਰਥਕ ਜੀਵਨ ਦੇ ਉਤਾਰ-ਚੜ੍ਹਾਵਾਂ ਸਾਹਮਣੇ ਬੇਬਸ ਖਲੋਤਾ ਹੈ ਅਤੇ ਜੋ ਆਪਣੇ ਮਾਲਕ ਉੱਤੇ ਨਿਰੰਤਰ ਨਿਰਭਰ

ਕਰਦਾ ਹੈ, ਇਸ ਨਾਲ਼ ਕੁੱਝ ਹੱਦ ਤੱਕ ਇਸ ਡਾਵਾਂਡੋਲ ਹਾਲਤ ਤੋਂ ਬਚਾਇਆ ਜਾ ਸਕੇਗਾ। ਉਹ ਇੱਕ ਸਰਮਾਏਦਾਰ ਬਣ ਜਾਵੇਗਾ ਅਤੇ ਉਹ ਉਸ ਇਤਬਾਰ ਕਰਕੇ ਜੋ ਉਹਦੀ ਅਮਲੀ ਜਾਇਦਾਦ ਉਸ ਨੂੰ ਖੱਟ ਕੇ ਦੇਵੇਗੀ, ਬੇਰੁਜ਼ਗਾਰੀ ਜਾਂ ਅੰਗਹੀਣਤਾ ਦੇ ਖ਼ਤਰਿਆਂ ਤੋਂ ਬਚਿਆ ਰਹੇਗਾ। ਉਹਨੂੰ ਜਾਇਦਾਦ ਰਹਿਤ ਜਮਾਤ ਦੀਆਂ ਸਫ਼ਾਂ ਤੋਂ ਚੁੱਕ ਕੇ ਜਾਇਦਾਦ ਦੀ ਮਾਲਕ ਜਮਾਤ ਵਿੱਚ ਪੁਚਾ ਦਿੱਤਾ ਜਾਵੇਗਾ।" (ਉਪਰੋਕਤ ਪੰਨਾ 329 ਏਂਗਲਜ਼ ਵੱਲੋਂ ਦਿੱਤਾ ਹਵਾਲਾ)।

'ਲੋਕ ਮੋਰਚਾ' ਵੀ ਮੂਲਬਰਗਰ ਵਾਂਗ ਹੀ ਮਜ਼ਦੂਰਾਂ ਦੀ ਜ਼ਮੀਨ ਲਈ ਤੜਪ ਦੀ ਚਰਚਾ ਕਰਦਾ ਹੈ, "ਮਾਨਸਾ ਡੀ. ਸੀ. ਦਫ਼ਤਰ ਵਿਖੇ 19 ਮਈ ਨੂੰ ਹੋਏ ਲਾਮਿਸਾਲ ਮਜ਼ਦੂਰ ਇਕੱਠ ਨੇ ਇਹ ਦਰਸਾਇਆ ਕਿ ਮਜ਼ਦੂਰਾਂ ਅੰਦਰ ਆਪਣੀ ਜ਼ਮੀਨ ਲਈ ਕਿੰਨੀ ਤੜਪ ਹੈ ਅਤੇ ਕਿਵੇਂ ਉਹ ਇਸ ਲਈ ਆਰ-ਪਾਰ ਦੀ ਲੜਾਈ ਲੜਨ ਲਈ ਤਿਆਰ ਹਨ"। (ਲੋਕ ਮੋਰਚਾ, ਨਵੰਬਰ 2009 ਪੰਨਾ 13)। ਮਜ਼ਦੂਰਾਂ ਦੀ ਭੂਮੀਹੀਣਤਾ ਦੇ ਕੀਰਨੇ ਅਤੇ ਉਹਨਾਂ ਲਈ ਜ਼ਮੀਨ ਮਾਲਕੀ ਦੀਆਂ ਬਰਕਤਾਂ ਦਾ ਵਰਣਨ ਹੋਰ ਵੀ ਖੱਬੇ ਪੱਖੀ ਮੈਗਜ਼ੀਨਾਂ ਵਿੱਚ ਵੇਖਿਆ ਜਾ ਸਕਦਾ ਹੈ।

ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਦਾ ਮਜ਼ਦੂਰਾਂ ਨੂੰ ਘਰਾਂ ਦੇ ਮਾਲਕ ਬਣਾਉਣ ਵਾਲ਼ੇ ਹੱਲ ਵਿੱਚ ਬੁਰਜੂਆਜ਼ੀ ਵੀ ਦਿਲਚਸਪੀ ਰੱਖਦੀ ਹੈ, *"ਘਰਾਂ ਦੇ ਸਵਾਲ ਦੇ ਪਰੂਧੋਂਵਾਦੀ ਹੱਲ ਵਾਲ਼ੇ ਹਿੱਸੇ ਵਿੱਚ ਇਹ ਗੱਲ ਦਰਸਾਈ ਗਈ ਸੀ ਕਿ ਇਸ ਹੱਲ ਵਿੱਚ ਨਿੱਕ ਬੁਰਜੂਆਜ਼ੀ ਸਿੱਧੇ ਤੌਰ 'ਤੇ ਕਿੰਨੀ ਭਾਰੀ ਦਿਲਚਸਪੀ ਰੱਖਦੀ ਹੈ। ਪਰ ਵੱਡੀ ਬੁਰਜੂਆਜ਼ੀ ਵੀ ਇਸ ਵਿੱਚ ਬਹੁਤ ਜ਼ਿਆਦਾ ਦਿਲਚਸਪੀ ਰੱਖਦੀ ਹੈ, ਭਾਵੇਂ ਅਸਿੱਧੇ ਤੌਰ 'ਤੇ ਹੀ...ਅਜੋਕੇ ਸਮਾਜ ਦੀਆਂ ਸਾਰੀਆਂ ਬੁਰਾਈਆਂ ਦੇ ਅਧਾਰ ਨੂੰ ਕਾਇਮ ਰੱਖਣ ਦੀ ਖਾਹਿਸ਼ ਕਰਨਾ ਅਤੇ ਇਸਦੇ ਨਾਲ਼ ਹੀ ਖੁਦ ਬੁਰਾਈਆਂ ਨੂੰ ਦੂਰ ਕਰਨ ਦੀ ਖਾਹਿਸ਼ ਰੱਖਣਾ ਬੁਰਜੂਆ ਸਮਾਜਵਾਦ ਦਾ ਤੱਤ ਬਣ ਗਿਆ ਹੈ। ਜਿਵੇਂ ਕਿ ਪਹਿਲਾਂ ਕਮਿਊਨਿਸਟ ਮੈਨੀਫੈਸਟੋ ਵਿੱਚ ਧਿਆਨ ਦੁਆਇਆ ਗਿਆ ਹੈ, ਬੁਰਜੂਆ ਸੋਸ਼ਲਿਸਟ "ਸਮਾਜਕ ਤਕਲੀਫਾਂ ਨੂੰ ਦੂਰ ਕਰਨ ਦੇ ਤਾਂ ਜੋ ਬੁਰਜੂਆ ਸਮਾਜ ਦੀ ਨਿਰੰਤਰ ਹੋਂਦ ਪ੍ਰਾਪਤ ਕੀਤੀ ਜਾਵੇ" ਖਾਹਿਸ਼ਮੰਦ ਹਨ; ਉਹ "ਪ੍ਰੋਲੇਤਾਰੀ ਤੋਂ ਰਹਿਤ ਬੁਰਜੂਆਜ਼ੀ " 'ਚਾਹੁੰਦੇ ਹਨ'।*(ਫ਼ਰੈਡਰਿਕ ਏਂਗਲਜ਼, ਉਪਰੋਕਤ ਪੰਨਾ 323-326)

ਇਹੋ ਕੁੱਝ ਸਾਡੇ ਇੱਥੇ ਲਿਬਰੇਸ਼ਨ ਮਾਰਕਾ ਸੋਧਵਾਦੀ ਅਤੇ ਹੋਰ ਖੱਬੇ ਪੱਖੀ ਧਿਰਾਂ ਚਾਹੁੰਦੀਆਂ ਹਨ।

## ਮਜ਼ਦੂਰਾਂ ਨੂੰ ਸੰਪੱਤੀ ਨਾਲ਼ ਬੰਨ੍ਹਣਾ ਕੀਹਦੇ ਹੱਕ 'ਚ ਹੈ ?

ਭਾਰਤ ਦੀਆਂ ਜ਼ਿਆਦਾਤਰ ਕਮਿਊਨਿਸਟ ਪਾਰਟੀਆਂ ਅਤੇ ਗਰੁੱਪ ਅੱਜ ਭਾਰਤੀ ਸਮਾਜ ਦੀ ਗੈਰ ਹਕੀਕੀ ਸਮਝ 'ਤੇ ਖੜ੍ਹੇ ਹਨ। ਇਹਨਾਂ ਮੁਤਾਬਕ ਭਾਰਤ ਇੱਕ ਅਰਧ

ਜਗੀਰੂ—ਅਰਧ ਬਸਤੀਵਾਦੀ ਮੁਲਕ ਹੈ ਅਤੇ ਇੱਥੇ ਚੀਨੀ ਤਰਜ਼ ’ਤੇ ਨਵ ਜਮਹੂਰੀ ਇਨਕਲਾਬ ਹੋਵੇਗਾ। ਪਰ ਅਜਿਹਾ ਭਾਰਤੀ ਸਮਾਜ ਸਿਰਫ ਇਹਨਾਂ ਦੀ ਕਲਪਣਾ ’ਚ ਹੀ ਵਸਦਾ ਹੈ। ਭਾਰਤ ਦੀਆਂ ਜ਼ਮੀਨੀ ਹਕੀਕਤਾਂ ਇਹਨਾਂ ਦੇ ਇਸ ਕਲਪਣਾ ਲੋਕ ਤੋਂ ਬਿਲਕੁਲ ਭਿੰਨ ਹਨ। ਭਾਰਤੀ ਸਮਾਜ ਅੱਜ ਤੋਂ ਲਗਭਗ 4 ਦਹਾਕੇ ਪਹਿਲਾਂ 60ਵਿਆਂ ਦੇ ਅੰਤ ’ਚ ਹੀ ਨਵਜਮਹੂਰੀ ਇਨਕਲਾਬ ਦਾ ਪੜਾਅ ਪਾਰ ਕਰਕੇ ਸਮਾਜਵਾਦੀ ਇਨਕਲਾਬ ਦੇ ਪੜਾਅ ’ਚ ਦਾਖਲ ਹੋ ਗਿਆ ਸੀ। ਅੱਜ ਦਾ ਭਾਰਤ ਇੱਕ ਆਪਣੀਆਂ ਖਾਸੀਅਤਾਂ ਵਾਲ਼ਾ ਪੂੰਜੀਵਾਦੀ ਭਾਰਤ ਹੈ। ਨਵ ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਨੂੰ ਮੰਨਣ ਵਾਲ਼ੀਆਂ ਜ਼ਿਆਦਾਤਰ ਪਾਰਟੀਆਂ/ਗਰੁੱਪ ਇਸ ਸਮੇਂ ਧਨੀ ਕਿਸਾਨਾਂ ਦੇ ਮੁਨਾਫ਼ੇ ਵਧਾਉਣ ਦੀ ਲੜਾਈ ਵਿੱਚ ਮਸ਼ਰੂਫ ਹਨ। ਇਸ ਤਰ੍ਹਾਂ ਇਹ ਪੂੰਜੀਵਾਦੀ ਮੰਡੀ ਦੀ ‘ਬੁਰਾਈਆਂ’ ਵਿਰੁੱਧ ਸੰਘਰਸ਼ ਕਰ ਰਹੇ ਹਨ। ਇਹਨਾਂ ਦਾ ਅਭਿਆਸ ਵੀ ਇਹਨਾਂ ਦੇ ਸਿਧਾਂਤ ਦੀ ਪੁਸ਼ਟੀ ਨਹੀਂ ਕਰਦਾ। ਸੀ. ਪੀ. ਆਈ. (ਮਾਓਵਾਦੀ) ਦੇਸ਼ ਦੇ ਸਭ ਤੋਂ ਪੱਛੜੇ ਇਲਾਕਿਆਂ ਵਿੱਚ ਸਰਗਰਮ ਹੈ। ਇਸ ਪਾਰਟੀ ਦਾ ਅਭਿਆਸ ਆਪਣੇ ‘ਰੈੱਡ ਕਾਰੀਡੋਰ’ ਜੋ ਕਿ ਦੇਸ਼ ਦਾ ਸਭ ਤੋਂ ਪਛੜਿਆ ਖਿੱਤਾ ਹੈ, ’ਚ ਵੀ ਭਾਰਤੀ ਸਮਾਜ ਦੇ ਜਗੀਰੂ ਹੋਣ ਦੀ ਪੁਸ਼ਟੀ ਨਹੀਂ ਕਰਦਾ। ਭਾਰਤ ਦੇ ਇਸ ਸਭ ਤੋਂ ਪੱਛੜੇ ਖਿੱਤੇ ਵਿੱਚ ਵੀ ਇਸ ਪਾਰਟੀ ਦੀ ਲੜਾਈ ਜਗੀਰਦਾਰਾਂ ਵਿਰੁੱਧ ਨਹੀਂ (ਜੋ ਕਿ ਉੱਥੇ ਹਨ ਹੀ ਨਹੀਂ) ਸਗੋਂ ਵੱਡੀ ਪੂੰਜੀ ਅਤੇ ਭਾਰਤੀ ਰਾਜਸੱਤਾ ਵਿਰੁੱਧ ਹੈ।

ਅੱਜ ਦੇ ਭਾਰਤੀ ਸਮਾਜ ਵਿੱਚ ਛੋਟੇ ਮਾਲਕਾਂ ਖਾਸ ਕਰ ਕਿਸਾਨਾਂ ਦੇ ਪ੍ਰੋਲੇਤਾਰੀਕਰਨ ਦੀ ਪ੍ਰਕਿਰਿਆ ਬਹੁਤ ਤੇਜ਼ ਹੈ। ਕਿਸਾਨ ਕਿਸੇ ਜਗੀਰੂ ਲਗਾਨ ਦੀ ਵਜਾਹ ਨਾਲ਼ ਨਹੀਂ, ਸਗੋਂ ਪੂੰਜੀ ਦੇ ਤਰਕ ਨਾਲ਼ ਪ੍ਰੋਲੇਤਾਰੀ ਬਣ ਰਹੇ ਹਨ। ਇੱਥੋਂ ਦੇ ਜ਼ਿਆਦਾਤਰ ਕਮਿਊਨਿਸਟ ਪਾਰਟੀਆਂ/ਗਰੁੱਪ ਇਹਨਾਂ ਛੋਟੇ ਮਾਲਕਾਂ ਨੂੰ ਬਚਾਉਣ ਭਾਵ ਉਹਨਾਂ ਨੂੰ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਨਾਲ਼ ਬੰਨ੍ਹੀ ਰੱਖਣ ਅਤੇ ਪ੍ਰੋਲੇਤਾਰੀ ਬਣ ਚੁੱਕੇ ਕੱਲ੍ਹ ਦੇ ਕਿਸਾਨਾਂ ਨੂੰ ਫਿਰ ਤੋਂ ਛੋਟੇ ਮਾਲਕ ਬਣਾਉਣ ਲਈ ਯਤਨਸ਼ੀਲ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਗਰੁੱਪਾਂ ਦਾ ਮੰਨਣਾ ਹੈ ਕਿ ‘ਜ਼ਮੀਨ ਹਲਵਾਹਕ ਦੀ’ ਦਾ ਨਾਹਰਾ ਭਾਰਤ ਦੇ ‘ਜ਼ਰੱਈ’ ਇਨਕਲਾਬ ਦਾ ਕੇਂਦਰੀ ਨਾਹਰਾ ਹੋਵੇਗਾ।

ਜਦੋਂ ਸਮਾਜ ਜਗੀਰੂ, ਅਰਧ ਜਗੀਰੂ ਪੜਾਅ ਵਿੱਚ ਸੀ, ਤਾਂ ਬੁਰਜੂਆ ਜਮਹੂਰੀ ਜਾਂ ਨਵ ਜਮਹੂਰੀ ਇਨਕਲਾਬਾਂ ਦੌਰਾਨ ਭੂਮੀਹੀਣ ਮੁਜਾਹਰੇ ਕਿਸਾਨ ’ਚ ਜ਼ਮੀਨ ਦੀ ਵੰਡ ਨੇ ਮਨੁੱਖੀ ਇਤਿਹਾਸ ਵਿੱਚ ਇੱਕ ਸ਼ਾਨਦਾਰ ਅਗਾਂਹਵਧੂ ਭੂਮਿਕਾ ਨਿਭਾਈ ਸੀ। ਪਰ ਅੱਜ ਦੇ ਪੂੰਜੀਵਾਦੀ ਸਮਾਜਾਂ ਵਿੱਚ ਜਿੱਥੇ ਸੰਪਤੀ ਦੀ ਵੰਡ ਨਹੀਂ, ਸਗੋਂ ਸੰਪਤੀ ਦਾ ਸਮਾਜੀਕਰਨ ਇਤਿਹਾਸ ਦੇ ਅਜੰਡੇ ’ਤੇ ਆ ਚੁੱਕਾ ਹੈ, ਉੱਥੇ ਭੂਮੀਹੀਣਾਂ ’ਚ ਸੰਪਤੀ ਦੀ ਵੰਡ ਇੱਕ ਪਿਛਾਂਹਖਿੱਚੂ ਨਾਹਰਾ ਬਣ ਚੁੱਕਾ ਹੈ। ਇਹ ਅੱਜ ਦੇ ਭਾਰਤ ਲਈ ਉਵੇਂ ਹੀ ਸੱਚ ਹੈ ਜਿਵੇਂ ਇਹ ਛੋਟੇ ਮਾਲਕਾਂ ਦੀ ਬਹੁਤਾਤ ਵਾਲ਼ੇ ਮਾਰਕਸ-ਏਂਗਲਜ਼-ਲੈਨਿਨ ਦੇ ਸਮਿਆਂ ਦੇ ਸਮਾਜਾਂ ਬਾਰੇ ਸੱਚ ਸੀ। ਅਤੇ ਮਜ਼ਦੂਰ ਜਮਾਤ ਦੇ ਇਹਨਾਂ ਮਹਾਨ ਅਧਿਆਪਕਾਂ ਨੇ ਇਸ ਸਵਾਲ ਉੱਪਰ ਕਾਫ਼ੀ ਕੁੱਝ ਲਿਖਿਆ ਹੈ। ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦੇ ਬੁਰਜੂਆ ਅਤੇ ਨਿੱਕ

ਬੁਰਜੂਆ ਹੱਲ ਬਾਰੇ ਵੀ ਇਹੋ ਸੱਚ ਹੈ। ਫ਼ਰੈਡਰਿਕ ਏਂਗਲਜ਼ ਲਿਖਦੇ ਹਨ, *"ਪਹਿਲੇ ਸਮਿਆਂ ਦੀ ਪੇਂਡੂ ਘਰੇਲੂ ਸਨਅਤ ਜੋ ਘਰੇਲੂ ਬਗੀਚੇ ਤੇ ਜ਼ਰਾਇਤ ਨਾਲ਼ ਮਿਲਵੀਂ ਸੀ, ਘੱਟੋ ਘੱਟ ਅਜਿਹੇ ਦੇਸ਼ਾਂ ਵਿੱਚ ਮੌਜੂਦ ਸੀ, ਜਿਨ੍ਹਾਂ ਵਿੱਚ ਸਨਅਤ ਮਜ਼ਦੂਰ ਜਮਾਤ ਲਈ ਚੰਗੀ-ਖਾਸੀ ਤੇ ਕਿਤੇ ਕਿਤੇ ਸੁਖਦਾਈ ਪਦਾਰਥਕ ਸਥਿਤੀ ਦਾ ਅਧਾਰ ਵੀ ਸੀ, ਪਰ ਇਹਦੇ ਨਾਲ਼ ਹੀ ਉਹਦੇ ਬੌਧਕ ਤੇ ਰਾਜਨੀਤਕ ਖਾਤਮੇ ਦਾ ਅਧਾਰ ਵੀ ਵਿਕਸਿਤ ਕਰ ਰਹੀ ਸੀ। ਹੱਥ ਦੀ ਬਣੀ ਚੀਜ਼ ਤੇ ਉਹਦਾ ਖਰਚਾ ਮੰਡੀ ਦੀ ਕੀਮਤ ਮਿੱਥਦੇ ਸਨ ਅਤੇ ਅੱਜ ਦੇ ਟਾਕਰੇ ਵਿੱਚ ਕਿਰਤ ਦੀ ਨਿਗੂਣੀ ਜਿਹੀ ਉਪਜਾਇਕਤਾ ਕਰ ਕੇ ਆਮ ਤੌਰ 'ਤੇ ਮੰਡੀ ਸਪਲਾਈ ਨਾਲ਼ੋਂ ਤੇਜ਼ੀ ਨਾਲ਼ ਵਧਦੀ ਸੀ। ਇਹ ਗੱਲ ਪਿਛਲੀ ਸਦੀ ਵਿੱਚ ਇੰਗਲੈਂਡ ਉੱਤੇ ਅਤੇ ਅੰਸ਼ਕ ਰੂਪ ਵਿੱਚ ਫ਼ਰਾਂਸ ਉੱਤੇ, ਖਾਸ ਕਰ ਕੇ ਕੱਪੜਾ ਸਨਅਤ ਵਿੱਚ ਲਾਗੂ ਹੁੰਦੀ ਸੀ। ਪਰ ਜਰਮਨੀ ਵਿੱਚ ਜੋ ਉਸ ਸਮੇਂ ਕੇਵਲ ਅਜੇ 30 ਸਾਲਾਂ ਜੰਗ ਦੀ ਬਰਬਾਦੀ ਤੋਂ ਸੰਭਲ ਹੀ ਰਿਹਾ ਸੀ ਅਤੇ ਬਹੁਤ ਹੀ ਅਸੁਖਾਵੀਆਂ ਹਾਲਤਾਂ ਵਿੱਚ ਅੱਗੇ ਵਧ ਰਿਹਾ ਸੀ, ਸਥਿਤੀ ਬੇਸ਼ੱਕ ਐਨ ਵੱਖਰੀ ਸੀ। ਸੰਸਾਰ ਮੰਡੀ ਲਈ ਜਰਮਨੀ ਵਿੱਚ ਮਾਲ ਤਿਆਰ ਕਰਨ ਵਾਲ਼ੀ ਇੱਕੋ ਇੱਕ ਘਰੇਲੂ ਸਨਅਤ, ਲਿਲਨ ਬੁਣਾਈ ਦੀ ਸਨਅਤ ਟੈਕਸਾਂ ਤੇ ਜਗੀਰੂ ਛੱਟਾਂ ਦੀ ਇੰਨੀ ਦਬਾਈ ਹੋਈ ਸੀ ਕਿ ਇਹਨੇ ਕਿਸਾਨ ਬੁਣਕਰਾਂ ਨੂੰ ਬਾਕੀ ਦੀ ਕਿਸਾਨੀ ਦੇ ਬਹੁਤ ਹੀ ਨੀਵੇਂ ਪੱਧਰ ਨਾਲ਼ੋਂ ਉੱਚਾ ਨਾ ਚੁੱਕਿਆ। ਫਿਰ ਵੀ ਉਸ ਸਮੇਂ ਪੇਂਡੂ ਸਨਅਤੀ ਮਜ਼ਦੂਰ ਨੂੰ ਜੀਵਨ ਦੀ ਕੁੱਝ ਸੁਰੱਖਿਆ ਹਾਸਲ ਸੀ।*

*ਮਸ਼ੀਨਰੀ ਦੇ ਚਾਲੂ ਹੋ ਜਾਣ ਨਾਲ਼ ਇਹ ਸਾਰਾ ਕੁੱਝ ਬਦਲ ਗਿਆ। ਕੀਮਤਾਂ ਹੁਣ ਮਸ਼ੀਨ ਨਾਲ਼ ਤਿਆਰ ਕੀਤੀਆਂ ਚੀਜ਼ਾਂ ਵੱਲੋਂ ਮਿੱਥੀਆਂ ਜਾਣ ਲੱਗੀਆਂ ਅਤੇ ਘਰੇਲੂ ਸਨਅਤੀ ਮਜ਼ਦੂਰ ਦੀ ਉਜਰਤ ਇਸ ਕੀਮਤ ਨਾਲ਼ੋਂ ਘੱਟ ਹੋ ਗਈ। ਪਰ ਮਜ਼ਦੂਰ ਨੂੰ ਇਹ ਜਾਂ ਤਾਂ ਪ੍ਰਵਾਨ ਕਰਨੀ ਪੈਂਦੀ ਸੀ ਜਾਂ ਕੋਈ ਹੋਰ ਕੰਮ ਲੱਭਣਾ ਪੈਂਦਾ ਸੀ ਅਤੇ ਇਹ ਗੱਲ ਉਹ ਪ੍ਰੋਲੇਤਾਰੀ ਬਣੇ ਬਿਨਾਂ ਭਾਵ ਆਪਣਾ ਨਿੱਕਾ ਜਿਹਾ ਘਰ, ਬਗੀਚਾ ਤੇ ਖੇਤ ਛੱਡੇ ਬਿਨਾਂ ਨਹੀਂ ਸੀ ਕਰ ਸਕਦਾ ਭਾਵੇਂ ਉਹ ਉਹਦਾ ਮਾਲਕ ਸੀ ਜਾਂ ਕਿਰਾਏਦਾਰ। ਕੇਵਲ ਬਹੁਤ ਹੀ ਘੱਟ ਮਾਮਲਿਆਂ ਵਿੱਚ ਉਹ ਇਹ ਗੱਲ ਕਰਨ ਨੂੰ ਤਿਆਰ ਸੀ ਅਤੇ ਇਸ ਤਰ੍ਹਾਂ ਪੁਰਾਣੇ ਪੇਂਡੂ ਹੱਥ-ਬੁਣਕਰਾਂ ਦਾ ਬਗੀਚਾ ਤੇ ਖੇਤੀ ਉਹ ਕਾਰਨ ਬਣ ਗਏ ਜਿਸ ਕਰਕੇ ਹੱਥ-ਖੱਡੀ ਦਾ ਮਸ਼ੀਨੀ ਖੱਡੀ ਵਿਰੁੱਧ ਸੰਗਰਾਮ ਹਰ ਥਾਂ ਉੱਤੇ ਇੰਨਾ ਲਮਕ ਗਿਆ ਅਤੇ ਇਹ ਜਰਮਨੀ ਵਿੱਚ ਨਿਰਣਈ ਰੂਪ ਵਿੱਚ ਅਜੇ ਤੱਕ ਨਹੀਂ ਲੜਿਆ ਗਿਆ। ਇਸ ਸੰਗਰਾਮ ਵਿੱਚ, ਖਾਸ ਕਰ ਕੇ ਇੰਗਲੈਂਡ ਅੰਦਰ ਇਹ ਗੱਲ ਜਾਪੀ ਕਿ ਉਹ ਉਹੀ ਸਾਂਝੇ ਹਾਲਾਤ ਜੋ ਪਹਿਲਾਂ ਮਜ਼ਦੂਰ ਦੀ ਮੁਕਾਬਲਤਨ ਖੁਸ਼ਹਾਲੀ ਦੇ ਅਧਾਰ ਦਾ ਕੰਮ ਦਿੰਦੇ ਸਨ — ਇਹ ਤੱਥ ਕਿ ਉਹ ਆਪਣੇ ਪੈਦਾਵਾਰ ਦੇ ਸਾਧਨਾਂ ਦਾ ਮਾਲ਼ਕ ਸੀ — ਹੁਣ ਉਸ ਲਈ ਇੱਕ ਰੁਕਾਵਟ ਤੇ ਮੁਸੀਬਤ ਬਣ ਗਏ ਸਨ। ਸਨਅਤ ਵਿੱਚ ਮਸ਼ੀਨੀ ਖੱਡੀ ਨੇ ਉਹਦੀ ਹੱਥ-ਖੱਡੀ ਨੂੰ ਹਰਾ ਦਿੱਤਾ ਅਤੇ ਜ਼ਰਾਇਤ ਵਿੱਚ ਵੱਡ-ਪੱਧਰੀ ਖੇਤੀ ਨੇ ਉਹਦੀ ਨਿੱਕੇ ਪੱਧਰ ਦੀ ਖੇਤੀ ਨੂੰ ਸੂਚੀਆਂ ਵਿੱਚੋਂ ਹੀ ਕੱਢ ਦਿੱਤਾ। ਪਰ ਜਦੋਂ ਕਿ ਬਹੁਤ ਸਾਰੇ ਲੋਕਾਂ ਦੀ ਸਮੂਹਕ ਕਿਰਤ ਅਤੇ ਮਸ਼ੀਨਰੀ ਤੇ ਵਿਗਿਆਨ*

*ਦੀ ਵਰਤੋਂ ਪੈਦਾਵਾਰ ਦੇ ਦੋਵਾਂ ਖੇਤਰਾਂ ਵਿੱਚ ਹੀ ਸਮਾਜਕ ਨੇਮ ਬਣ ਗਈ, ਮਜ਼ਦੂਰ ਆਪਣੇ ਨਿੱਕੇ ਜਿਹੇ ਘਰ, ਬਗੀਚੇ, ਖੇਤ ਤੇ ਹੱਥ-ਖੱਡੀ ਕਾਰਨ ਵਿਅਕਤੀਗਤ ਪੈਦਾਵਾਰ ਤੇ ਹੱਥ ਦੀ ਮਿਹਨਤ ਦੇ ਪੁਰਾਣੇ ਢੰਗ ਨਾਲ਼ ਬੰਨ੍ਹਿਆ ਗਿਆ। ਘਰ ਤੇ ਬਾਗ਼ ਦਾ ਮਾਲਕ ਹੋਣਾ ਇੱਕ ਥਾਂ ਤੋਂ ਦੂਜੀ ਥਾਂ ਜਾਣ ਦੀ ਪੂਰੀ ਅਜ਼ਾਦੀ ਦਾ ਮਾਲਕ ਹੋਣ ਨਾਲ਼ੋਂ ਘੱਟ ਲਾਹੇਵੰਦਾ ਰਹਿ ਗਿਆ। ਕੋਈ ਵੀ ਫ਼ੈਕਟਰੀ ਮਜ਼ਦੂਰ ਹੌਲ਼ੀ ਹੌਲ਼ੀ ਪਰ ਯਕੀਨੀ ਤੌਰ 'ਤੇ ਭੁੱਖੇ ਮਰ ਰਹੇ ਪੇਂਡੂ ਹੱਥ ਬੁਣਕਰ ਨਾਲ਼ ਥਾਂ ਬਦਲਣ ਲਈ ਰਾਜ਼ੀ ਨਹੀਂ ਸੀ।" (ਉਪਰੋਕਤ ਪੰਨਾ 299-300) ਅੱਗੇ ਉਹ ਲਿਖਦੇ ਹਨ, "ਇਸ ਵਿੱਚ ਆਧੁਨਿਕ ਮਜ਼ਦੂਰ ਲਈ ਰਿਹਾਇਸ਼ੀ "ਘਰ" ਅਤੇ ਜ਼ਮੀਨ ਮਾਲਕੀ ਦੀ "ਨਿਆਮਤ" ਆਪਣੀ ਪੂਰੀ ਸ਼ਾਨ ਵਿੱਚ ਵੇਖੀ ਜਾ ਸਕਦੀ ਹੈ। ਮੁਸ਼ਕਿਲ ਨਾਲ਼ ਆਇਰਸ਼ ਘਰੇਲੂ ਸਨਅਤਾਂ ਤੋਂ ਇਲਾਵਾ ਕਿਸੇ ਵੀ ਹੋਰ ਥਾਂ ਅਜਿਹੀਆਂ ਮਾੜੀਆਂ, ਘੱਟ ਉਜਰਤਾਂ ਅਦਾ ਨਹੀਂ ਕੀਤੀਆਂ ਜਾਂਦੀਆਂ ਜਿੰਨੀਆਂ ਜਰਮਨ ਘਰੇਲੂ ਸਨਅਤਾਂ ਵਿੱਚ ਅਦਾ ਕੀਤੀਆਂ ਜਾਂਦੀਆਂ ਹਨ। ਮੁਕਾਬਲਾ ਸਰਮਾਏਦਾਰ ਨੂੰ ਕਿਰਤ ਸ਼ਕਤੀ ਦੀ ਕੀਮਤ ਵਿੱਚੋਂ ਉਸ ਵਿੱਚੋਂ ਜੋ ਟੱਬਰ ਆਪਣੇ ਨਿੱਕੇ ਬਗੀਚੇ ਜਾਂ ਖੇਤ ਤੋਂ ਕਮਾਉਂਦਾ ਹੈ, ਕਟੌਤੀ ਕਰਨ ਦੀ ਆਗਿਆ ਦਿੰਦਾ ਹੈ। ਮਜ਼ਦੂਰਾਂ ਨੂੰ ਕੰਮ ਦੀ ਮਿਕਦਾਰ ਅਨੁਸਾਰ ਪੇਸ਼ ਕੀਤੀਆਂ ਗਈਆਂ ਉਜਰਤਾਂ ਪ੍ਰਵਾਨ ਕਰਨ ਉੱਤੇ ਮਜਬੂਰ ਕੀਤਾ ਜਾਂਦਾ ਹੈ ਕਿਉਂਕਿ ਨਹੀਂ ਤਾਂ ਉਹਨਾਂ ਨੂੰ ਉੱਕਾ ਹੀ ਕੁੱਝ ਨਹੀਂ ਮਿਲੇਗਾ ਅਤੇ ਉਹ ਕੇਵਲ ਆਪਣੀ ਖੇਤੀ ਦੀਆਂ ਚੀਜ਼ਾਂ ਉੱਤੇ ਗੁਜ਼ਾਰਾ ਨਹੀਂ ਕਰ ਸਕਦੇ ਅਤੇ ਕਿਉਂਕਿ ਦੂਜੇ ਪਾਸੇ ਇਹ ਜ਼ਰਾਇਤ ਅਤੇ ਜ਼ਮੀਨ ਦੀ ਮਾਲਕੀ ਹੀ ਹੈ ਜੋ ਉਹਨਾਂ ਨੂੰ ਉਸ ਥਾਂ ਉੱਤੇ ਬੰਨ੍ਹ ਕੇ ਰੱਖਦੀ ਹੈ ਅਤੇ ਉਹਨਾਂ ਨੂੰ ਦੂਜੀਆਂ ਥਾਂਵਾਂ ਉੱਤੇ ਰੁਜ਼ਗਾਰ ਦੀ ਤਲਾਸ਼ ਕਰਨੋਂ ਰੋਕਦੀ ਹੈ। ਇਹ ਉਹ ਅਧਾਰ ਹੈ ਜਿਹੜਾ ਨਿੱਕੀਆਂ ਚੀਜ਼ਾਂ ਦੀ ਸਮੁੱਚੀ ਲੜੀ ਵਿੱਚ ਸੰਸਾਰ ਮੰਡੀ ਅੰਦਰ ਮੁਕਾਬਲਾ ਕਰਨ ਦੀ ਜਰਮਨੀ ਦੀ ਸਮਰੱਥਾ ਨੂੰ ਕਾਇਮ ਰੱਖਦਾ ਹੈ। ਸਮੁੱਚਾ ਮੁਨਾਫਾ ਸਾਧਾਰਨ ਉਜਰਤਾਂ ਵਿੱਚੋਂ ਕੀਤੀ ਕਟੌਤੀ ਤੋਂ ਹਾਸਲ ਕੀਤਾ ਜਾਂਦਾ ਹੈ ਅਤੇ ਸਮੁੱਚੀ ਵਾਫ਼ਰ ਕਦਰ ਖ਼ਰੀਦਦਾਰ ਨੂੰ ਪੇਸ਼ ਕੀਤੀ ਜਾ ਸਕਦੀ ਹੈ। ਇਹ ਹੈ ਜਰਮਨੀ ਦੀਆਂ ਬਰਾਮਦ ਦੀਆਂ ਬਹੁਤੀਆਂ ਚੀਜ਼ਾਂ ਦੇ ਅਸਾਧਾਰਨ ਸਸਤੇਪਣ ਦਾ ਭੇਦ।" ..."ਇੱਥੇ ਅਸੀਂ ਸਪੱਸ਼ਟ ਰੂਪ ਵਿੱਚ ਵੇਖ ਰਹੇ ਹਾਂ ਕਿ ਪਹਿਲੇ ਇਤਿਹਾਸਕ ਪੜਾਅ ਵਿੱਚ ਜਿਹੜੀ ਗੱਲ ਮਜ਼ਦੂਰਾਂ ਲਈ ਮੁਕਾਬਲਤਨ ਖੁਸ਼ਹਾਲੀ ਦਾ ਅਧਾਰ ਸੀ, ਭਾਵ ਜ਼ਰਾਇਤ ਤੇ ਸਨਅਤ ਦਾ ਮੇਲ, ਘਰ, ਬਗੀਚਾ ਤੇ ਖੇਤ ਦੀ ਮਾਲਕੀ ਅਤੇ ਰਿਹਾਇਸ਼ ਵਾਲ਼ੀ ਥਾਂ ਦਾ ਯਕੀਨੀ ਹੋਣਾ, ਅੱਜ ਵੱਡੇ ਪੈਮਾਨੇ ਦੀ ਸਨਅਤ ਦੇ ਨੇਮ ਅਧੀਨ ਮਜ਼ਦੂਰ ਦੇ ਰਾਹ ਵਿੱਚ ਸਭ ਤੋਂ ਭੈੜੀ ਰੁਕਾਵਟ ਹੀ ਨਹੀਂ ਸਗੋਂ ਸਮੁੱਚੀ ਮਜ਼ਦੂਰ ਜਮਾਤ ਲਈ ਮੁਸੀਬਤ ਦਾ ਅਤੇ ਉਜਰਤਾਂ ਦਾ ਸਾਧਾਰਨ ਪੱਧਰ ਨਾਲ਼ੋਂ ਬੇਮਿਸਾਲ ਰੂਪ ਵਿੱਚ ਨੀਵੇਂ ਡਿੱਗ ਜਾਣ ਦਾ ਅਧਾਰ ਵੀ ਬਣ ਗਈ ਹੈ ਅਤੇ ਇਹ ਗੱਲ ਕੇਵਲ ਵੱਖਰੇ ਇਲਾਕਿਆਂ ਅਤੇ ਅਦਾਰਿਆਂ ਦੀਆਂ ਸ਼ਾਖਾਂ ਬਾਰੇ ਨਹੀਂ ਸਗੋਂ ਸਮੁੱਚੇ ਦੇਸ਼ ਬਾਰੇ ਸੱਚ ਹੈ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵੱਡੀ ਤੇ ਛੋਟੀ ਬੁਰਜੂਆਜ਼ੀ ਜੋ ਉਜਰਤਾਂ ਵਿੱਚੋਂ ਇਹਨਾਂ ਅਸਾਧਾਰਨ ਕਟੌਤੀਆਂ ਕਾਰਨ ਅਮੀਰ ਹੋ ਰਹੀਆਂ ਹਨ ਪੇਂਡੂ ਸਨਅਤ ਬਾਰੇ ਇੰਨੇ ਉਤਸ਼ਾਹਤ ਹਨ ਅਤੇ ਸਾਰੀ ਪੇਂਡੂ ਮੁਸੀਬਤ ਦੇ ਇੱਕੋ*

*ਇੱਕ ਇਲਾਜ ਵਜੋਂ ਨਵੀਆਂ ਘਰੇਲੂ ਸਨਅਤਾਂ ਦਾ ਚਾਲੂ ਕੀਤੇ ਜਾਣਾ ਸਮਝਦੇ ਹਨ।"* (ਉਪਰੋਕਤ ਪੰਨਾ 301-302)

ਮਜ਼ਦੂਰ ਜਮਾਤ ਦੀ ਬੰਦਖਲਾਸੀ ਸੰਪਤੀ ਦੇ ਮਾਲਕ 'ਚ ਨਹੀਂ ਸਗੋਂ ਸੰਪਤੀ ਤੋਂ ਮੁਕਤ ਹੋਣ 'ਚ ਹੈ, *"ਪ੍ਰੋਲੇਤਾਰੀ ਦੀ ਆਧੁਨਿਕ ਇਨਕਲਾਬੀ ਜਮਾਤ ਦੀ ਰਚਨਾ ਕਰਨ ਲਈ ਧੁੰਨੀ ਦੇ ਉਸ ਨਾੜੂਏ ਨੂੰ ਕੱਟਣਾ ਬਿਲਕੁਲ ਜ਼ਰੂਰੀ ਹੈ ਜੋ ਬੀਤੇ ਦੇ ਮਜ਼ਦੂਰ ਨੂੰ ਅਜੇ ਵੀ ਜ਼ਮੀਨ ਨਾਲ਼ ਬੰਨ੍ਹਦਾ ਹੈ। ਹੱਥ ਨਾਲ਼ ਖੱਡੀ ਬੁਣਨ ਵਾਲ਼ਾ ਜਿਸ ਕੋਲ਼ ਉਹਦੀ ਖੱਡੀ ਦੇ ਨਾਲ਼ ਉਹਦਾ ਨਿੱਕਾ ਜਿਹਾ ਘਰ ਬਗੀਚਾ ਤੇ ਖੇਤ ਸਨ, ਬੜਾ ਸ਼ਾਂਤ ਤੇ ਸੰਤੋਖ ਵਾਲ਼ਾ ਆਦਮੀ ਸੀ, "ਦਇਆਵਾਨ ਤੇ ਸਤਿਕਾਰਯੋਗ" ਸੀ ਜੋ ਕਿ ਸਮੁੱਚੀ ਗਰੀਬੀ ਤੇ ਸਮੁੱਚੇ ਰਾਜਨੀਤਕ ਦਬਾਅ ਦੇ ਬਾਵਜੂਦ ਸੀ; ਉਹ ਅਮੀਰਾਂ ਨੂੰ, ਪਾਦਰੀ ਨੂੰ ਤੇ ਰਾਜ ਦੇ ਅਧਿਕਾਰੀਆਂ ਨੂੰ ਟੋਪੀ ਲਾਹ ਕੇ ਸਲਾਮ ਕਰਦਾ ਸੀ ਅਤੇ ਅੰਦਰੋਂ ਬਿਲਕੁਲ ਗੁਲਾਮ ਸੀ। ਇਹ ਐਨ ਆਧੁਨਿਕ ਵੱਡ-ਪੱਧਰੀ ਸਨਅਤ ਹੀ ਹੈ ਜੀਹਨੇ ਮਜ਼ਦੂਰ ਨੂੰ, ਜਿਹੜਾ ਪਹਿਲਾਂ ਜ਼ਮੀਨ ਨਾਲ਼ ਬਝਿਆ ਹੋਇਆ ਸੀ, ਪੂਰੀ ਤਰ੍ਹਾਂ ਜਾਇਦਾਦੋਂ ਹੀਣੇ ਪ੍ਰੋਲੇਤਾਰੀ ਵਿੱਚ, ਜਿਹੜਾ ਸਾਰੇ ਰਵਾਇਤੀ ਬੰਧਨਾਂ ਤੋਂ ਮੁਕਤ ਹੋ ਗਿਆ ਹੈ, ਇੱਕ ਅਜ਼ਾਦ ਜਲਾਵਤਨੀਏ ਵਿੱਚ ਬਦਲ ਦਿੱਤਾ ਹੈ; ਉਹ ਐਨ ਇਹੋ ਆਰਥਕ ਇਨਕਲਾਬ ਹੀ ਹੈ ਜੀਹਨੇ ਅਜਿਹੀਆਂ ਨਿਰੋਲ ਹਾਲਤਾਂ ਪੈਦਾ ਕੀਤੀਆਂ ਜਿਨ੍ਹਾਂ ਵਿੱਚ ਉਹਦੇ ਅੰਤਮ ਰੂਪ ਵਿੱਚ ਤੇ ਪੂੰਜੀਵਾਦੀ ਪੈਦਾਵਾਰ ਵਿੱਚ ਮਜ਼ਦੂਰ ਜਮਾਤ ਦੀ ਲੁੱਟਚੋਂਘ ਖਤਮ ਕੀਤੀ ਜਾ ਸਕਦੀ ਹੈ ਅਤੇ ਹੁਣ ਇਹ ਰੋਣ-ਹਾਕਾ ਪਰੂਧੋਂਵਾਦੀ ਆਉਂਦਾ ਹੈ ਅਤੇ ਮਜ਼ਦੂਰਾਂ ਦੇ ਉਹਨਾਂ ਦੇ ਘਰ ਘਾਟ ਤੋਂ ਕੱਢੇ ਜਾਣ ਦਾ ਰੋਣਾ ਰੋਂਦਾ ਹੈ ਜਿਵੇਂ ਕਿ ਇਹ ਗੱਲ ਉਹਨਾਂ ਦੀ ਬੌਧਕ ਬੰਦ ਖਲਾਸੀ ਦੀ ਪਹਿਲੀ ਸ਼ਰਤ ਹੋਣ ਦੀ ਬਜਾਏ ਬਹੁਤ ਹੀ ਪਿਛੇਖਿਚੂ ਗੱਲ ਹੋਵੇ।"*(ਉਪਰੋਕਤ ਪੰਨਾ 311)

ਪੂੰਜੀਵਾਦ ਨਿੱਤ ਦਿਨ ਵਸੋਂ ਦੇ ਵਡੇਰੇ ਤੋਂ ਵਡੇਰੇ ਹਿੱਸਿਆ ਨੂੰ ਪ੍ਰੋਲੇਤਾਰੀਆਂ 'ਚ ਬਦਲਦਾ ਹੈ। ਇਹਨਾਂ ਸੰਪਤੀ ਵਿਹੀਣ ਪ੍ਰੋਲੇਤਾਰੀਆਂ ਦੀ ਮੁਕਤੀ ਹੁਣ ਅਤੀਤ ਵੱਲ ਝਾਕਣ (ਜੋ ਕਿ ਕਿਸੇ ਵੀ ਤਰ੍ਹਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਅਤੇ ਅਜਿਹੀ ਇੱਛਾਵਾਂ ਪਾਲਣਾ ਮਨੁੱਖੀ ਇਤਿਹਾਸ ਦੇ ਪਹੀਏ ਨੂੰ ਪਿਛਾਂਹ ਵੱਲ ਮੋੜਨ ਦੇ ਤੁੱਲ ਹੋਵੇਗਾ) ਸਗੋਂ ਪੂੰਜੀਵਾਦ ਤੋਂ ਪਾਰ ਦੇਖਣ 'ਚ ਹੈ। *"ਇਸ ਗੱਲ ਬਾਰੇ ਕਿ ਵੱਡੇ ਪੱਧਰ ਉੱਤੇ ਪੂੰਜੀਵਾਦੀ ਪੈਦਾਵਾਰ ਸ਼ੁਰੂ ਕੀਤੇ ਜਾਣ ਤੋਂ ਮਗਰੋਂ ਮਜ਼ਦੂਰਾਂ ਦੀ ਹਾਲਤ ਸਮੁੱਚੇ ਤੌਰ 'ਤੇ ਪਦਾਰਥਕ ਰੂਪ ਵਿੱਚ ਵਧੇਰੇ ਮੰਦੀ ਹੋ ਗਈ ਹੈ, ਕੇਵਲ ਬੁਰਜੂਆਜ਼ੀ ਨੂੰ ਹੀ ਸ਼ੱਕ ਹੈ। ਪਰ ਇਸ ਲਈ ਕੀ ਸਾਨੂੰ ਲਲਚਾਈਆਂ ਨਜ਼ਰਾਂ ਨਾਲ਼ ਪਿੱਛੇ ਮਿਸਰੀ ਸੁੱਖ ਸਾਧਨਾਂ ਵੱਲ, (ਜੋ ਇਸੇ ਤਰ੍ਹਾਂ ਨਿਗੁਣੇ ਸਨ), ਪੇਂਡੂ ਛੋਟੇ ਪੈਮਾਨੇ ਦੀ ਸਨਅਤ ਵੱਲ ਵੇਖਣਾ ਚਾਹੀਦਾ ਹੈ ਜੀਹਨੇ ਕੇਵਲ ਨੀਚ ਰੂਹਾਂ ਹੀ ਪੈਦਾ ਕੀਤੀਆਂ ਹਨ ਜਾਂ ਕਿ "ਵਹਿਸ਼ੀਆਂ" ਵੱਲ ਵੇਖਣਾ ਚਾਹੀਦਾ ਹੈ ? ਇਹਦੇ ਉਲਟ, ਆਧੁਨਿਕ ਵੱਡੇ ਪੱਧਰ ਦੀ ਸਨਅਤ ਵੱਲੋਂ ਪੈਦਾ ਕੀਤਾ ਗਿਆ, ਸਾਰੀਆਂ ਵਿਰਸੇ ਵਿੱਚ ਮਿਲੀਆਂ ਜ਼ੰਜੀਰਾਂ ਤੋਂ, ਜਿਨ੍ਹਾਂ ਵਿੱਚ ਉਹਨੂੰ ਜ਼ਮੀਨ ਨਾਲ਼ ਬੰਨ੍ਹਣ ਵਾਲ਼ੀਆਂ ਜ਼ੰਜੀਰਾਂ ਵੀ ਸ਼ਾਮਲ ਹਨ, ਮੁਕਤ ਹੋ ਚੁੱਕਿਆ ਪ੍ਰੋਲੇਤਾਰੀ ਹੀ ਉਸ ਮਹਾਨ ਸਮਾਜਕ ਤਬਦੀਲੀ ਨੂੰ ਸਿਰੇ ਚਾੜ੍ਹਨ ਦੀ ਪੋਜੀਸ਼ਨ*

*ਵਿੱਚ ਹੈ ਜੋ ਸਮੁੱਚੀ ਜਮਾਤੀ ਲੁੱਟਚੋਂਘ ਦਾ, ਸਾਰੀ ਜਮਾਤੀ ਹਕੂਮਤ ਦਾ ਖਾਤਮਾ ਕਰ ਦੇਵੇਗਾ। ਪੁਰਾਣੇ ਪੇਂਡੂ, ਹੱਥ ਨਾਲ਼ ਕੱਪੜਾ ਬੁਣਨ ਵਾਲ਼ੇ ਜਿਨ੍ਹਾਂ ਕੋਲ਼ ਘਰ ਬਾਰ ਸਨ, ਇਹ ਗੱਲ ਕਰਨ ਦੇ ਕਦੀ ਵੀ ਸਮਰੱਥ ਨਾ ਹੋ ਸਕਦੇ; ਇਹਨੂੰ ਸਿਰੇ ਚਾੜ੍ਹਨ ਦੀ ਖਾਹਿਸ਼ ਦੀ ਗੱਲ ਤਾਂ ਕਿਤੇ ਰਹੀ, ਉਹ ਅਜਿਹੇ ਵਿਚਾਰ ਬਾਰੇ ਸੋਚਣ ਦੇ ਹੀ ਸਮਰੱਥ ਨਾ ਹੁੰਦੇ।"* (ਉਪਰੋਕਤ ਪੰਨਾ 311-12)

ਜੇਕਰ ਮੌਜੂਦਾ ਪੂੰਜੀਵਾਦੀ ਪ੍ਰਬੰਧ ਵਿੱਚ ਮਜ਼ਦੂਰ ਘਰਾਂ ਦੇ ਮਾਲਕ ਬਣ ਵੀ ਜਾਣ ਤਾਂ ਇਸ ਦਾ ਮਜ਼ਦੂਰ ਜਮਾਤ 'ਤੇ ਕੀ ਅਸਰ ਪਵੇਗਾ। ਫ਼ਰੈਡਰਿਕ ਏਂਗਲਜ਼ ਦੇ ਸ਼ਬਦਾਂ 'ਚ, *"ਜਾਪਦਾ ਹੈ ਸ੍ਰੀ ਸਾਕਸ ਇਹ ਫ਼ਰਜ਼ ਕਰ ਰਿਹਾ ਹੈ ਕਿ ਮਨੁੱਖ ਜ਼ਰੂਰੀ ਤੌਰ 'ਤੇ ਇੱਕ ਕਿਸਾਨ ਹੁੰਦਾ ਹੈ ਨਹੀਂ ਤਾਂ ਉਹ ਸਾਡੇ ਵੱਡੇ ਸ਼ਹਿਰਾਂ ਦੇ ਮਜ਼ਦੂਰਾਂ ਨਾਲ਼ ਅਜਿਹੀ ਲਾਲਸਾ ਝੂਠੀ ਹੀ ਨਾ ਜੋੜਦਾ ਜੋ ਕਿਸੇ ਹੋਰ ਨੂੰ ਉਹਨਾਂ ਵਿੱਚ ਨਹੀਂ ਲੱਭੀ। ਵੱਡੇ ਸ਼ਹਿਰਾਂ ਵਿੱਚ ਸਾਡੇ ਮਜ਼ਦੂਰਾਂ ਲਈ ਚੱਲਣ ਫਿਰਨ ਦੀ ਅਜ਼ਾਦੀ, ਹੋਂਦ ਦੀ ਮੁੱਖ ਸ਼ਰਤ ਹੁੰਦੀ ਹੈ ਅਤੇ ਜ਼ਮੀਨ ਦੀ ਮਾਲਕੀ ਉਹਨਾਂ ਨੂੰ ਕੇਵਲ ਜ਼ੰਜੀਰਾਂ ਦਾ ਹੀ ਕੰਮ ਦੇ ਸਕਦੀ ਹੈ। ਉਹਨਾਂ ਨੂੰ ਘਰ ਦੇ ਦਿਓ, ਉਹਨਾਂ ਨੂੰ ਇੱਕ ਵਾਰ ਫੇਰ ਜ਼ਮੀਨ ਨਾਲ਼ ਬੰਨ੍ਹ ਦਿਓ ਤਾਂ ਫੇਰ ਤੁਸੀਂ ਫੈਕਟਰੀ ਦੇ ਮਾਲਕਾਂ ਵੱਲੋਂ ਉਜਰਤਾਂ ਵਿੱਚ ਕੀਤੀ ਕਟੌਤੀ ਦੀ ਮੁਜ਼ਾਹਮਤ ਕਰਨ ਦੀ ਉਹਨਾਂ ਦੀ ਸ਼ਕਤੀ ਭੰਨ ਦਿੰਦੇ ਹੋ। ਇੱਕ ਵਿਅਕਤੀਗਤ ਮਜ਼ਦੂਰ ਕਿਸੇ ਮੌਕੇ ਉੱਤੇ ਆਪਣਾ ਘਰ ਵੇਚਣ ਦੇ ਸਮਰੱਥ ਹੋ ਸਕਦਾ ਹੈ, ਪਰ ਇੱਕ ਵੱਡੀ ਹੜਤਾਲ ਜਾਂ ਆਮ ਸਨਅਤੀ ਸੰਕਟ ਦੌਰਾਨ ਉਹਨਾਂ ਮਜ਼ਦੂਰਾਂ ਦੇ ਜਿਨ੍ਹਾਂ ਉੱਤੇ ਇਹਦਾ ਅਸਰ ਪੈਂਦਾ ਹੈ, ਸਾਰੇ ਘਰ ਵਿਕਾਊ ਹੋ ਜਾਣਗੇ ਅਤੇ ਇਸ ਲਈ ਉਹਨਾਂ ਦੇ ਖਰੀਦਦਾਰ ਨਹੀਂ ਲੱਭਣਗੇ ਜਾਂ ਉਹ ਉਹਨਾਂ ਨੂੰ ਕੀਤੇ ਖਰਚੇ ਨਾਲ਼ੋਂ ਬਹੁਤ ਘੱਟ ਕੀਮਤ ਉੱਤੇ ਵੇਚਣੇ ਪੈਣਗੇ ਅਤੇ ਜੇਕਰ ਉਹਨਾਂ ਸਾਰਿਆਂ ਦੇ ਖਰੀਦਦਾਰ ਲੱਭ ਵੀ ਗਏ ਤਾਂ ਸ੍ਰੀ ਸਾਕਸ ਦਾ ਘਰਾਂ ਦਾ ਸਮੁੱਚਾ ਸ਼ਾਨਦਾਰ ਸੁਧਾਰ ਸਿਫ਼ਰ ਹੋ ਜਾਵੇਗਾ ਅਤੇ ਮੁੱਢ ਤੋਂ ਇੱਕ ਵਾਰ ਫੇਰ ਸ਼ੁਰੂ ਕਰਨਾ ਪਵੇਗਾ।"*(ਉਪਰੋਕਤ ਪੰਨਾ 330)... *"ਪਰ ਸਾਡੇ ਮਜ਼ਦੂਰ ਦੇ ਲੱਗੀ ਇਹ ਸਰਮਾਏਦਾਰ ਦੀ ਪੂਛ ਦਾ ਇੱਕ ਹੋਰ ਪੱਖ ਵੀ ਹੈ। ਆਓ ਅਸੀਂ ਫ਼ਰਜ਼ ਕਰੀਏ ਕਿ ਕਿਸੇ ਖਾਸ ਸਨਅਤੀ ਇਲਾਕੇ ਵਿੱਚ ਇਹ ਗੱਲ ਆਮ ਹੋ ਗਈ ਹੈ ਕਿ ਹਰ ਇੱਕ ਮਜ਼ਦੂਰ ਦਾ ਆਪਣਾ ਨਿੱਕਾ ਜਿਹਾ ਘਰ ਹੈ। ਇਸ ਮਾਮਲੇ ਵਿੱਚ ਉਸ ਇਲਾਕੇ ਦੀ ਮਜ਼ਦੂਰ ਜਮਾਤ ਬਿਨਾਂ ਕੋਈ ਕਿਰਾਇਆ ਦਿੱਤੇ ਰਹਿ ਰਹੀ ਹੈ; ਰਿਹਾਇਸ਼ੀ ਘਰ ਦੇ ਖਰਚੇ ਹੁਣ ਉਹਦੀ ਕਿਰਤ ਸ਼ਕਤੀ ਦੀ ਕਦਰ ਵਿੱਚ ਸ਼ਾਮਲ ਨਹੀਂ ਹੁੰਦੇ। ਕਿਰਤ ਸ਼ਕਤੀ ਦੀ ਪੈਦਾਵਾਰ ਦੇ ਖਰਚੇ ਵਿੱਚ ਹੋਈ ਹਰ ਕਟੌਤੀ ਭਾਵ ਮਜ਼ਦੂਰ ਦੀਆਂ ਜੀਵਨ ਲਈ ਲੋੜੀਂਦੀਆਂ ਚੀਜ਼ਾਂ ਵਿੱਚ ਕੀਮਤਾਂ ਦੀ ਹਰ ਸਥਾਈ ਕਟੌਤੀ "ਕੌਮੀ ਆਰਥਕਤਾ ਦੇ ਸਿਧਾਂਤ ਦੇ ਲੋਹ-ਕਾਨੂੰਨਾਂ ਦੇ ਅਧਾਰ ਉੱਤੇ" ਕਿਰਤ ਸ਼ਕਤੀ ਦੀ ਕਦਰ ਵਿੱਚ ਕਮੀਂ ਦੇ ਬਰਾਬਰ ਹੁੰਦੀ ਹੈ ਅਤੇ ਇਸੇ ਲਈ ਇਹਦਾ ਆਖਰੀ ਨਤੀਜਾ ਉਜਰਤਾਂ ਵਿੱਚ ਬਰਾਬਰ ਦੀ ਕਮੀ ਹੋ ਜਾਣ ਦੇ ਰੂਪ ਵਿੱਚ ਨਿੱਕਲੇਗਾ। ਇਸ ਤਰ੍ਹਾਂ ਉਜਰਤਾਂ ਔਸਤਨ ਉਨੀਆਂ ਹੀ ਘੱਟ ਜਾਣਗੀਆਂ ਜਿੰਨੀ ਔਸਤ ਰਕਮ ਦੀ ਕਿਰਾਏ ਵਿੱਚ ਬੱਚਤ ਹੋਵੇਗੀ, ਭਾਵ ਮਜ਼ਦੂਰ ਆਪਣੇ ਘਰ ਦਾ ਕਿਰਾਇਆ ਆਪ ਹੀ ਅਦਾ ਕਰੇਗਾ, ਪਰ ਪਹਿਲਾਂ ਵਾਂਗ ਘਰ ਦੇ*

*ਮਾਲਕ ਨੂੰ ਧਨ ਦੇਣ ਦੇ ਰੂਪ ਵਿੱਚ ਨਹੀਂ ਸਗੋਂ ਉਸ ਫੈਕਟਰੀ ਮਾਲਕ ਨੂੰ ਜਿਸ ਕੋਲ਼ ਉਹ ਕੰਮ ਕਰਦਾ ਹੈ, ਅਦਾਇਗੀ ਤੋਂ ਬਿਨਾਂ ਕਿਰਤ ਦੇ ਰੂਪ ਵਿੱਚ ਅਦਾ ਕਰੇਗਾ। ਇਸ ਤਰ੍ਹਾਂ ਉਹਦੇ ਨਿੱਕੇ ਜਿਹੇ ਘਰ ਵਿੱਚ ਮਜ਼ਦੂਰ ਵੱਲੋਂ ਆਪਣੀ ਬੱਚਤ ਦੀ ਕੀਤੀ ਗਈ ਲਾਗਤ ਇੱਕ ਤਰ੍ਹਾਂ ਨਾਲ਼ ਪੂੰਜੀ ਬਣ ਜਾਵੇਗੀ, ਪਰ ਇਹ ਪੂੰਜੀ ਉਹਦੇ ਲਈ ਨਹੀਂ ਸਗੋਂ ਉਹਨੂੰ ਨੌਕਰ ਰੱਖਣ ਵਾਲ਼ੇ ਸਰਮਾਏਦਾਰ ਲਈ ਹੋਵੇਗੀ।"* (ਉਪਰੋਕਤ ਪੰਨਾ 331) ...*"ਸਬੱਬੀ ਤੌਰ 'ਤੇ ਜੋ ਕੁੱਝ ਉੱਪਰ ਆਖਿਆ ਗਿਆ ਹੈ, ਸਾਰੇ ਕਥਿਤ ਸਮਾਜਕ ਸੁਧਾਰਾਂ ਉੱਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੂੰ ਬੱਚਤ ਦੀਆਂ ਸਕੀਮਾਂ ਤੱਕ ਜਾਂ ਮਜ਼ਦੂਰ ਦੇ ਜੀਊਣ ਦੇ ਸਾਧਨਾਂ ਨੂੰ ਸਸਤਾ ਕਰਨ ਤੱਕ ਲਿਆਂਦਾ ਜਾ ਸਕਦਾ ਹੈ। ਜਾਂ ਤਾਂ ਉਹ ਆਮ ਹੋ ਜਾਂਦੇ ਹਨ ਤੇ ਫੇਰ ਉਹਨਾਂ ਦੇ ਬਰਾਬਰ ਦੀ ਕਟੌਤੀ ਉਜਰਤਾਂ ਵਿੱਚ ਹੋ ਜਾਂਦੀ ਹੈ ਜਾਂ ਉਹ ਇੱਕਾ-ਦੁੱਕਾ ਤਜ਼ਰਬੇ ਬਣ ਕੇ ਰਹਿ ਜਾਂਦੇ ਹਨ ਅਤੇ ਫੇਰ ਇੱਕਾ-ਦੁੱਕਾ ਛੋਟਾਂ ਵਜੋਂ ਉਹਨਾਂ ਦੀ ਹੋਂਦ ਹੀ ਇਹ ਸਿੱਧ ਕਰ ਦਿੰਦੀ ਹੈ ਕਿ ਵਿਸ਼ਾਲ ਪੈਮਾਨੇ ਉੱਤੇ ਉਹਨਾਂ ਦੀ ਪ੍ਰਾਪਤੀ ਪੈਦਾਵਾਰ ਦੇ ਮੌਜੂਦਾ ਪੂੰਜੀਵਾਦੀ ਢੰਗ ਨਾਲ਼ ਮੇਲ ਨਹੀਂ ਖਾਂਦੀ। ਆਓ! ਅਸੀਂ ਇਹ ਫ਼ਰਜ਼ ਕਰ ਲਈਏ ਕਿ ਇੱਕ ਖਾਸ ਇਲਾਕੇ ਵਿੱਚ ਖਪਤਕਾਰਾਂ ਦੀਆਂ ਸਹਿਕਾਰੀ ਸਭਾਵਾਂ ਆਮ ਤੌਰ 'ਤੇ ਚਾਲੂ ਕਰਨ ਨਾਲ਼ ਮਜ਼ਦੂਰਾਂ ਲਈ ਜੀਊਣ ਦੇ ਸਾਧਨਾਂ ਦੇ ਖਰਚੇ ਵਿੱਚ 20 ਫੀਸਦੀ ਕਟੌਤੀ ਕਰਨ ਵਿੱਚ ਸਫ਼ਲਤਾ ਮਿਲ ਜਾਂਦੀ ਹੈ। ਇਸ ਲਈ ਉਸ ਇਲਾਕੇ ਵਿੱਚ ਲੰਮੇ ਸਮੇਂ ਵਿੱਚ ਉਜਰਤਾਂ ਲਗਭਗ 20 ਫੀਸਦੀ ਘੱਟ ਜਾਣਗੀਆਂ, ਭਾਵ ਉਸੇ ਨਿਸਬਤ ਵਿੱਚ ਘੱਟ ਜਾਣਗੀਆਂ ਜਿਵੇਂ ਜੀਊਣ ਦੇ ਸਾਧਨਾਂ ਦਾ ਸਵਾਲ ਮਜ਼ਦੂਰਾਂ ਦੇ ਬਜਟ ਵਿੱਚ ਸ਼ਾਮਲ ਹੁੰਦਾ ਹੈ। ਮਿਸਾਲ ਵਜੋਂ, ਜੇਕਰ ਇੱਕ ਮਜ਼ਦੂਰ ਆਪਣੀ ਹਫ਼ਤੇਵਾਰ ਉਜਰਤ ਦਾ 3/4 ਹਿੱਸਾ ਜੀਊਣ ਦੇ ਸਾਧਨਾਂ ਉੱਤੇ ਖਰਚ ਕਰਦਾ ਹੈ, ਤਾਂ ਅਖੀਰ ਵਿੱਚ ਜਾ ਕੇ ਉਜਰਤਾਂ ਵਿੱਚ 3/4 × 20 = 15 ਫੀਸਦੀ ਕਟੌਤੀ ਹੋ ਜਾਵੇਗੀ। ਗੱਲ ਕੀ, ਜਿਉਂ ਹੀ ਬੱਚਤ ਦਾ ਅਜਿਹਾ ਸੁਧਾਰ ਆਮ ਹੋ ਜਾਂਦਾ ਹੈ, ਮਜ਼ਦੂਰਾਂ ਦੀਆਂ ਉਜਰਤਾਂ ਓਨੀਆਂ ਹੀ ਘੱਟ ਜਾਣਗੀਆਂ ਜਿੰਨਾ ਉਹਨਾਂ ਦੀਆਂ ਬੱਚਤਾਂ ਉਹਨੂੰ ਸਸਤਾ ਜੀਊਣਾ ਸੰਭਵ ਬਣਾਉਂਦੀਆਂ ਹਨ। ਹਰ ਇੱਕ ਮਜ਼ਦੂਰ ਨੂੰ 52 ਟਾਲੇਰਜ਼ ਦੀ ਅਜ਼ਾਦ ਆਮਦਨੀ ਜੋ ਉਹਨੇ ਬੱਚਤ ਵਿੱਚੋਂ ਹਾਸਲ ਕੀਤੀ ਹੋਵੇ, ਦੇ ਦਿਓ ਅਤੇ ਉਹਦੀ ਹਫ਼ਤੇਵਾਰ ਉਜਰਤ ਅਖੀਰ ਵਿੱਚ, ਲਾਜ਼ਮੀ ਤੌਰ 'ਤੇ ਇੱਕ ਟਾਲੇਰ ਘੱਟ ਹੋ ਜਾਵੇਗੀ। ਇਸ ਲਈ ਜਿੰਨੀ ਵੱਧ ਉਹ ਬੱਚਤ ਕਰਦਾ ਹੈ, ਉਨੀ ਹੀ ਘੱਟ ਉਹਨੂੰ ਉਜਰਤ ਮਿਲੇਗੀ। ਇਸ ਲਈ ਉਹ ਖੁਦ ਆਪਣੇ ਹਿੱਤ ਵਿੱਚ ਨਹੀਂ ਸਗੋਂ ਸਰਮਾਏਦਾਰ ਦੇ ਹਿੱਤ ਵਿੱਚ ਬੱਚਤ ਕਰਦਾ ਹੈ।"* (ਉਪਰੋਕਤ ਪੰਨਾ 331-32).... *"ਦੂਜੇ ਸ਼ਬਦਾਂ ਵਿੱਚ ਸ਼੍ਰੀ ਸਾਕਸ ਨੂੰ ਆਸ ਹੈ ਕਿ ਉਹਨਾਂ ਦੇ ਪ੍ਰੋਲੇਤਾਰੀ ਰੁਤਬੇ ਵਿੱਚ ਤਬਦੀਲੀ ਨਾਲ਼, ਜੋ ਕਿ ਇੱਕ ਘਰ ਦੀ ਪ੍ਰਾਪਤੀ ਵੱਲੋਂ ਲਿਆਂਦੀ ਜਾਵੇਗੀ, ਮਜ਼ਦੂਰ ਆਪਣਾ ਪ੍ਰੋਲੇਤਾਰੀ ਲੱਛਣ ਵੀ ਗੁਆ ਬੈਠਣਗੇ ਅਤੇ ਆਪਣੇ ਪੁਰਖਿਆਂ ਵਾਂਗ ਜਿਹੜੇ ਆਪ ਵੀ ਮਾਲਕ-ਮਕਾਨ ਹੁੰਦੇ ਸਨ, ਇੱਕ ਵਾਰ ਫੇਰ ਆਗਿਆਕਾਰ ਟੋਡੀ ਬਣ ਜਾਣਗੇ। ਪਰੂਧੋਂਵਾਦੀਆਂ ਨੂੰ ਇਹ ਗੱਲ ਭਵਿੱਖੀ ਅਗਵਾਈ ਲਈ ਚੇਤੇ ਰੱਖਣੀ ਚਾਹੀਦੀ ਹੈ।"* (ਉਪਰੋਕਤ ਪੰਨਾ 332) ਮਜ਼ਦੂਰਾਂ ਨੂੰ ਸੰਪਤੀ ਨਾਲ਼ ਬੰਨ੍ਹਣਾ ਸਿਰਫ਼ ਹਾਕਮ ਜਮਾਤ ਦੇ

ਹਿੱਤਾਂ ਦੀ ਹੀ ਪੂਰਤੀ ਕਰਦਾ ਹੈ। *"ਹੁਕਮਰਾਨ ਜਮਾਤ ਦੇ ਸਭ ਤੋਂ ਹੁਸ਼ਿਆਰ ਆਗੂਆਂ ਨੇ ਹਮੇਸ਼ਾ ਹੀ ਆਪਣੇ ਯਤਨ ਜਾਇਦਾਦ ਦੇ ਛੋਟੇ ਮਾਲਕਾਂ ਦੀ ਗਿਣਤੀ ਵਿੱਚ ਵਾਧਾ ਕਰਨ ਵੱਲ ਸੇਧੇ ਹਨ ਤਾਂ ਜੋ ਉਹ ਖੁਦ ਆਪਣੇ ਲਈ, ਪ੍ਰੋਲੇਤਾਰੀ ਦੇ ਵਿਰੁੱਧ ਇੱਕ ਫੌਜ ਤਿਆਰ ਕਰ ਸਕਣ। ਬੀਤੀ ਸਦੀ ਦੇ ਬੁਰਜੂਆ ਇਨਕਲਾਬਾਂ ਨੇ ਰਈਸਾਂ ਤੇ ਚਰਚ ਦੀਆਂ ਵੱਡੀਆਂ ਜਾਇਦਾਦਾਂ ਦੀ ਛੋਟੇ ਛੋਟੇ ਵੰਡਾਰਿਆਂ ਵਿੱਚ ਵੰਡ ਕਰ ਦਿੱਤੀ ਜਿਵੇਂ ਕਿ ਅਜੇ ਤੱਕ ਮੌਜੂਦ ਵੱਡੀਆਂ ਜਾਇਦਾਦਾਂ ਬਾਰੇ ਸਪੇਨ ਦੇ ਰੀਪਬਲੀਕਨ ਕਰਨ ਦਾ ਸੁਝਾਅ ਰੱਖਦੇ ਹਨ ਅਤੇ ਇਸ ਤਰ੍ਹਾਂ ਛੋਟੇ ਜ਼ਮੀਨ ਮਾਲਕਾਂ ਦੀ ਇੱਕ ਜਮਾਤ ਕਾਇਮ ਕਰ ਦਿੱਤੀ ਜੋ ਉਸ ਸਮੇਂ ਤੋਂ ਹੀ ਸਮਾਜ ਵਿੱਚ ਸਭ ਤੋਂ ਪਿੱਛਾਖੜੀ ਅੰਸਰ ਬਣ ਗਈ ਹੈ ਅਤੇ ਸ਼ਹਿਰ ਦੇ ਪ੍ਰੋਲੇਤਾਰੀ ਦੀ ਇਨਕਲਾਬੀ ਲਹਿਰ ਲਈ ਸਥਾਈ ਰੁਕਾਵਟ ਬਣ ਗਈ ਹੈ। ਨੈਪੋਲੀਅਨ ਤੀਜੇ ਦਾ ਮੰਤਵ ਜਨਤਕ ਕਰਜ਼ੇ ਵਿੱਚ ਵਿਅਕਤੀਗਤ ਬਾਂਡਾਂ ਦੀ ਮੁਦਰਾ ਘਟਾ ਕੇ ਸ਼ਹਿਰਾਂ ਵਿੱਚ ਵੀ ਅਜਿਹੀ ਜਮਾਤ ਪੈਦਾ ਕਰਨਾ ਹੀ ਸੀ ਅਤੇ ਐਮ. ਡੋਲਫਸ ਤੇ ਉਹਦੇ ਸਹਿਕਾਰੀਆਂ ਨੇ ਸਾਲਾਨਾ ਕਿਸ਼ਤਾਂ ਵਿੱਚ ਅਦਾਇਗੀ ਵਾਲ਼ੇ ਨਿੱਕੇ ਘਰ ਉਹਨਾਂ ਨੂੰ ਵੇਚ ਕੇ ਆਪਣੇ ਮਜ਼ਦੂਰਾਂ ਵਿੱਚੋਂ ਇਨਕਲਾਬੀ ਜ਼ਜਬਾ ਖਤਮ ਕਰਨ ਦਾ ਅਤੇ ਇਹਦੇ ਨਾਲ਼ ਹੀ ਮਜ਼ਦੂਰਾਂ ਨੂੰ ਇਸ ਜਾਇਦਾਦ ਰਾਹੀਂ ਉਸੇ ਫੈਕਟਰੀ ਨਾਲ਼ ਬੰਨ੍ਹਣ ਦਾ, ਜਿਸ ਵਿੱਚ ਇੱਕ ਵਾਰ ਉਹਨਾਂ ਨੇ ਕੰਮ ਕੀਤਾ ਸੀ, ਯਤਨ ਕੀਤਾ। ਇਸ ਤਰ੍ਹਾਂ ਪਰੂਧੋਂ ਯੋਜਨਾ ਨੇ ਮਜ਼ਦੂਰ ਜਮਾਤ ਨੂੰ ਕੋਈ ਰਾਹਤ ਦੇਣੀ ਤਾਂ ਇੱਕ ਪਾਸੇ ਰਹੀ ਸਗੋਂ ਸਿੱਧੇ ਤੌਰ 'ਤੇ ਹੀ ਇਹ ਉਹਨਾਂ ਦੇ ਵਿਰੁੱਧ ਜਾਂਦੀ ਹੈ।"* (ਉਪਰੋਕਤ ਪੰਨਾ 317)

## ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਦਾ ਹੱਲ ਕੀ ਹੈ ?

ਪੂੰਜਵਾਦੀ ਢਾਂਚੇ ਨੇ ਮਜ਼ਦੂਰਾਂ ਲਈ ਘਰਾਂ ਦੀ ਘਾਟ ਪੈਦਾ ਕੀਤੀ ਹੈ ਅਤੇ ਇਸ ਦਾ ਹੱਲ ਵੀ ਇਸ ਪੂੰਜੀਵਾਦੀ ਢਾਂਚੇ ਨੂੰ ਉਖਾੜ ਕੇ ਸਮਾਜਵਾਦ ਦੀ ਉਸਾਰੀ 'ਚ ਹੀ ਹੈ। ਮੌਜੂਦਾ ਪੂੰਜੀਵਾਦੀ ਢਾਂਚੇ ਦੇ ਅੰਦਰ ਹੀ ਅੰਦਰ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਹੱਲ ਕਰਨ ਦਾ ਯਤਨ ਇੱਕ ਯੂਟੋਪੀਆ ਹੈ, ਅਜਿਹੇ ਯਤਨ ਮਜ਼ਦੂਰ ਲਹਿਰ ਨੂੰ ਲੀਹੋਂ ਲਾਹੁਣ 'ਚ ਸਹਾਈ ਹੋਣਗੇ ਅਤੇ ਇਸ ਲੁਟੇਰੇ ਪੂੰਜੀਵਾਦੀ ਪ੍ਰਬੰਧ ਦੀ ਉਮਰ ਹੋਰ ਲੰਮੇਰੀ ਕਰਨਗੇ। ਫ਼ਰੈਡਰਿਕ ਏਂਗਲਜ਼ ਲਿਖਦੇ ਹਨ, *"ਘਰਾਂ ਦੀ ਇਸ ਘਾਟ ਦਾ ਖਾਤਮਾ ਕਰਨ ਲਈ ਕੇਵਲ ਇੱਕੋ ਇੱਕ ਸਾਧਨ ਮੌਜੂਦ ਹੈ। ਹੁਕਮਰਾਨ ਜਮਾਤ ਵੱਲੋਂ ਮਜ਼ਦੂਰ ਜਮਾਤ ਦੀ ਲੁੱਟ ਖਸੁੱਟ ਦਾ ਬਿਲਕੁੱਲ ਖਾਤਮਾ ਕਰ ਦਿੱਤਾ ਜਾਵੇ।"* (ਉਪਰੋਕਤ ਪੰਨਾ 305)

ਮਜ਼ਦੂਰਾਂ ਲਈ ਘਰਾਂ ਦੀ ਘਾਟ ਦੂਰ ਕਰਨ ਲਈ ਪਿੰਡ ਅਤੇ ਸ਼ਹਿਰ ਦਰਮਿਆਨ ਪਾੜਾ ਦੂਰ ਕਰਨਾ ਵੀ ਲਾਜ਼ਮੀ ਹੈ। ਇਹ ਵੀ ਪੂੰਜੀਵਾਦੀ ਪ੍ਰਬੰਧ ਨੂੰ ਜੜ੍ਹੋਂ ਪੁੱਟ ਕੇ ਸਮਾਜਵਾਦ ਦੀ ਉਸਾਰੀ ਰਾਹੀਂ ਹੀ ਸੰਭਵ ਹੈ। *"ਘਰਾਂ ਦੇ ਸਵਾਲ ਦਾ ਬੁਰਜੂਆ ਹੱਲ ਮੁਸ਼ਕਿਲ ਵਿੱਚ ਫਸ ਗਿਆ ਹੈ — ਇਹ ਸ਼ਹਿਰ ਤੇ ਪਿੰਡ ਵਿਚਕਾਰ ਪਾੜੇ ਕਾਰਨ ਮੁਸ਼ਕਿਲ ਵਿੱਚ ਫਸ ਗਿਆ ਹੈ*

*ਅਤੇ ਇਹਦੇ ਨਾਲ਼ ਅਸੀਂ ਸਮੱਸਿਆ ਦੀ ਅਹਿਮੀਅਤ ਉੱਤੇ ਪੁੱਜ ਗਏ ਹਾਂ। ਘਰਾਂ ਦਾ ਸਵਾਲ ਕੇਵਲ ਉਦੋਂ ਹੀ ਹੱਲ ਕੀਤਾ ਜਾ ਸਕਦਾ ਹੈ ਜਦੋਂ ਸਮਾਜ ਵਿੱਚ ਇੰਨੀ ਕਾਫ਼ੀ ਤਬਦੀਲੀ ਹੋ ਚੁੱਕੀ ਹੋਵੇ ਕਿ ਸ਼ਹਿਰ ਤੇ ਪਿੰਡ ਵਿਚਕਾਰ ਫ਼ਰਕ ਦੇ ਖਾਤਮੇ ਵੱਲ ਕੰਮ ਆਰੰਭ ਕੀਤਾ ਜਾ ਸਕੇ, ਜਿਹੜਾ ਫ਼ਰਕ ਅਜੋਕੇ ਪੂੰਜੀਵਾਦੀ ਸਮਾਜ ਨੇ ਉਹਦੇ ਸਿਰੇ ਦੇ ਨੁਕਤੇ ਤੱਕ ਲੈ ਆਉਂਦਾ ਹੈ। ਇਸ ਵਖਰੇਵੇਂ ਨੂੰ ਖਤਮ ਕਰਨ ਦੀ ਗੱਲ ਤਾਂ ਕਿਤੇ ਰਹੀ, ਇਹਦੇ ਉਲਟ ਪੂੰਜੀਵਾਦੀ ਸਮਾਜ ਇਹਨੂੰ ਦਿਨੋਂ ਦਿਨ ਤਿੱਖਾ ਕਰਨ ਉੱਤੇ ਮਜਬੂਰ ਹੋ ਗਿਆ ਹੈ। ਦੂਜੇ ਪਾਸੇ ਪਹਿਲੇ ਆਧੁਨਿਕ ਯੂਟੋਪੀਆਈ ਸੋਸ਼ਲਿਸਟਾਂ, ਓਵੇਨ ਤੇ ਫੂਰੀਅਰ, ਨੇ ਇਹਨੂੰ ਦਰੁਸਤ-ਰੂਪ ਵਿੱਚ ਸਮਝ ਲਿਆ ਹੈ। ਉਹਨਾਂ ਦੀਆਂ ਨਮੂਨੇ ਦੀਆਂ ਬਣਤਰਾਂ ਵਿੱਚ ਹੁਣ ਸ਼ਹਿਰ ਤੇ ਪਿੰਡ ਵਿਚਕਾਰ ਕੋਈ ਪਾੜਾ ਮੌਜੂਦ ਨਹੀਂ ਹੈ। ਨਤੀਜੇ ਵਜੋਂ, ਉਸ ਨਾਲੋਂ ਬਿਲਕੁੱਲ ਹੀ ਉਲਟ ਗੱਲ ਵਾਪਰਦੀ ਹੈ ਜਿਸ ਦਾ ਸ਼੍ਰੀ ਸਾਕਸ ਦਾਅਵਾ ਕਰਦਾ ਹੈ; ਗੱਲ ਇਹ ਨਹੀਂ ਹੈ ਕਿ ਘਰਾਂ ਦੇ ਸਵਾਲ ਦੇ ਹੱਲ ਦੇ ਨਾਲ਼ ਹੀ ਸਮਾਜਕ ਸਵਾਲ ਵੀ ਹੱਲ ਹੋ ਜਾਂਦਾ ਹੈ, ਸਗੋਂ ਗੱਲ ਇਹ ਹੈ ਕਿ ਕੇਵਲ ਸਮਾਜਕ ਸਵਾਲ ਦੇ ਹੱਲ ਨਾਲ਼, ਭਾਵ ਪੈਦਾਵਾਰ ਦੇ ਪੂੰਜੀਵਾਦੀ ਢੰਗ ਦੇ ਖਾਤਮੇਂ ਨਾਲ਼ ਘਰਾਂ ਦੇ ਸਵਾਲ ਦਾ ਹੱਲ ਸੰਭਵ ਹੋ ਜਾਂਦਾ ਹੈ। ਘਰਾਂ ਦੇ ਸਵਾਲ ਨੂੰ ਹੱਲ ਕਰਨ ਦੀ ਖਾਹਿਸ਼ ਰੱਖਣਾ ਅਤੇ ਇਹਦੇ ਨਾਲ਼ ਹੀ ਆਧੁਨਿਕ ਵੱਡੇ ਸ਼ਹਿਰਾਂ ਨੂੰ ਕਾਇਮ ਰੱਖਣ ਦੀ ਖਾਹਿਸ਼ ਕਰਨਾ ਇੱਕ ਬੇਤੁਕੀ ਗੱਲ ਹੈ। ਪਰ ਆਧੁਨਿਕ ਵੱਡੇ ਸ਼ਹਿਰ ਤਾਂ ਕੇਵਲ ਪੈਦਾਵਾਰ ਦੇ ਪੂੰਜੀਵਾਦੀ ਢੰਗ ਦੇ ਖਾਤਮੇ ਰਾਹੀਂ ਹੀ ਖਤਮ ਕੀਤੇ ਜਾ ਸਕਦੇ ਹਨ ਅਤੇ ਜਦੋਂ ਇੱਕ ਵਾਰ ਇਹ ਕੰਮ ਸ਼ੁਰੂ ਹੋ ਗਿਆ ਤਾਂ ਫੇਰ ਮਜ਼ਦੂਰ ਨੂੰ ਉਹਦਾ ਆਪਣਾ ਨਿੱਕਾ ਜਿਹਾ ਘਰ ਸਪਲਾਈ ਕਰਨ ਦੀ ਬਜਾਏ ਬਿਲਕੁੱਲ ਹੀ ਵੱਖਰੇ ਮਸਲੇ ਹੋਣਗੇ।"* (ਉਪਰੋਕਤ ਪੰਨਾ 333) ਅੱਗੇ ਫ਼ਰੈਡਰਿਕ ਏਂਗਲਜ਼ ਲਿਖਦੇ ਹਨ, *"ਜਦੋਂ ਤੱਕ ਪੈਦਾਵਾਰ ਦਾ ਪੂੰਜੀਵਾਦੀ ਢੰਗ ਕਾਇਮ ਰਹੇਗਾ, ਘਰਾਂ ਦੇ ਸਵਾਲ ਦੇ ਅੱਡਰੇ ਨਿਬੇੜੇ ਦੀ ਜਾਂ ਮਜ਼ਦੂਰਾਂ ਦੀ ਹਾਲਤ ਉੱਤੇ ਅਸਰ ਪਾਉਣ ਵਾਲ਼ੇ ਕਿਸੇ ਵੀ ਹੋਰਨਾਂ ਸਵਾਲਾਂ ਦੇ ਅੱਡਰੇ ਨਿਬੇੜੇ ਦੀ ਆਸ ਕਰਨਾ ਮੂਰਖਤਾਈ ਵਾਲ਼ੀ ਗੱਲ ਹੈ। ਇਹਦਾ ਹੱਲ ਇਸੇ ਗੱਲ ਵਿੱਚ ਲੁਕਿਆ ਹੋਇਆ ਹੈ ਕਿ ਪੈਦਾਵਾਰ ਦਾ ਪੂੰਜੀਵਾਦੀ ਢੰਗ ਖਤਮ ਕੀਤਾ ਜਾਵੇ, ਜੀਵਨ ਦੇ ਸਾਰੇ ਦੇ ਸਾਰੇ ਸਾਧਨ ਅਤੇ ਕਿਰਤ ਦੇ ਸਾਧਨ ਖੁਦ ਮਜ਼ਦੂਰ ਜਮਾਤ ਵੱਲੋਂ ਆਪਣੇ ਹੱਥ ਵਿੱਚ ਲੈ ਲਏ ਜਾਣ।"*(ਉਪਰੋਕਤ ਪੰਨਾ 352-53)

ਮੌਜੂਦਾ ਪੂੰਜੀਵਾਦੀ ਢਾਂਚੇ 'ਚ ਘਰਾਂ ਦੀ ਘਾਟ ਸਿਰਫ਼ ਮਜ਼ਦੂਰਾਂ ਵਾਸਤੇ ਹੀ ਹੈ। ਮਜ਼ਦੂਰਾਂ ਤੋਂ ਇਲਾਵਾ ਸ਼ਹਿਰੀ ਨਿੱਕ ਬੁਰਜੂਆਜ਼ੀ ਵੀ ਘਰਾਂ ਦੀ ਘਾਟ ਦੀ ਸ਼ਿਕਾਰ ਹੈ। ਬੁਰਜੂਆਜ਼ੀ ਲਈ ਘਰਾਂ ਦੀ ਕੋਈ ਕਮੀ ਨਹੀਂ ਹੈ। ਇਹਨਾਂ ਕੋਲ ਨਾ ਸਿਰਫ਼ ਖੁਦ ਦੇ ਰਹਿਣ ਲਈ ਜ਼ਰੂਰਤ ਤੋਂ ਵੱਡੇ ਘਰ ਹਨ, ਸਗੋਂ ਇਹਨਾਂ ਕੋਲ ਕਈ ਕਈ ਘਰ ਹਨ, ਜੋ ਕਿ ਖਾਲੀ ਹੀ ਰਹਿੰਦੇ ਹਨ, ਬਸ ਇਹਨਾਂ ਘਰਾਂ ਦੀ ਦੇਖਭਾਲ ਕਰਨ ਲਈ ਇੱਕ ਅੱਧਾ ਨੌਕਰ ਇਹਨਾਂ ਵਿਸ਼ਾਲ ਭਵਨਾਂ ਦੇ ਇੱਕ ਕੋਨੇ 'ਚ ਨਿੱਕੇ ਜਿਹੇ ਕਮਰੇ 'ਚ ਰਹਿੰਦਾ ਹੈ। 2001 ਦੀ ਜਨਗਣਨਾ ਮੁਤਾਬਕ ਭਾਰਤ 'ਚ ਇੱਕ ਕਰੋੜ ਸੱਠ ਲੱਖ ਮਕਾਨ ਖਾਲੀ ਪਏ ਸਨ। ਲੁਧਿਆਣੇ ਜਿਹੇ

ਸਨਅਤੀ ਮਹਾਂਨਗਰਾਂ 'ਚ ਤਿਆਰ ਘਰਾਂ ਦੀ ਕਈ ਕਲੋਨੀਆਂ ਵੇਖੀਆਂ ਜਾ ਸਕਦੀਆਂ ਹਨ, ਜੋ ਖਾਲੀ ਪਈਆਂ ਹਨ। ਇਸ ਤੋਂ ਇਲਾਵਾ ਸਾਰੇ ਵੱਡੇ ਸ਼ਹਿਰਾਂ 'ਚ ਅਨੇਕਾਂ ਦੇਸੀ ਵਿਦੇਸ਼ੀ ਰੀਅਲ ਇਸਟੇਟ ਕੰਪਨੀਆਂ ਧੜਾਧੜ ਮਕਾਨ ਉਸਾਰੀ ਜਾ ਰਹੀਆਂ ਹਨ, ਜਿਨ੍ਹਾਂ ਲਈ ਗਾਹਕ ਨਹੀਂ ਮਿਲ ਰਹੇ। ਅੱਜ ਦੀ ਸਮੇਂ 'ਚ ਘਰਾਂ ਦੀ ਘਾਟ ਦੀ ਸਮੱਸਿਆ ਨਹੀਂ ਹੈ, ਸਮੱਸਿਆ ਹੈ ਇਹਨਾਂ ਦੇ ਸਹੀ ਇਸਤੇਮਾਲ ਦੀ।

ਜਿਵੇਂ ਸਾਰੇ ਪੈਦਾਵਾਰ ਦੇ ਸਾਧਨਾਂ ਦੀ ਅਸਲ ਮਾਲਕ ਮਜ਼ਦੂਰ ਜਮਾਤ ਹੈ, ਕਿਉਂਕਿ ਇਹ ਹੀ ਇਹਨਾਂ ਨੂੰ ਇਸਤੇਮਾਲ ਕਰਦੀ ਹੈ ਅਤੇ ਇਸੇ ਨੇ ਹੀ ਇਹਨਾਂ ਦੀ ਸਿਰਜਣਾ ਕੀਤੀ ਹੈ। ਪੂੰਜੀਪਤੀ ਜਮਾਤ ਤੋਂ ਪੈਦਾਵਾਰ ਦੇ ਇਹ ਸਾਧਨ ਖੋਹਣਾ ਮਜ਼ਦੂਰ ਜਮਾਤ ਦੀ ਮੁਕਤੀ ਦੀ ਇੱਕ ਬੁਨਿਆਦੀ ਸ਼ਰਤ ਹੈ। ਪੈਦਾਵਾਰ ਦੇ ਸਾਧਨਾਂ ਦੀ ਤਰ੍ਹਾਂ ਹੀ ਬੁਰਜੂਆਜ਼ੀ ਦੇ ਘਰਾਂ ਦੀ ਵੀ ਅਸਲ ਮਾਲਕ ਮਜ਼ਦੂਰ ਜਮਾਤ ਹੀ ਹੈ। ਇੱਕ, ਇਹ ਘਰ ਉਸ ਦੀ ਕਿਰਤ ਨੇ ਬਣਾਏ ਹਨ, ਦੂਜਾ, ਇਹ ਮਜ਼ਦੂਰ ਜਮਾਤ ਦੀ ਕਿਰਤ ਸ਼ਕਤੀ ਦੀ ਲੁੱਟ ਰਾਹੀਂ ਬਣਾਏ ਗਏ ਹਨ। ਇਸ ਲਈ ਪੈਦਾਵਾਰ ਦੇ ਸਾਧਨਾਂ ਵਾਂਗ ਹੀ ਮਜ਼ਦੂਰ ਜਮਾਤ ਪੂੰਜੀਪਤੀਆਂ ਦੇ ਘਰਾਂ ਉੱਪਰ ਵੀ ਕਬਜ਼ਾ ਕਰੇਗੀ। ਏਂਗਲਜ਼ ਲਿਖਦੇ ਹਨ, *"ਭਵਿੱਖੀ ਸਮਾਜ ਦੀ ਜਥੇਬੰਦੀ ਲਈ ਯੂਟੋਪੀਆਈ ਪ੍ਰਣਾਲੀਆਂ ਕਾਇਮ ਕਰਨਾ ਸਾਡਾ ਕਾਰਜ ਨਹੀਂ ਹੈ, ਇੱਥੇ ਇਸ ਸਵਾਲ ਵਿੱਚ ਜਾਣਾ ਬਹੁਤ ਹੀ ਫ਼ਜ਼ੂਲ ਗੱਲ ਹੋਵੇਗੀ। ਪਰ ਇੱਕ ਗੱਲ ਤਾਂ ਯਕੀਨੀ ਹੈ : ਫ਼ੌਰੀ ਤੌਰ 'ਤੇ ਸਮੁੱਚੀ ਅਮਲੀ "ਘਰਾਂ ਦੀ ਘਾਟ" ਨੂੰ ਦੂਰ ਕਰਨ ਲਈ ਵੱਡੇ ਸ਼ਹਿਰਾਂ ਵਿੱਚ ਘਰਾਂ ਦੀ ਕਾਫੀ ਮਿਕਦਾਰ ਅੱਜ ਮੌਜੂਦ ਹੈ, ਪਰ ਸ਼ਰਤ ਇਹ ਹੈ ਕਿ ਉਹਨਾਂ ਦੀ ਸਿਆਣਪ ਨਾਲ਼ ਵਰਤੋਂ ਕੀਤੀ ਜਾਵੇ। ਇਹ ਗੱਲ ਕੁਦਰਤੀ ਤੌਰ 'ਤੇ ਵਰਤਮਾਨ ਮਾਲਕਾਂ ਕੋਲ਼ੋਂ ਘਰ ਲੈ ਲੈਣ ਰਾਹੀਂ ਹੋ ਸਕਦੀ ਹੈ ਜੋ ਕਿ ਉਹਨਾਂ ਦੇ ਘਰਾਂ ਵਿੱਚ ਬੇਘਰੇ ਮਜ਼ਦੂਰਾਂ ਨੂੰ ਜਾਂ ਉਹਨਾਂ ਮਜ਼ਦੂਰਾਂ ਨੂੰ ਜਿਹੜੇ ਆਪਣੇ ਵਰਤਮਾਨ ਘਰਾਂ ਵਿੱਚ ਤੂੜੇ ਪਏ ਹਨ, ਉਹਨਾਂ ਮਾਲਕਾਂ ਦੇ ਘਰਾਂ ਵਿੱਚ ਵਸਾਉਣ ਰਾਹੀਂ ਕੀਤਾ ਜਾ ਸਕਦਾ ਹੈ। ਜਿਉਂ ਹੀ ਪ੍ਰੋਲੇਤਾਰੀ ਰਾਜਨੀਤਕ ਸੱਤ੍ਹਾ ਜਿੱਤ ਲਵੇਗਾ, ਸਾਂਝੀ ਭਲਾਈ ਲਈ ਫ਼ਿਕਰਮੰਦੀ ਤੋਂ ਪੈਦਾ ਹੋਣ ਵਾਲ਼ਾ ਅਜਿਹਾ ਕਦਮ ਲੈਣਾ ਓਨਾ ਹੀ ਆਸਾਨ ਹੋ ਜਾਵੇਗਾ ਜਿੰਨੀ ਅਜੋਕੇ ਰਾਜ ਵੱਲੋਂ ਦੂਜੀਆਂ ਜ਼ਬਤੀਆਂ ਕਰਨਾ ਤੇ ਘਰਾਂ ਵਿੱਚ ਥਾਂ ਦੇਣਾ ਹੈ।"* (ਉਪਰੋਕਤ ਪੰਨਾ 317-18) ਇਸੇ ਸਬੰਧ ਵਿੱਚ ਅੱਗੇ ਲਿਖਦੇ ਹਨ, *"ਪਰ ਸ਼ੁਰੂ ਵਿੱਚ ਹਰ ਸਮਾਜਕ ਇਨਕਲਾਬ ਨੂੰ ਚੀਜ਼ਾਂ ਉਵੇਂ ਹੀ ਲੈਣੀਆਂ ਪੈਣਗੀਆਂ ਜਿਵੇਂ ਉਹ ਉਹਨਾਂ ਨੂੰ ਹਾਸਲ ਕਰਦਾ ਹੈ ਅਤੇ ਉਹ ਨੂੰ ਆਪਣੇ ਕੋਲ਼ ਸਾਧਨਾਂ ਰਾਹੀਂ ਸਭ ਤੋਂ ਵੱਧ ਫ਼ੌਰੀ ਬੁਰਾਈਆਂ ਤੋਂ ਛੁਟਕਾਰਾ ਪਾਉਣ ਲਈ ਆਪਣੀ ਪੂਰੀ ਵਾਹ ਲਾਉਣੀ ਪਵੇਗੀ ਅਤੇ ਅਸੀਂ ਹੁਣ ਤੱਕ ਇਹ ਵੇਖ ਚੁੱਕੇ ਹਾਂ ਕਿ ਘਰਾਂ ਦੀ ਘਾਟ ਜਾਇਦਾਦ ਦੀਆਂ ਮਾਲਕ ਜਮਾਤਾਂ ਦੇ ਅੱਯਾਸ਼ੀ ਵਾਲ਼ੇ ਘਰਾਂ ਦੇ ਇੱਕ ਹਿੱਸੇ ਨੂੰ ਜ਼ਬਤ ਕਰਕੇ ਅਤੇ ਜ਼ਬਰੀ ਤੌਰ 'ਤੇ ਬਾਕੀ ਦੇ ਹਿੱਸੇ ਵਿੱਚ ਲੋਕਾਂ ਨੂੰ ਵਸਾ ਕੇ ਤੁਰੰਤ ਹੀ ਦੂਰ ਕੀਤੀ ਜਾ ਸਕਦੀ ਹੈ।"* (ਉਪਰੋਕਤ ਪੰਨਾ 333-34)

ਨਿਸ਼ਚੇ ਹੀ ਸਾਡੇ ਵਿਰੋਧੀ ਇਹ ਸਵਾਲ ਉਠਾਉਣਗੇ ਕਿ ਇਨਕਲਾਬ ਦਾ ਘਰ ਤਾਂ ਅਜੇ ਬਹੁਤ ਦੂਰ ਹੈ, ਕੀ ਜਦੋਂ ਤੱਕ ਮਜ਼ਦੂਰ ਜਮਾਤ ਪੂੰਜੀਵਾਦੀ ਢਾਂਚੇ ਨੂੰ ਉਖਾੜ ਨਹੀਂ

ਦਿੰਦੀ, ਉਦੋਂ ਤੱਕ ਮਜ਼ਦੂਰਾਂ ਨੂੰ ਅਜਿਹੀਆਂ ਹੀ ਨਰਕ ਭਰੀਆਂ ਹਾਲਤਾਂ 'ਚ ਰਹਿਣ ਦਿੱਤਾ ਜਾਵੇ। ਏਂਗਲਜ਼ ਅਜਿਹੇ ਸਵਾਲਾਂ ਬਾਰੇ ਵੀ ਸੁਚੇਤ ਸਨ। ਇਸ ਲਈ ਉਹ ਲਿਖਦੇ ਹਨ, *"ਜਦੋਂ ਕਿ ਆਧੁਨਿਕ ਸਮਾਜਵਾਦ ਦੇ ਬੁਨਿਆਦੀ ਵਿਚਾਰਾਂ ਨੂੰ ਅਤੇ ਪੈਦਾਵਾਰ ਦੇ ਸਮੁੱਚੇ ਸਾਧਨਾਂ ਦੀ ਸਮਾਜਿਕ ਜਾਇਦਾਦ ਵਿੱਚ ਬਦਲੀ ਦੀ ਮੰਗ ਨੂੰ ਹੱਕੀ ਹੋਣ ਵਜੋਂ ਮਾਣਤਾ ਦਿੱਤੀ ਜਾਂਦੀ ਹੈ ਅਤੇ ਇਹਦੀ ਪੂਰਤੀ ਕੇਵਲ ਦੂਰ ਭਵਿੱਖ ਵਿੱਚ ਹੀ ਸੰਭਵ ਹੋਣ ਬਾਰੇ ਐਲਾਨ ਕੀਤਾ ਜਾਂਦਾ ਹੈ, ਭਵਿੱਖ ਜਿਹੜਾ ਸਾਰੇ ਅਮਲੀ ਮੰਤਵਾਂ ਲਈ ਦ੍ਰਿਸ਼ਟੀ ਤੋਂ ਓਝਲ ਹੁੰਦਾ ਹੈ। ਇਸ ਲਈ ਵਰਤਮਾਨ ਸਮੇਂ ਲਈ ਤਾਂ ਕੇਵਲ ਗੰਢ-ਤੁਪ ਨਾਲ਼ ਹੀ ਬੁੱਤਾ ਸਾਰਨਾ ਪਵੇਗਾ ਅਤੇ ਹਾਲਾਤ ਅਨੁਸਾਰ ਕਥਿਤ ਰੂਪ ਵਿੱਚ "ਕਿਰਤੀ ਜਮਾਤ ਨੂੰ ਉੱਚਾ ਚੁੱਕਣ" ਲਈ ਸਭ ਤੋਂ ਪਿਛਾਖ਼ੜੀ ਯਤਨਾਂ ਨਾਲ਼ ਵੀ ਹਮਦਰਦੀ ਵਿਖਾਈ ਜਾ ਸਕਦੀ ਹੈ।"* (ਉਪਰੋਕਤ ਪੰਨਾ 298), ਅੱਗੇ ਉਹ ਲਿਖਦੇ ਹਨ, *"ਵੱਡੇ ਪੱਧਰ ਦੀ ਸਨਅਤ ਤੇ ਸ਼ਹਿਰਾਂ ਦੇ ਵਰਤਮਾਨ ਵਿਕਾਸ ਨਾਲ਼ ਇਹ ਸੁਝਾਅ ਓਨਾ ਹੀ ਬੇਤੁਕਾ ਹੋ ਗਿਆ ਹੈ ਜਿੰਨਾ ਇਹ ਪਿੱਛੇ ਖਿੱਚੂ ਹੈ ਅਤੇ ਹਰ ਵਿਅਕਤੀ ਵੱਲੋਂ ਆਪਣੇ ਰਿਹਾਇਸ਼ੀ ਘਰ ਦੀ ਵਿਅਕਤੀਗਤ ਮਾਲਕੀ ਦਾ ਮੁੜ ਚਾਲੂ ਕੀਤਾ ਜਾਣਾ ਪਿੱਛੇ ਵੱਲ ਨੂੰ ਇੱਕ ਕਦਮ ਹੋਵੇਗਾ।"* (ਉਪਰੋਕਤ ਪੰਨਾ 371)

**('ਪ੍ਰਤੀਬੱਧ', ਜਨਵਰੀ, 2010)**

# ਮਜ਼ਦੂਰ ਘਰਾਂ ਦਾ ਮਸਲਾ ਅਤੇ 'ਪ੍ਰਤੀਬੱਧ' ਦੀ ਟਿੱਪਣੀ

ਪੇਂਡੂ ਮਜ਼ਦੂਰਾਂ ਦੀ ਪਲਾਟਾਂ ਦੀ ਮੰਗ ਉੱਪਰ ਮਾਨਸਾ ਅੰਦਰ ਹੋਏ ਜਬਰ ਅਤੇ ਇਸ ਸੰਘਰਸ਼ ਸਬੰਧੀ ਇਨਕਲਾਬੀ ਲਹਿਰ ਅੰਦਰ ਮੱਤਭੇਦਾਂ ਬਾਰੇ ਲਾਲ ਪਰਚਮ ਅਤੇ ਲੋਕ ਮੋਰਚਾ ਨਾਂ ਦੇ ਪਰਚਿਆਂ ਅੰਦਰ ਚੱਲ ਰਹੀ ਬਹਿਸ ਵਿੱਚ ਇੱਕ ਹੋਰ ਪ੍ਰਤੀਬੱਧ ਨਾਂ ਦੇ ਪਰਚੇ ਨੇ ਸ਼ਿਰਕਤ ਕੀਤੀ ਹੈ। ਬਹਿਸ ਵਿੱਚ ਭਾਗ ਲੈਂਦਿਆਂ ਪ੍ਰਤੀਬੱਧ ਨੇ ਪੇਂਡੂ ਮਜ਼ਦੂਰਾਂ ਲਈ ਰਿਹਾਇਸ਼ੀ ਪਲਾਟਾਂ ਦੀ ਮੰਗ ਕਰਨ ਨੂੰ ਪੇਂਡੂ ਮਜ਼ਦੂਰਾਂ ਲਈ ਨੁਕਸਾਨਦੇਹ ਹੋਣ ਨੂੰ ਸਿੱਧ ਕਰਨ ਲਈ ਆਪਣਾ ਪੂਰਾ ਟਿੱਲ ਲਾਇਆ ਹੈ। ਉਸ ਨੇ ਇਨਕਲਾਬੀ ਲਹਿਰ ਵੱਲੋਂ ਪੇਂਡੂ ਮਜ਼ਦੂਰਾਂ ਲਈ ਪਲਾਟਾਂ ਦੀ ਕੀਤੀ ਜਾਂਦੀ ਮੰਗ ਨੂੰ ਨਿੱਕ ਬੁਰਜੂਆ ਗਰਦਾਨਦਿਆਂ ਇਹ ਨਿਰਖ ਕੀਤੀ ਹੈ ਕਿ "ਪੰਜਾਬ ਦੀ ਸਮੁੱਚੀ ਖੱਬੀ ਲਹਿਰ, ਇਨਕਲਾਬੀ ਕਾਡਰਾਂ ਅਤੇ ਇਨਕਲਾਬੀ ਲਹਿਰ ਦੇ ਹਮਦਰਦ ਖੱਬੇ ਪੱਖੀ ਬੁੱਧੀਜੀਵੀਆਂ 'ਚ ਇਸ ਸਵਾਲ 'ਤੇ ਵਿਆਪਕ ਭਰਮ ਭੁਲੇਖੇ ਪਾਏ ਜਾ ਰਹੇ ਹਨ।" ਇਸ ਕਰਕੇ ਪ੍ਰਤੀਬੱਧ ਦੇ ਲੇਖਕ ਨੇ ਇਨਕਲਾਬੀ ਲਹਿਰ ਦੇ ਵੱਡੇ ਹਿੱਸਿਆਂ ਅੰਦਰ ਮੌਜੂਦ 'ਭਰਮ ਭੁਲੇਖਿਆਂ' ਨੂੰ ਦੂਰ ਕਰਨ ਹਿਤ ਉਨ੍ਹਾਂ ਨੂੰ 'ਸਿੱਖਿਅਤ' ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਹੈ ਅਤੇ ਮਜ਼ਦੂਰ ਜਮਾਤ ਦੇ ਮਹਾਨ ਉਸਤਾਦ ਏਂਗਲਜ਼ ਦੇ ਮਜ਼ਦੂਰਾਂ ਦੇ ਘਰਾਂ ਦੀ ਸਮੱਸਿਆ ਸਬੰਧੀ ਲੇਖਾਂ ਦੇ ਲੰਬੇ ਹਵਾਲੇ ਦੇ ਕੇ ਆਪਣੀ 'ਮਾਰਕਸਵਾਦੀ ਪਹੁੰਚ' ਨੂੰ ਸਪੱਸ਼ਟ ਕੀਤਾ ਹੈ। ਉਸ ਦੀ 'ਮਾਰਕਸਵਾਦੀ ਪਹੁੰਚ' ਕਹਿੰਦੀ ਕਿ ਪੇਂਡੂ ਮਜ਼ਦੂਰਾਂ ਲਈ ਪਲਾਟਾਂ ਦੀ ਮੰਗ ਕਰਨ ਦਾ ਅਰਥ ਪੇਂਡੂ ਮਜ਼ਦੂਰਾਂ ਨੂੰ ਸੰਪਤੀ ਨਾਲ਼ ਬੰਨਣਾ ਹੈ ਅਤੇ ਇਹ ਉਨ੍ਹਾਂ ਨੂੰ ਪ੍ਰੋਲੇਤਾਰੀਏ ਤੋਂ ਇੱਕ ਬੁਰਜੂਆ ਬਣਾਉਣ ਦਾ 'ਪਿਛਾਂਹਖਿੱਚੂ' ਰਸਤਾ ਹੈ। ਇਸ ਕਰਕੇ ਉਸ ਨੇ ਰਿਹਾਇਸ਼ੀ ਪਲਾਟਾਂ ਦੇ ਮੁੱਦੇ ਨੂੰ ਲੈ ਕੇ ਪੇਂਡੂ ਮਜ਼ਦੂਰਾਂ ਦੇ ਸੰਘਰਸ਼ ਨੂੰ ਗ਼ਲਤ ਕਰਾਰ ਦਿੱਤਾ ਹੈ।

ਪੇਂਡੂ ਮਜ਼ਦੂਰਾਂ ਲਈ ਪਲਾਟਾਂ ਦੇ ਮਸਲੇ ਉੱਪਰ ਪਰਚਮ ਅਤੇ ਲੋਕ ਮੋਰਚਾ ਅੰਦਰ ਚੱਲੀ ਬਹਿਸ ਨੂੰ, ਇਨਕਲਾਬੀ ਲਹਿਰ ਉੱਪਰ ਸ਼ਬਦ-ਬਾਣ ਦਾਗਣ ਦਾ ਇੱਕ ਗਣੀਮਤ ਮੌਕਾ ਸਮਝਦਿਆਂ ਪ੍ਰਤੀਬੱਧ ਦੇ ਲੇਖਕ ਨੇ ਇਹ ਵੀ ਦੇਖਣ-ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਏਂਗਲਜ਼ ਦੇ ਲੇਖਾਂ ਦਾ ਪ੍ਰਸੰਗ ਕੀ ਹੈ। ਉਹ ਕਿਹੜਾ ਸਮਾਂ ਸੀ ਜਦੋਂ ਏਂਗਲਜ਼ ਨੂੰ ਮਜ਼ਦੂਰਾਂ ਦੇ ਘਰਾਂ ਸਬੰਧੀ ਮਸਲੇ ਬਾਰੇ ਗ਼ਲਤ ਸਮਝਾਂ ਦੀ ਆਲੋਚਨਾ ਕਰਨੀ ਪਈ ? ਜੇਕਰ ਉਸ ਨੇ ਇਸ ਬਾਰੇ ਜਾਨਣ ਦੀ ਰੱਤੀ ਭਰ ਵੀ ਕੋਸ਼ਿਸ਼ ਕੀਤੀ ਹੁੰਦੀ ਤਾਂ ਹੋ ਸਕਦਾ ਹੈ ਕਿ ਉਸ ਨੇ ਪੇਂਡੂ ਮਜ਼ਦੂਰਾਂ ਦੇ ਸੰਘਰਸ਼ ਪ੍ਰਤੀ ਨਕਾਰੀ ਰੁਖ ਅਖ਼ਤਿਆਰ ਕਰਨ ਅਤੇ ਇਸ ਮਸਲੇ ਸਬੰਧੀ ਇਨਕਲਾਬੀ ਲਹਿਰ ਉੱਪਰ ਨਾਂਹਵਾਚਕ ਟਿੱਪਣੀ ਕਰਨ ਤੋਂ ਗੁਰੇਜ਼ ਕੀਤੀ ਹੁੰਦੀ।

ਮਜ਼ਦੂਰ ਜਮਾਤ ਦੇ ਮਹਾਨ ਉਸਤਾਦ ਏਂਗਲਜ਼ ਨੇ ਘਰਾਂ ਦੀ ਸਮੱਸਿਆ ਉੱਪਰ ਆਪਣੇ ਤਿੰਨ ਲੇਖ 1872 ਵਿੱਚ ਲਿਖੇ। ਇਸ ਪਿੱਛੋਂ 1887 ਵਿੱਚ ਇਨ੍ਹਾਂ ਤਿੰਨਾਂ ਲੇਖਾਂ ਦਾ ਸੰਗ੍ਰਹਿ ਮੁੜ ਛਾਪਿਆ ਗਿਆ ਜਿਸ ਦਾ ਮੁਖਬੰਦ ਏਂਗਲਜ਼ ਵੱਲੋਂ ਹੀ ਲਿਖਿਆ ਗਿਆ। ਇਹ ਉਹ ਸਮਾਂ ਸੀ ਜਦੋਂ ਸਰਮਾਏਦਾਰੀ ਜਮਾਤ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚੋਂ ਗੁਜਰ ਰਹੀ ਸੀ। ਇਹ ਅਜੇ ਵਿਕਸਤ ਹੋ ਕੇ ਆਪਣੀ ਆਖ਼ਰੀ ਅਤੇ ਸਭ ਤੋਂ ਉਚੇਰੀ ਮੰਜ਼ਿਲ, ਸਾਮਰਾਜਵਾਦ ਦੀ ਮੰਜ਼ਿਲ ਉੱਪਰ ਨਹੀਂ ਸੀ ਪਹੁੰਚੀ। ਭਾਵੇਂ ਇਸ ਦੇ ਚਿੰਨ੍ਹ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਸਰਮਾਏਦਾਰੀ ਆਪਣੀ ਮੰਡੀ ਅਤੇ ਮੁਨਾਫ਼ੇ ਦੇ ਵਿਕਾਸ ਲਈ ਜਗੀਰਦਾਰੀ ਪ੍ਰਬੰਧ ਉੱਪਰ ਸੱਟ ਮਾਰ ਰਹੀ ਸੀ। ਸੰਸਾਰ ਦੇ ਸਾਰੇ ਸਰਮਾਏਦਾਰਾਨਾ ਦੇਸ਼ਾਂ ਇੰਗਲੈਂਡ, ਫ਼ਰਾਂਸ, ਅਮਰੀਕਾ, ਜਰਮਨ ਆਦਿ ਵਿੱਚ ਇਹ ਸਭ ਕੁਝ ਹੋ ਰਿਹਾ ਸੀ। ਉਸ ਸਮੇਂ ਹੋ ਰਹੇ ਸਰਮਾਏਦਾਰਾਨਾ ਵਿਕਾਸ ਦੇ ਸਿੱਟੇ ਵਜੋਂ ਪੇਂਡੂ ਖੇਤਰ ਅੰਦਰ ਕਿਸਾਨੀ ਅਤੇ ਘਰੇਲੂ ਦਸਤਕਾਰੀ ਦਾ ਉਜਾੜਾ ਹੋ ਰਿਹਾ ਸੀ ਅਤੇ ਇਸ ਵਿੱਚੋਂ ਵਿਹਲੀ ਹੋ ਰਹੀ ਮਨੁੱਖਾ ਸ਼ਕਤੀ ਕਾਰਖਾਨਿਆਂ ਵੱਲ ਅਤੇ ਸ਼ਹਿਰਾਂ ਵੱਲ ਨਿਕਾਸ ਕਰ ਰਹੀ ਸੀ। ਵਿਕਸਤ ਹੋ ਰਹੀਆਂ ਨਵੀਆਂ ਘਰੇਲੂ ਸਨਅਤਾਂ ਦੀ ਤੁਲਨਾ ਵਿੱਚ ਵੱਡੇ ਪੈਮਾਨੇ ਦੀਆਂ ਸਨਅਤਾਂ ਅੰਦਰ ਮਜ਼ਦੂਰਾਂ ਦੀ ਹਾਲਤ ਮੁਕਾਬਲਤਨ ਬਿਹਤਰ ਸੀ। ਇਨ੍ਹਾਂ ਵੱਡੀਆਂ ਸਨਅਤਾਂ ਅੰਦਰ ਮਜ਼ਦੂਰੀ ਜ਼ਿਆਦਾ ਹੋਣ ਦਾ ਕਾਰਨ ਇਨ੍ਹਾਂ ਅੰਦਰ ਉਤਪਾਦਕਤਾ ਜ਼ਿਆਦਾ ਹੋਣ ਦੇ ਨਾਲ਼ ਨਾਲ਼ ਇਹ ਵੀ ਸੀ ਕਿ ਘਰੇਲੂ ਸਨਅਤਾਂ ਅੰਦਰ ਕੰਮ ਕਰ ਰਹੇ ਮਜ਼ਦੂਰ ਆਪਣੇ ਪੇਂਡੂ ਪਿਛੋਕੜ ਨਾਲ਼ ਅਤੇ ਘਰਾਂ ਨਾਲ਼ ਜੁੜੇ ਹੋਏ ਸਨ। ਕਿਉਂਕਿ ਫੈਕਟਰੀ ਮਾਲਕ ਮਜ਼ਦੂਰੀ ਉਤਨੀ ਹੀ ਦਿੰਦੇ ਹਨ ਜਿਤਨੀ ਸਮਾਜਿਕ ਤੌਰ ’ਤੇ ਜਿਉਂਦੇ ਰਹਿਣ ਲਈ ਮਜ਼ਦੂਰ ਲਈ ਜ਼ਰੂਰੀ ਹੈ। ਇਸ ਲਈ ਜਿਹੜੇ ਮਜ਼ਦੂਰ ਘਰਾਂ ਦੇ ਮਾਲਕ ਸਨ ਉਨ੍ਹਾਂ ਤੋਂ ਘਰ ਦਾ ਕਿਰਾਇਆ ਕਟੌਤੀ ਕਰਕੇ ਉਨ੍ਹਾਂ ਨੂੰ ਮਜ਼ਦੂਰੀ ਮਿਲਦੀ ਸੀ। ਇਹ ਘਰਾਂ ਨਾਲ਼ ਬੱਝੇ ਮਜ਼ਦੂਰ ਵੱਡੀਆਂ ਸਨਅਤਾਂ ਅੰਦਰ ਵੀ ਮਜ਼ਦੂਰੀ ਘੱਟ ਰੱਖਣ ਦਾ ਅਧਾਰ ਬਣ ਜਾਂਦੇ ਸਨ। ਹੜਤਾਲਾਂ, ਤਾਲਾਬੰਦੀਆਂ ਆਦਿ ਦੇ ਸਿੱਟੇ ਵਜੋਂ ਕਾਰਖ਼ਾਨਿਆਂ ਦੇ ਬੰਦ ਹੋਣ ਕਰਕੇ ਵੱਡੇ ਪੈਮਾਨੇ ਦੀ ਸਨਅਤ ਵਿੱਚ ਕੰਮ ਕਰਨ ਵਾਲ਼ੇ ਕਾਮੇ ਆਪਣਾ ਕੰਮ ਦਾ ਟਿਕਾਣਾ ਆਸਾਨੀ ਨਾਲ਼ ਬਦਲ ਸਕਦੇ ਸਨ। ਆਪਣੇ ਘਰ-ਘਾਟ ਦੀ ਚਿੰਤਾ ਨਾ ਹੋਣ ਕਰਕੇ ਉਹ ਆਪਣਾ ਕੰਮ ਪੁਰਾਣੀ ਜਗ੍ਹਾਂ ਛੱਡਕੇ ਨਵੀਂ ਥਾਂ ਲੱਭ ਸਕਦੇ ਸਨ। ਦੂਸਰੇ ਪਾਸੇ ਘਰੇਲੂ ਸਨਅਤਾਂ ਅੰਦਰ ਕੰਮ ਕਰਨ ਵਾਲ਼ੇ ਕਾਮੇ ਘਰਾਂ ਨਾਲ਼ ਜੁੜੇ ਹੋਏ ਸਨ ਇਸ ਕਰਕੇ ਉਹ ਨਵੀਆਂ ਮਜ਼ਦੂਰੀ ਦਰਾਂ ਉੱਪਰ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਸਨ। ਘਰਾਂ ਤੋਂ ਉਖੇੜੇ ਜਾਣ ਦੇ ਡਰੋਂ ਉਹ ਬਿਹਤਰ ਮਜ਼ਦੂਰੀ ਲਈ ਸੰਘਰਸ਼ ਕਰਨ ਤੋਂ ਵੀ ਕਤਰਾਉਂਦੇ ਸਨ। ਇਸ ਕਰਕੇ ਏਂਗਲਜ਼ ਨੇ ਮਜ਼ਦੂਰਾਂ ਨੂੰ ਘਰਾਂ ਜਾਂ ਜ਼ਮੀਨ ਨਾਲ਼ ਜੋੜਕੇ ਰੱਖਣ, ਉਨ੍ਹਾਂ ਅੰਦਰ ਨਿੱਜੀ ਜਾਇਦਾਦ ਦਾ ਲਾਲਚ ਜਗਾਉਣ ਨੂੰ ਪਿਛਾਖੜੀ ਕਦਮ ਕਿਹਾ ਸੀ। ਘਰਾਂ ਜਾਂ ਜ਼ਮੀਨ ਦੀ ਮੰਗ ਕਰਕੇ ਮਜ਼ਦੂਰਾਂ ਦੀ ਜ਼ਿੰਦਗੀ ਦਾ ਪੱਧਰ ਉੱਚਾ ਚੁੱਕਣ ਦਾ ਯਤਨ ਕਰਨ ਵਾਲ਼ੇ ਬੁਰਜੂਆ, ਨਿੱਕ ਬੁਰਜੂਆ ਤੱਤਾਂ ਦੇ ਮੁਕਾਬਲੇ ਏਂਗਲਜ਼ ਦਾ ਤਰਕ ਇਹ ਸੀ ਕਿ ਜਿਤਨਾ ਚਿਰ ਸਰਮਾਏਦਾਰੀ ਪ੍ਰਬੰਧ ਮੌਜੂਦ ਹੈ ਉਤਨਾ

ਚਿਰ ਮਜ਼ਦੂਰਾਂ ਦੇ ਘਰਾਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਹੋ ਸਕਦਾ। ਜੇਕਰ ਕੋਈ ਸਰਮਾਏਦਾਰੀ ਪ੍ਰਬੰਧ ਨੂੰ ਮੁੱਢੋਂ-ਸੁੱਢੋਂ ਉਖਾੜੇ ਬਿਨਾਂ ਮਜ਼ਦੂਰਾਂ ਨੂੰ ਰਿਹਾਇਸ਼ ਦੀ ਗਰੰਟੀ ਕਰਨ ਦੇ ਭਰਮ ਜਾਲ 'ਚ ਫਸਾਉਂਦਾ ਹੈ ਤਾਂ ਉਹ ਮਜ਼ਦੂਰਾਂ ਨੂੰ ਧੋਖਾ ਦੇਣ ਅਤੇ ਉਨ੍ਹਾਂ ਦੀ ਸਰਮਾਏ ਤੋਂ ਬੰਦਖਲਾਸੀ ਨੂੰ ਪਿੱਛੇ ਪਾਉਣ ਤੋਂ ਬਿਨਾਂ ਉਹ ਹੋਰ ਕੁਝ ਨਹੀਂ ਕਰ ਰਿਹਾ ਹੁੰਦਾ।

ਅੱਜ ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਉਹ ਮਾਰਕਸ ਏਂਗਲਜ਼ ਦੇ ਜ਼ਮਾਨੇ ਦਾ ਸਰਮਾਏਦਾਰੀ ਦੇ ਖੁੱਲ੍ਹੇ ਮੁਕਾਬਲੇ ਦਾ ਜ਼ਮਾਨਾ ਨਹੀਂ ਹੈ। ਇਹ ਲੈਨਿਨ ਦੇ ਕਥਨ ਅਨੁਸਾਰ ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬਾਂ ਦਾ ਯੁੱਗ ਹੈ। ਇਸ ਯੁੱਗ ਅੰਦਰ ਸਰਮਾਏਦਾਰੀ ਵਿਕਸਤ ਹੋ ਕੇ ਆਪਣੀ ਸਭ ਤੋਂ ਵਿਕਸਤ ਅਤੇ ਆਖ਼ਰੀ ਮੰਜ਼ਲ, ਸਾਮਰਾਜੀ ਮੰਜ਼ਲ 'ਤੇ ਪਹੁੰਚ ਚੁੱਕੀ ਹੈ। ਪਹਿਲਾਂ ਸਰਮਾਏਦਾਰੀ ਅੰਦਰ ਜੋ ਅਰਸਾਵਾਰ ਸੰਕਟ ਆਉਂਦੇ ਸਨ ਹੁਣ ਸਾਮਰਾਜੀ ਦੌਰ ਵਿੱਚ ਉਨ੍ਹਾਂ ਦੀ ਤੀਬਰਤਾ ਅਤੇ ਵਾਰ-ਵਾਰਤਾ ਕਿਤੇ ਜ਼ਿਆਦਾ ਵਧ ਗਈ ਹੈ। ਭਾਵੇਂ ਇਸ ਸੰਕਟ ਅੰਦਰ ਮੁੜ ਸੰਭਾਲਾ ਵੀ ਹੁੰਦਾ ਹੈ ਪਰ ਇੱਕੋ ਸੰਕਟ ਤੋਂ ਬਾਅਦ ਜਲਦੀ ਦੂਸਰਾ ਸੰਕਟ ਇਸ ਦਾ ਖਹਿੜਾ ਨਹੀਂ ਛੱਡਦਾ। ਫੌਰੀ ਤੌਰ 'ਤੇ ਕਹਿਣਾ ਹੋਵੇ ਤਾਂ ਹੁਣ ਸਾਮਰਾਜਵਾਦ ਨੂੰ ਜੋ ਆਰਥਿਕ ਸੰਕਟ ਦਰਪੇਸ਼ ਹੈ ਉਹ 30ਵਿਆਂ ਤੋਂ ਬਾਅਦ ਦਾ ਸਭ ਤੋਂ ਗਹਿਰਾ ਆਰਥਿਕ ਸੰਕਟ ਹੈ। ਸਾਮਰਾਜੀ ਸੰਕਟ ਦੀਆਂ ਇਨ੍ਹਾਂ ਹਾਲਤਾਂ ਅੰਦਰ ਭਾਰਤ ਅੰਦਰ ਜੋ ਪੂੰਜੀਵਾਦ ਦਾ ਵਿਕਾਸ ਹੋਇਆ ਹੈ ਜਾਂ ਹੋ ਰਿਹਾ ਹੈ ਉਹ ਪੂਰੀ ਤਰ੍ਹਾਂ ਰੋਗ-ਗ੍ਰਸਤ ਹੈ ਅਤੇ ਰੁੰਡਿਆ-ਮਰੁੰਡਿਆ ਤੇ ਅਣਸਾਵਾਂ ਹੈ। ਇਹ ਖੁੱਲ੍ਹੇ-ਮੁਕਾਬਲੇ ਵਾਲ਼ੇ ਪੂੰਜੀਵਾਦ ਦੀ ਤੁਲਨਾ ਵਿੱਚ ਰੋਗੀ ਪੂੰਜੀਵਾਦ ਹੈ ਜੋ ਸਾਮਰਾਜਵਾਦ ਦੀ ਛਤਰ-ਛਾਇਆ ਹੇਠ ਹੋ ਰਿਹਾ ਹੈ। ਇਸ ਦਾ ਖੇਤੀਬਾੜੀ ਅਤੇ ਸਨਅਤੀ ਵਿਕਾਸ ਨਾਲ਼ ਕੋਈ ਤਨਹੀ ਰਿਸ਼ਤਾ ਨਹੀਂ। ਇਸ ਵਿਕਾਸ ਨਮੂਨੇ ਤਹਿਤ ਇੱਕ ਪਾਸੇ ਖੇਤੀਬਾੜੀ ਅੰਦਰ 'ਹਰੇ ਇਨਕਲਾਬ' ਦੇ ਖਿੱਤੇ ਵਿਕਸਤ ਹੋਏ ਹਨ ਪਰ ਦੂਸਰੇ ਪਾਸੇ ਹਿੰਦੋਸਤਾਨ ਦੇ ਕਾਫ਼ੀ ਵੱਡੇ ਖਿੱਤਿਆਂ ਅੰਦਰ ਖੇਤੀਬਾੜੀ ਬਹੁਤ ਹੀ ਪਛੜੇਪਣ ਦੀ ਹਾਲਤ ਵਿੱਚ ਹੈ। ਹਰੇ ਇਨਕਲਾਬ ਦੇ ਖਿੱਤਿਆਂ ਅੰਦਰ ਖਾਸ ਕਰ ਪੰਜਾਬ ਅੰਦਰ ਜੋ ਮਾੜਾ ਮੋਟਾ ਸਨਅਤੀਕਰਨ ਹੋਇਆ ਸੀ ਅੱਜ ਉਹ ਵੀ ਮੱਝਟਿਆ ਗਿਆ ਹੈ। ਵੱਡੀ ਪੱਧਰ 'ਤੇ ਖੰਡ ਮਿੱਲਾਂ ਅਤੇ ਕਤਾਈ ਮਿੱਲਾਂ ਬੰਦ ਹੋ ਚੁੱਕੀਆਂ ਹਨ। ਸੂਬੇ ਅੰਦਰ ਕਾਫ਼ੀ ਸਨਅਤੀ ਇਕਾਈਆਂ ਇੱਥੋਂ ਸ਼ਿਫ਼ਟ ਹੋ ਕੇ ਹੋਰ ਖੇਤਰਾਂ ਅੰਦਰ ਚਲੀਆਂ ਗਈਆਂ ਹਨ। ਦੇਸ਼ ਅੰਦਰ ਬਹੁਤ ਸਾਰੇ ਖੇਤਰਾਂ ਦੀ ਅਤੇ ਸ਼ਾਖਾਵਾਂ ਦੀ ਸਨਅਤੀ ਪੈਦਾਵਾਰ 'ਚ ਗਿਰਾਵਟ ਆ ਰਹੀ ਹੈ। ਇਸ ਦੇ ਸਿੱਟੇ ਵਜੋਂ ਕਾਮਿਆਂ ਦਾ ਰੁਜ਼ਗਾਰ ਖੁੱਸ ਰਿਹਾ ਹੈ। ਵੱਡੇ ਸਰਮਾਏਦਾਰਾਂ ਦੀ ਜਥੇਬੰਦੀ ਐਸੋਚੈਮ ਦਾ ਅੰਦਾਜ਼ਾ ਹੈ ਕਿ ਨੇੜ ਭਵਿੱਖ ਅੰਦਰ ਸਨਅਤ ਵਿੱਚ ਲੱਗੀ 25 ਤੋਂ 30 ਪ੍ਰਤੀਸ਼ਤ ਕਿਰਤ ਸ਼ਕਤੀ ਰੁਜ਼ਗਾਰ ਤੋਂ ਵਾਂਝੀ ਹੋ ਜਾਵੇਗੀ। ਸਨਅਤੀ ਖੇਤਰ ਅੰਦਰ ਹੋ ਰਹੀਆਂ ਛਾਂਟੀਆਂ ਅਤੇ ਉਨ੍ਹਾਂ ਦੀ ਮਜ਼ਦੂਰੀ ਅੰਦਰ ਆ ਰਹੀ ਗਿਰਾਵਟ ਨੂੰ ਪ੍ਰਤੀਬੱਧ ਵੱਲੋਂ ਵੀ ਕਬੂਲ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਇਸ ਦੇ ਇਸੇ ਅੰਕ ਦੇ ਇੱਕ ਲੇਖ 'ਅਜੇ ਵੀ ਰੀਂਗ ਰਿਹਾ ਹੈ ਸੰਸਾਰ ਪੂੰਜੀਵਾਦੀ ਅਰਥਚਾਰਾ' ਵਿੱਚ ਇਹ ਤਸਲੀਮ ਕੀਤਾ ਗਿਆ ਹੈ ਕਿ 'ਚਾਲੂ ਵਿੱਤੀ ਸਾਲ ਦੇ ਪਹਿਲੇ ਤਿੰਨ ਮਹੀਨਿਆਂ (ਅਪ੍ਰੈਲ ਤੋਂ ਜੂਨ

2009) ਵਿੱਚ ਜਥੇਬੰਦ ਖੇਤਰ ਦੀਆਂ 3003 ਇਕਾਈਆਂ ਵਿੱਚੋਂ 1.71 ਲੱਖ ਪੱਕੀਆਂ ਨੌਕਰੀਆਂ ਖ਼ਤਮ ਹੋਈਆਂ ਹਨ... ਇਸ ਬਿਊਰੋ ਦੇ ਨਤੀਜਿਆਂ ਮੁਤਾਬਕ ਅਕਤੂਬਰ 2008 ਤੋਂ ਲੈ ਕੇ ਜੂਨ 2009 ਦਰਮਿਆਨ 65 ਲੱਖ ਨੌਕਰੀਆਂ ਖ਼ਤਮ ਹੋਈਆਂ ਹਨ।" ਹਿੰਦੋਸਤਾਨ ਦਾ ਸਨਅਤੀ ਖੇਤਰ ਜੋ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੈ ਉਹ ਖੇਤੀ 'ਚੋਂ ਵਿਹਲੀ ਹੋਈ ਕਿਰਤ ਸ਼ਕਤੀ ਨੂੰ ਆਪਣੇ ਅੰਦਰ ਸਮੋ ਲੈਣ ਦੀ ਸ਼ਕਤੀ ਨਹੀਂ ਰੱਖਦਾ। ਇਹੀ ਕਾਰਨ ਹੈ ਕਿ ਦੇਸ਼ ਦੀ ਕੁੱਲ ਪੈਦਾਵਾਰ 'ਚ ਖੇਤੀਬਾੜੀ ਦਾ ਹਿੱਸਾ ਘਟਣ ਦੇ ਬਾਵਜੂਦ ਖੇਤੀ ਵਿੱਚ ਲੱਗੀ ਕਿਰਤ ਸ਼ਕਤੀ ਕੁੱਲ ਕਿਰਤ ਸ਼ਕਤੀ ਦਾ ਅਜੇ ਵੀ 54 ਪ੍ਰਤੀਸ਼ਤ ਹੈ ਅਤੇ ਪੇਂਡੂ ਵਸੋਂ ਦੇਸ਼ ਦੀ ਕੁੱਲ ਵਸੋਂ ਦਾ 65-68 ਪ੍ਰਤੀਸ਼ਤ ਦੇ ਕਰੀਬ ਹੈ। ਖੇਤੀਬਾੜੀ ਅੰਦਰ ਲੱਗੀ ਇਹ ਕਿਰਤ ਸ਼ਕਤੀ ਆਪਣੇ ਘਰਾਂ ਦੇ ਚਾਅ ਕਾਰਨ ਪੇਂਡੂ ਖੇਤਰ ਨਾਲ਼ ਨਹੀਂ ਬੱਝੀ ਹੋਈ ਬਲਕਿ ਇਸ ਕਾਰਨ ਬੱਝੀ ਹੋਈ ਹੈ ਕਿ ਸ਼ਹਿਰੀ ਖੇਤਰ ਅੰਦਰ ਸਨਅਤੀ ਵਿਕਾਸ ਦੇ ਸੰਕਟ ਕਾਰਨ ਇਹ ਖੇਤਰ ਇਸ ਨੂੰ ਝੱਲ੍ਹਣ ਦੀ ਹਾਲਤ ਵਿੱਚ ਨਹੀਂ ਹੈ। ਇਹੀ ਕਾਰਨ ਹੈ ਕਿ ਹਿੰਦੋਸਤਾਨ ਦੇ ਪਛੜੇ ਖੇਤਰਾਂ 'ਚੋਂ ਕਿਰਤ ਦਾ ਇੱਕ ਤਕੜਾ ਹਿੱਸਾ ਆਪਣੇ ਘਰ ਬਾਰ ਛੱਡਕੇ ਖੇਤੀਬਾੜੀ ਦੇ ਮੁਕਾਬਲਤਨ ਵਿਕਸਤ ਖਿੱਤਿਆਂ ਅੰਦਰ ਆਪਣਾ ਰੁਜ਼ਗਾਰ ਹਾਸਲ ਕਰਨ ਲਈ ਪ੍ਰਵਾਸ ਕਰਦਾ ਹੈ। ਪ੍ਰਤੀਬੱਧ ਦੇ ਲੇਖਕ ਨੂੰ ਇਨਕਲਾਬੀ ਲਹਿਰ ਉੱਪਰ ਤਾਬੜਤੋੜ ਹੱਲਾ ਬੋਲਣ ਦੀ ਬਜਾਏ ਇਸ ਹਕੀਕਤ ਨੂੰ ਸਮਝਣਾ ਚਾਹੀਦਾ ਹੈ ਕਿ ਪੇਂਡੂ ਮਜ਼ਦੂਰਾਂ ਨੂੰ ਪਿੰਡਾਂ ਅੰਦਰ ਇਨਕਲਾਬੀ ਲਹਿਰ ਜਾਂ ਹੋਰ ਕਿਸੇ 'ਨਿੱਕ-ਬੁਰਜੂਆ' ਤਬਕੇ ਨੇ ਨਹੀਂ ਰੱਖਿਆ ਹੋਇਆ ਸਗੋਂ ਉਹ ਇਸ ਕਰਕੇ ਪਿੰਡਾਂ ਅੰਦਰ ਰਹਿਣ ਲਈ ਮਜ਼ਬੂਰ ਹਨ ਕਿਉਂਕਿ ਹੋਰ ਖੇਤਰਾਂ ਅੰਦਰ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਇਨ੍ਹਾਂ ਲੋਕਾਂ ਦਾ ਇੱਕ ਤਕੜਾ ਹਿੱਸਾ ਹਰ-ਰੋਜ਼ ਕੰਮ ਦੀ ਤਲਾਸ਼ ਵਿੱਚ ਸ਼ਹਿਰਾਂ ਵੱਲ ਨੂੰ ਮੂੰਹ ਕਰਦਾ ਹੈ ਜਿੱਥੇ ਉਨ੍ਹਾਂ ਵਿੱਚੋਂ ਕਾਫ਼ੀ ਹਿੱਸੇ ਨੂੰ ਖਾਲੀ ਹੱਥੀਂ ਵਾਪਸ ਪਰਤਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਪ੍ਰਤੀਬੱਧ ਦੇ ਲੇਖਕ ਨੂੰ ਗਿਲਾ ਹੈ ਕਿ ਪਿੰਡਾਂ ਦੇ ਮਜ਼ਦੂਰ ਅਤੇ ਗਰੀਬ ਕਿਸਾਨ ਪਿੰਡਾਂ ਅੰਦਰ ਤਿਲ ਤਿਲ ਮਰਨ ਦੀ ਬਜਾਏ ਸ਼ਹਿਰਾਂ ਅੰਦਰ ਜਾ ਕੇ ਝੱਟਪੱਟ ਕਿਉਂ ਨਹੀਂ ਮਰਦੇ। ਉਹ ਜ਼ਾਹਿਰ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਕਠਮੁੱਲਾਵਾਦੀ ਢੰਗ ਨਾਲ਼ ਏਂਗਲਜ਼ ਦੇ ਸਮੇਂ ਜਦੋਂ ਪੂੰਜੀਵਾਦ ਤੇਜ਼ੀ ਨਾਲ਼ ਵਿਕਾਸ ਕਰਕੇ ਜਗੀਰੂ ਪ੍ਰਬੰਧ ਨੂੰ ਤਬਦੀਲ ਕਰਨ ਦਾ ਅਗਾਂਹਵਧੂ ਰੋਲ ਨਿਭਾ ਰਿਹਾ ਸੀ, ਦੀਆਂ ਹਾਲਤਾਂ ਦੇ ਕੰਮ ਢੰਗ ਨੂੰ ਭਾਰਤ ਵਰਗੇ ਦੇਸ਼ਾਂ ਅੰਦਰ ਪੈਦਾ ਹੋਏ ਰੋਗ-ਗ੍ਰਸਤ ਅਤੇ ਪਿਛਾਂਹਖਿੱਚੂ ਪੂੰਜੀਵਾਦੀ ਵਰਤਾਰੇ ਅੰਦਰ ਇਨ-ਬਿਨ ਲਾਗੂ ਕਰਨਾ ਚਾਹੁੰਦਾ ਹੈ।

ਪ੍ਰਤੀਬੱਧ ਦਾ ਲੇਖਕ ਜਿੱਥੇ ਇੱਕ ਸਮੇਂ ਤੇ ਸਥਾਨ ਅੰਦਰ ਵਿਉਂਤੇ ਕਾਰਜਾਂ ਨੂੰ ਕਿਸੇ ਦੂਸਰੇ ਸਮੇਂ ਤੇ ਸਥਾਨ ਅੰਦਰ ਕੱਟੜਵਾਦੀ ਢੰਗ ਨਾਲ਼ ਲਾਗੂ ਕਰਦਾ ਹੈ ਉੱਥੇ ਉਹ ਯੁੱਧਨੀਤੀ ਅਤੇ ਦਾਅਪੇਚਾਂ ਅੰਦਰ ਕੋਈ ਅੰਤਰ ਨਹੀਂ ਕਰਦਾ ਉਹ ਹਮੇਸ਼ਾ ਮਜ਼ਦੂਰ ਜਮਾਤ ਲਈ ਇਨਕਲਾਬ ਦੇ ਯੁੱਧਨੀਤਕ ਨਿਸ਼ਾਨੇ ਦਾ ਹੀ ਰਟਣਮੰਤਰ ਕਰਦਾ ਹੈ ਜਦੋਂ ਕਿ ਇਸ ਨੂੰ ਸਾਕਾਰ ਕਰਨ ਲਈ ਉਹ ਕਿਸੇ ਫੌਰੀ ਕਾਰਜਨੀਤਕ ਪੈਂਤੜੇ ਦੀ ਕੋਈ ਮਹੱਤਤਾ ਨਹੀਂ ਸਮਝਦਾ। ਇਨਕਲਾਬੀ ਲਹਿਰ ਅੰਦਰ ਅਜਿਹਾ ਕੋਈ ਹਿੱਸਾ ਨਹੀਂ ਹੈ ਜੋ ਇਹ ਸਮਝਦਾ ਹੈ

ਕਿ ਮੌਜੂਦਾ ਢਾਂਚੇ ਅੰਦਰ ਮਜ਼ਦੂਰ ਜਮਾਤ ਦੇ ਘਰਾਂ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ। ਇਸ ਤਰ੍ਹਾਂ ਦੀ ਸਮਝ ਰੱਖਣ ਵਾਲ਼ੇ ਸੁਧਾਰਵਾਦੀ ਜਾਂ ਸੋਧਵਾਦੀ ਤਾਂ ਹੋ ਸਕਦੇ ਹਨ ਪਰ ਇਨਕਲਾਬੀ ਅਤੇ ਮਾਰਕਸਵਾਦੀ ਨਹੀਂ। ਪਰ ਦੂਸਰੇ ਪਾਸੇ ਠੋਸ ਕਾਰਜਾਂ ਤੋਂ ਬੇਮੁਖ ਹੋ ਕੇ ਅਤੇ ਇਨ੍ਹਾਂ ਨੂੰ 'ਨਿੱਕ ਬੁਰਜੂਆ' ਗਰਦਾਨਕੇ ਸਿਰਫ਼ ਇਨਕਲਾਬ ਦਾ ਤੋਤਾ ਰਟਣ ਕਰੀ ਜਾਣ ਨਾਲ਼ ਵੀ ਮਜ਼ਦੂਰ ਜਮਾਤ ਦਾ ਕੁੱਝ ਸੰਵਰਨ ਵਾਲ਼ਾ ਨਹੀਂ। ਏਂਗਲਜ਼ ਨੇ ਆਪਣੇ ਸਮੇਂ ਇਹ ਵੀ ਨੋਟ ਕੀਤਾ ਸੀ ਕਿ ਜੇਕਰ ਕੋਈ ਮਜ਼ਦੂਰ ਜਮਾਤ ਦੇ ਇਨਕਲਾਬੀ ਪ੍ਰੋਗਰਾਮ ਨੂੰ ਤਸਲੀਮ ਕਰਕੇ ਮਜ਼ਦੂਰਾਂ ਵਾਸਤੇ ਘਰਾਂ ਦੀ ਮੰਗ ਕਰਦਾ ਹੈ ਤਾਂ ਇਸ ਨੂੰ 'ਨੁਕਸਾਨ ਦੇਹ ਪ੍ਰਵਿਰਤੀ' ਨਹੀਂ ਮੰਨਿਆ ਜਾਣਾ ਚਾਹੀਦਾ। ਉਸ ਨੇ ਇਹ ਵੀ ਕਿਹਾ ਕਿ ਜੇਕਰ "ਇਹ ਪ੍ਰਵਿਰਤੀ ਡੂੰਘੀਆਂ ਜੜ੍ਹਾਂ ਜਮਾ ਲੈਂਦੀ ਹੈ ਤਾਂ ਇਸ ਨੂੰ ਆਪਣਾ ਪ੍ਰੋਗਰਾਮ ਤੈਅ ਕਰਨ ਲਈ ਆਪਣੇ ਪੂਰਵਗਾਮੀਆਂ ਵੱਲ ਰੁਖ ਕਰਨਾ ਪਵੇਗਾ ਅਤੇ ਅਜਿਹਾ ਕਰਕੇ ਉਸ ਲਈ ਪਰੂਧੋਂਵਾਦ ਤੋਂ ਬਚਣਾ ਮੁਸ਼ਕਿਲ ਹੋ ਜਾਵੇਗਾ।" ਇਸ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁਖ ਹੋਕੇ ਸਿਰਫ਼ ਮਜ਼ਦੂਰਾਂ ਨੂੰ ਘਰ ਦੁਆਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸ ਨੂੰ ਸਮਾਜਵਾਦ ਦੇ ਤੁੱਲ ਬਣਾ ਦੇਣ ਦੀਆਂ ਗ਼ਲਤ ਪ੍ਰਵਿਰਤੀਆਂ ਦੇ ਖਿਲਾਫ਼ ਸੰਘਰਸ਼ ਕਰ ਰਹੇ ਸਨ। ਅਜਿਹਾ ਉਹ ਉਸ ਸਮੇਂ ਕਰ ਰਹੇ ਸਨ ਜਦੋਂ ਪੂੰਜੀਵਾਦ ਦਾ ਸੰਸਾਰ ਪੱਧਰ ਉੱਤੇ ਅਗਾਂਹਵਧੂ ਰੋਲ ਸੀ। ਏਂਗਲਜ਼ ਦੀਆਂ ਉਸ ਸਮੇਂ ਦੇ ਹਾਲਾਤ ਵਿੱਚ ਕਹੀਆਂ ਗੱਲਾਂ ਨੂੰ ਅੱਜ ਦੇ ਗਲੇ ਸੜੇ ਸਾਮਰਾਜੀ ਪ੍ਰਬੰਧ ਅਤੇ ਇਸ ਦੀ ਛਤਰ-ਛਾਇਆ ਹੇਠ ਪਣਪੇ ਭਾਰਤ ਅੰਦਰ ਰੋਗਗ੍ਰਸਤ ਪੂੰਜੀਵਾਦ ਦੇ ਵਰਤਾਰੇ ਦੀਆਂ ਹਾਲਤਾਂ ਉੱਤੇ ਲਾਗੂ ਕਰਨ ਨੂੰ ਕਿਸੇ ਤਰ੍ਹਾਂ ਵੀ ਸਿਆਣਪ ਭਰਪੂਰ ਨਹੀਂ ਕਿਹਾ ਜਾ ਸਕਦਾ। ਪੰਜਾਬ ਅੰਦਰ ਪੇਂਡੂ ਮਜ਼ਦੂਰਾਂ ਨੂੰ ਪਲਾਟਾਂ ਦੀ ਮੰਗ ਉੱਪਰ ਲਾਮਬੰਦ ਕਰਦੇ ਹੋਏ ਇਸ ਸੰਘਰਸ਼ ਨੂੰ ਮਜ਼ਦੂਰ ਜਮਾਤ ਦੇ ਅੰਤਮ ਨਿਸ਼ਾਨੇ ਭਾਵ ਇਨਕਲਾਬ ਕਰਦੇ ਹੋਏ ਲੁੱਟ ਰਹਿਤ ਪ੍ਰਬੰਧ ਦੀ ਸਥਾਪਨਾ ਕਰਨ ਦੇ ਕਾਰਜ ਨਾਲ਼ ਜੋੜਨ ਦੀ ਸਰਗਰਮੀ ਮਜ਼ਦੂਰ ਜਮਾਤ ਦੀ ਲਹਿਰ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਉਣ ਲਈ ਇੱਕ ਜ਼ਰੂਰੀ ਸਰਗਰਮੀ ਹੈ। ਪੇਂਡੂ ਮਜ਼ਦੂਰਾਂ ਦੀ ਪਲਾਟਾਂ ਦੀ ਮੰਗ ਅਤੇ ਅਜਿਹੀਆਂ ਹੋਰ ਫੌਰੀ ਮੰਗਾਂ ਉੱਪਰ ਮਜ਼ਦੂਰਾਂ ਨੂੰ ਲਾਮਬੰਦ ਕਰਨ ਦੇ ਕਾਰਜ ਨੂੰ ਅੱਖੋਂ ਪਰੋਖੇ ਕਰਕੇ ਇਨਕਲਾਬ ਦਾ ਫੋਕਾ ਰਾਗ ਤਾਂ ਅਲਾਪਿਆ ਜਾ ਸਕਦਾ ਹੈ ਪਰ ਇਸ ਦੀ ਸੇਵਾ ਕਦੇ ਵੀ ਨਹੀਂ ਕੀਤੀ ਜਾ ਸਕਦੀ।

ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਮਾਮੂਲੀ ਸੁਧਾਰਾਂ ਦੇ ਸੰਘਰਸ਼ ਵਿੱਚ ਸ਼ਾਮਲ ਹੋਣਾ ਅਤੇ ਇਨ੍ਹਾਂ ਸੁਧਾਰਾਂ ਲਈ ਲੜਦੇ ਹੋਏ ਲੋਕਾਂ ਨੂੰ ਇਨਕਲਾਬੀ ਤਬਦੀਲੀ ਲਈ ਤਿਆਰ ਕਰਨਾ ਕਮਿਊਨਿਸਟ ਕੰਮ ਦਾ ਇੱਕ ਅਹਿਮ ਹਿੱਸਾ ਹੈ। ਮਜ਼ਦੂਰਾਂ ਲਈ ਘਰਾਂ ਦੇ ਮਸਲੇ ਨਾਲ਼ੋਂ ਵੀ ਅੱਗੇ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਗਰੀਬ ਅਤੇ ਬੇਜ਼ਮੀਨੇ ਕਿਸਾਨਾਂ ਲਈ ਜ਼ਮੀਨ ਦੀ ਲੜਾਈ ਲੜਨਾ ਅਤੇ ਇਸ ਨੂੰ ਰਾਜ ਸੱਤ੍ਹਾ ਹਾਸਲ ਕਰਨ ਦੀ ਲੜਾਈ ਨਾਲ਼ ਜੋੜਨਾ ਕਮਿਊਨਿਸਟ ਇਨਕਲਾਬੀਆਂ ਦਾ ਪੱਛੜੇ ਦੇਸ਼ਾਂ ਅੰਦਰ ਇੱਕ ਪ੍ਰਮੁੱਖ ਕਾਰਜ ਰਿਹਾ ਹੈ। ਚੀਨ ਅੰਦਰ ਇਸ ਲੜਾਈ ਨੂੰ ਬਹੁਤ ਸਫ਼ਲਤਾਪੂਰਵਕ ਢੰਗ ਨਾਲ਼

ਲੜਿਆ ਗਿਆ। ਕੋਈ ਵੀ ਇਸ ਸੰਘਰਸ਼ ਨੂੰ ਲੋਕਾਂ ਅੰਦਰ ਜ਼ਮੀਨ ਦੀ ਜਾਂ ਨਿੱਜੀ ਜਾਇਦਾਦ ਦੀ ਭੁੱਖ ਜਗਾਉਣ ਜਾਂ ਜ਼ਮੀਨ ਨਾਲ਼ ਬੰਨ੍ਹਣ ਦਾ ਸੰਘਰਸ਼ ਕਹਿਣ ਦੀ ਹਿੰਮਤ ਨਹੀਂ ਕਰਦਾ। ਭਾਰਤ ਦੇ ਬਹੁਤ ਸਾਰੇ ਹਿੱਸਿਆਂ ਅੰਦਰ ਅਜਿਹੇ ਸੰਘਰਸ਼ਾਂ ਦੀ ਅਜੇ ਵੀ ਪ੍ਰਸੰਗਤਾ ਬਣੀ ਹੋਈ ਹੈ। ਮਜ਼ਦੂਰ ਜਮਾਤ ਦੇ ਰੋਜ਼ਮਰਾ ਦੀ ਜ਼ਿੰਦਗੀ ਨਾਲ਼ ਜੁੜੇ ਮਸਲਿਆਂ ਉੱਤੇ ਸੰਘਰਸ਼ ਕਰਨ ਦੀ ਮਹੱਤਤਾ ਉੱਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਵੱਖ-ਵੱਖ ਹਿੱਸਿਆਂ ਅੰਦਰ ਅਤੇ ਇਸ ਦੇ ਦਸਤਾਵੇਜ਼ਾਂ ਵਿੱਚ ਕਾਫ਼ੀ ਚਰਚਾ ਹੁੰਦੀ ਰਹੀ ਹੈ। ਇਸ ਤਰ੍ਹਾਂ ਦੀ ਚਰਚਾ ਦੀ ਇੱਕ ਵੰਨਗੀ ਦੇਖਣ ਲਈ 1921 ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਤੀਸਰੀ ਕਾਂਗਰਸ ਦੁਆਰਾ ਪਾਸ ਕੀਤਾ ਮਤਾ 'ਕਮਿਊਨਿਸਟ ਪਾਰਟੀਆਂ ਦੀ ਜਥੇਬੰਦੀ ਸਬੰਧੀ ਮਤਾ' ਉੱਪਰ ਝਾਤ ਮਾਰਨ ਦੀ ਜ਼ਰੂਰਤ ਹੈ। ਕਾ. ਲੈਨਿਨ ਦੁਆਰਾ ਕਮਿਊਨਿਸਟ ਪਾਰਟੀਆਂ ਦੇ ਜਥੇਬੰਦਕ ਅਸੂਲਾਂ ਸਬੰਧੀ ਲਿਖੀ ਇਸ ਲਿਖਤ ਅੰਦਰ ਮਜ਼ਦੂਰ ਜਮਾਤ ਦੇ ਸੁਧਾਰਾਂ ਲਈ ਸੰਘਰਸ਼ ਦੀ ਮਹੱਤਤਾ ਨੂੰ ਇਉਂ ਪੇਸ਼ ਕੀਤਾ ਗਿਆ ਹੈ।'

"ਮਜ਼ਦੂਰਾਂ ਦੁਆਰਾ ਕੰਮ ਕਰਨ ਦੀਆਂ ਹਾਲਤਾਂ ਵਿੱਚ ਮਾਮੂਲੀ ਸੁਧਾਰਾਂ ਦੀ ਮੰਗ ਨੂੰ ਲੈ ਕੇ ਚਲਾਏ ਜਾਣ ਵਾਲ਼ੇ ਅੰਦੋਲਨਾਂ ਦੇ ਪ੍ਰਤੀ ਤਿਰਸਕਾਰ ਦਾ ਰੁਖ ਅਪਨਾਉਣਾ ਜਾਂ ਕਮਿਊਨਿਸਟਾਂ ਦੇ ਪ੍ਰੋਗਰਾਮ ਅਤੇ ਅੰਤਮ ਨਿਸ਼ਾਨੇ ਦੀ ਪ੍ਰਾਪਤੀ ਦੇ ਲਈ ਹਥਿਆਰਬੰਦ ਕ੍ਰਾਂਤੀਕਾਰੀ ਸੰਘਰਸ਼ ਦੀ ਜ਼ਰੂਰਤ ਦੇ ਨਾਂ 'ਤੇ ਉਨ੍ਹਾਂ ਪ੍ਰਤੀ ਗੈਰ-ਸਰਗਰਮੀ ਦਾ ਰੁਖ ਅਪਣਾਉਣਾ, ਕਮਿਊਨਿਸਟਾਂ ਦੇ ਲਈ ਵੱਡੀ ਭੁੱਲ ਹੋਵੇਗੀ। ਮਜ਼ਦੂਰ ਆਪਣੀਆਂ ਜਿਹੜੀਆਂ ਮੰਗਾਂ ਨੂੰ ਲੈ ਕੇ ਸਰਮਾਏਦਾਰਾਂ ਨਾਲ਼ ਲੜਨ ਦੇ ਲਈ ਤਿਆਰ ਅਤੇ ਰਜ਼ਾਮੰਦ ਹੋਣ, ਉਹ ਚਾਹੇ ਕਿੰਨੀਆਂ ਦੀ ਛੋਟੀਆਂ ਜਾਂ ਮਾਮੂਲੀ ਕਿਉਂ ਨਾ ਹੋਣ, ਕਮਿਊਨਿਸਟਾਂ ਨੂੰ ਸੰਘਰਸ਼ ਵਿੱਚ ਸ਼ਾਮਲ ਨਾ ਹੋਣ ਦੇ ਲਈ ਉਨ੍ਹਾਂ ਮੰਗਾਂ ਦੇ ਛੋਟੇ ਹੋਣ ਦਾ ਬਹਾਨਾ ਨਹੀਂ ਬਣਾਉਣਾ ਚਾਹੀਦਾ। ਸਾਡੀਆਂ ਅੰਦੋਲਨਕਾਰੀ ਸਰਗਰਮੀਆਂ ਦੇ ਵਿਰੁੱਧ ਇਸ ਤਰ੍ਹਾਂ ਦੇ ਇਲਜ਼ਾਮ ਦੀ ਕੋਈ ਗੁੰਜਾਇਸ਼ ਨਹੀਂ ਰਹਿਣੀ ਚਾਹੀਦੀ ਕਿ ਅਸੀਂ ਮਜ਼ਦੂਰਾਂ ਨੂੰ ਮੂਰਖ਼ਤਾਪੂਰਨ ਹੜਤਾਲਾਂ ਜਾਂ ਹੋਰ ਨਾਸਮਝੀ ਭਰੀਆਂ ਕਾਰਵਾਈਆਂ ਦੇ ਲਈ ਉਭਾਰਦੇ ਅਤੇ ਉਕਸਾਉਂਦੇ ਹਾਂ। ਸੰਘਰਸ਼ਸ਼ੀਲ ਜਨਤਾ ਦੇ ਵਿਚਕਾਰ ਕਮਿਊਨਿਸਟਾਂ ਨੂੰ ਇਸ ਤਰ੍ਹਾਂ ਦਾ ਮਾਣ ਸਤਿਕਾਰ ਜਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਹਿੰਮਤ ਵਾਲ਼ੇ ਅਤੇ ਸੰਘਰਸ਼ਾਂ ਵਿੱਚ ਕਾਰਗਰ ਭੂਮਿਕਾ ਨਿਭਾਉਣ ਵਾਲ਼ੇ ਲੋਕ ਹਨ।"

ਪ੍ਰਤੀਬੱਧ ਨਾਲ਼ ਜੁੜੇ ਸਾਥੀਆਂ ਨੂੰ ਹੁਣ ਇਹ ਦੇਖ ਲੈਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਕਾ. ਲੈਨਿਨ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਨਾਲ਼ ਜੁੜੇ ਮਾਮੂਲੀ ਸੁਧਾਰਾਂ ਉੱਪਰ ਵੀ ਸੰਘਰਸ਼ ਕਰਨ ਦੀ ਜ਼ਰੂਰਤ ਮਹਿਸੂਸ ਕਰਦੇ ਸਨ। ਮਜ਼ਦੂਰਾਂ ਲਈ ਘਰਾਂ ਦਾ ਮਸਲਾ ਤਾਂ ਕੋਈ 'ਮਾਮੂਲੀ' ਮਸਲਾ ਨਹੀਂ। ਭਾਰਤ ਵਰਗੇ ਦੇਸ਼ਾਂ ਅਤੇ ਪੰਜਾਬ ਦੀਆਂ ਹਾਲਤਾਂ ਅੰਦਰ ਇਸ ਮਸਲੇ ਉੱਪਰ ਸੰਘਰਸ਼ ਕਰਨ ਪ੍ਰਤੀ ਤ੍ਰਿਸਕਾਰ' ਭਰਿਆ ਰਵੱਈਆ ਅਖ਼ਤਿਆਰ ਕਰਨਾ ਅਤੇ ਚੱਲ ਰਹੇ ਸੰਘਰਸ਼ ਦੇ ਸਮੇਂ ਦੌਰਾਨ ਮਿਹਨਤਕਸ਼ ਲੋਕਾਂ ਦੇ ਸੰਘਰਸ਼ਾਂ ਉੱਪਰ ਸੰਘਰਸ਼ ਵਿਰੋਧੀ ਨਾਂਹਵਾਚਕ

ਟਿੱਪਣੀਆਂ ਕਰਨਾ ਇਨਕਲਾਬੀ ਲਹਿਰ ਲਈ ਭਾਰੀ ਨੁਕਸਾਨਦੇਹ ਹੈ। ਪ੍ਰਤੀਬੱਧ ਦੇ ਲੇਖਕ ਆਪਣੇ ਇਸ ਰਵੱਈਏ ਤੋਂ ਜਿਤਨਾ ਜਲਦੀ ਖਹਿੜਾ ਛੁਡਾ ਲੈਣ ਉਨ੍ਹਾਂ ਹੀ ਇਨਕਲਾਬੀ ਲਹਿਰ ਅਤੇ ਉਨ੍ਹਾਂ ਦੀ 'ਪਸੰਦ' ਮਜ਼ਦੂਰ ਲਹਿਰ ਦਾ ਭਲ਼ਾ ਹੋਵੇਗਾ।

**('ਲਾਲ ਪਰਚਮ', ਮਈ-ਜੂਨ 2010)**

• • •

## ਮਜ਼ਦੂਰਾਂ ਦੇ ਘਰਾਂ ਦਾ ਮਸਲਾ ਅਤੇ 'ਲਾਲ ਪਰਚਮ' ਦੀ ਟਿੱਪਣੀ

# ਪਰੂਧੋਂ ਦਾ ਲੜ ਨਾ ਛੱਡਣ ਦੀ 'ਲਾਲ ਪਰਚਮ' ਦੀ ਜ਼ਿੱਦ

**• ਸੁਖਵਿੰਦਰ**

ਪ੍ਰਤੀਬੱਧ ਦੇ ਪਿਛਲੇ ਅੰਕ (ਜਨਵਰੀ 2010) ਵਿੱਚ ਅਸੀਂ ਸੀ. ਪੀ. ਆਈ. (ਐੱਮ. ਐੱਲ.) ਲਿਬਰੇਸ਼ਨ ਵਲੋਂ ਮਾਲਵੇ ਦੇ ਕੁੱਝ ਪਿੰਡਾਂ ਵਿੱਚ, ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ ਲਈ, ਪੰਚਾਇਤੀ ਜ਼ਮੀਨਾਂ ਉੱਪਰ ਕਬਜ਼ੇ ਕਰਨ ਦੇ ਲਈ ਲੜੇ ਸੰਘਰਸ਼, ਜਿਸ ਨੂੰ ਇਹ ਪਾਰਟੀ 'ਮਾਲਵੇ ਦਾ ਮਜ਼ਦੂਰ ਅੰਦੋਲਨ' ਦਾ ਨਾਮ ਦਿੰਦੀ ਹੈ, ਦੀ ਅਲੋਚਨਾ ਕੀਤੀ ਸੀ। ਲਿਬਰੇਸ਼ਨ ਤਾਂ ਇਸ ਸਵਾਲ ਉੱਪਰ ਬਹਿਸ ਤੋਂ ਭੱਜ ਗਈ ਅਤੇ ਇਸ ਨੇ ਬੱਸ ਕੁੱਝ ਚੁਟਕਲਾ ਨੁਮਾ ਟਿੱਪਣੀਆਂ ਨਾਲ਼ ਬੁੱਤਾ ਸਾਰਨ ਦੀ ਕੋਸ਼ਿਸ਼ ਕੀਤੀ ਹੈ। 'ਜ਼ਾਹਿਰ ਹੈ ਜਦੋਂ ਕੋਈ ਮੂੰਹ ਖੋਲ੍ਹੇਗਾ ਤਾਂ ਓਨਾ ਕੁ ਅਤੇ ਓਹੀ ਕੁੱਝ ਉਚਰੇਗਾ, ਜੋ ਅਤੇ ਜਿੰਨਾ ਕੁ ਉਸ ਦੇ ਸਿਰ ਅੰਦਰ ਮੌਜੂਦ ਹੈ'। ਪਿਛਲੇ ਤਿੰਨ ਦਹਾਕਿਆਂ ਤੋਂ ਇਹ ਜਿਹੜੇ ਰਾਹ 'ਤੇ ਚੱਲ ਰਹੇ ਹਨ ਉਸੇ ਦਾ ਨਤੀਜਾ ਹੈ ਕਿ ਇਹਨਾਂ ਲਈ ਹੁਣ ਮਾਰਕਸਵਾਦ ਵੀ ਇੱਕ ਚੁਟਕਲਾ ਬਣ ਕੇ ਰਹਿ ਗਿਆ ਹੈ। ਕਿਉਂਕਿ ਮਜ਼ਦੂਰਾਂ ਦੇ ਘਰਾਂ ਦੇ ਸਵਾਲ 'ਤੇ 'ਲਾਲ ਪਰਚਮ' ਅਤੇ 'ਲਿਬਰੇਸ਼ਨ' ਦੀ ਪੋਜ਼ੀਸ਼ਨ ਇੱਕੋ ਹੈ ਇਸ ਲਈ ਸਾਡੇ ਵਲੋਂ ਲਿਬਰੇਸ਼ਨ ਦੀ ਕੀਤੀ ਗਈ ਅਲੋਚਨਾ ਵਿੱਚ 'ਲਾਲ ਪਰਚਮ' ਦੀ ਅਲੋਚਨਾ ਵੀ ਸ਼ਾਮਿਲ ਸੀ। 'ਲਾਲ ਪਰਚਮ' ਨੇ ਸਾਡੀ ਅਲੋਚਨਾ ਦੇ ਜਵਾਬ ਵਿੱਚ ਆਪਣੇ ਮਈ-ਜੂਨ 2010 ਅੰਕ ਵਿੱਚ 'ਮਜ਼ਦੂਰ ਘਰਾਂ ਦਾ ਮਸਲਾ ਅਤੇ 'ਪ੍ਰਤੀਬੱਧ' ਦੀ ਟਿੱਪਣੀ' ਸਿਰਲੇਖ ਹੇਠ ਟਿੱਪਣੀ ਲਿਖ ਕੇ, ਮਜ਼ਦੂਰਾਂ ਦੇ ਘਰਾਂ ਦੇ ਸਵਾਲ ਉੱਪਰ ਬਹਿਸ ਨੂੰ ਅੱਗੇ ਤੋਰਿਆ ਹੈ। ਅਸੀਂ 'ਲਾਲ ਪਰਚਮ' ਦੀ ਇਸ ਟਿੱਪਣੀ ਦਾ ਸਵਾਗਤ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਅਜਿਹੀਆਂ ਬਹਿਸਾਂ ਮਜ਼ਦੂਰ ਲਹਿਰ ਦੇ ਵਿਕਾਸ ਨਾਲ਼ ਸਬੰਧਤ ਵੱਖ-ਵੱਖ ਸਵਾਲਾਂ 'ਤੇ ਖੱਬੀ ਲਹਿਰ ਦੀਆਂ ਵੱਖ ਵੱਖ ਧਿਰਾਂ ਅਤੇ ਇਨਕਲਾਬੀ ਸਫਾਂ ਲਈ ਇੱਕ ਸਹੀ ਸਮਝ ਹਾਸਲ ਕਰ ਸਕਣ ਵਿੱਚ ਸਹਾਈ ਹੋਣਗੀਆਂ। ਅਸੀਂ ਆਪਣੇ ਪਿਛਲੇ ਲੇਖ (ਜਨਵਰੀ 2010) ਵਿੱਚ ਲਿਖਿਆ ਸੀ ਕਿ "ਮਾਰਕਸਵਾਦ ਆਪਣੇ ਜਨਮ ਤੋਂ ਹੀ ਬੁਰਜੂਆ, ਨਿੱਕ ਬੁਰਜੂਆ ਵਿਚਾਰਧਾਰਵਾਂ ਨਾਲ਼ ਟੱਕਰ ਲੈ ਕੇ ਹੀ ਵਿਕਸਿਤ ਹੋਇਆ ਹੈ। ਸ਼ੁਰੂ ਤੋਂ ਹੀ ਮਾਰਕਸਵਾਦ ਨੂੰ ਅੰਦਰੋਂ ਬਾਹਰੋਂ ਲਗਾਤਾਰ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ" ਅਤੇ ਇਹ ਸਿਲਸਿਲਾ ਅੱਜ ਤੱਕ ਬੇਰੋਕ ਜਾਰੀ ਹੈ। ਅੱਜ ਸਾਡੇ ਦੇਸ਼ ਵਿੱਚ ਖੁਦ

ਨੂੰ ਕਮਿਊਨਿਸਟ ਕਹਾਉਂਦੀਆਂ ਜ਼ਿਆਦਾਤਰ ਪਾਰਟੀਆਂ/ਗਰੁੱਪ ਉਹਨਾਂ ਵਿਚਾਰਧਾਰਕ ਪੋਜ਼ੀਸ਼ਨਾਂ 'ਤੇ ਖੜ੍ਹੇ ਹਨ, ਜਿਹਨਾਂ ਨਾਲ਼ ਮਾਰਕਸਵਾਦ ਨੂੰ ਲੋਹਾ ਲੈਣਾ ਪਿਆ ਸੀ। ਇਹ ਮਾਰਕਸਵਾਦ ਦੇ ਇਤਿਹਾਸ ਵਿੱਚ ਮਾਰਕਸਵਾਦ ਅਤੇ ਮਾਰਕਸਵਾਦ ਵਿਰੋਧੀਆਂ ਦਰਮਿਆਨ ਜੋ ਵੀ ਬਹਿਸਾਂ ਚੱਲੀਆਂ, ਉਹਨਾਂ ਵਿੱਚ ਮਾਰਕਸਵਾਦ ਵਿਰੋਧੀਆਂ ਦੀਆਂ ਪੋਜ਼ੀਸ਼ਨਾਂ 'ਤੇ ਖੜ੍ਹੇ ਹਨ। ਭਾਵੇਂ ਇਹ ਨਿੱਕੀ ਮਾਲਕੀ ਨੂੰ ਬਚਾਉਣ ਦਾ ਮਸਲਾ ਹੋਵੇ ਤੇ ਭਾਵੇਂ ਉਸ ਨੂੰ ਮੁੜ ਪੈਦਾ ਕਰਨਾ ਦਾ। ਇਸ ਸਵਾਲ 'ਤੇ ਇਹ ਪਾਰਟੀਆਂ/ਗਰੁੱਪ ਪਰੂਧੋਂ, ਸਿਸਮਾਂਦੀ ਅਤੇ ਰੂਸੀ ਨਰੋਦਨਿਕਾਂ ਦੀਆਂ ਪੋਜ਼ੀਸ਼ਨਾਂ 'ਤੇ ਜਾ ਖੜ੍ਹਦੇ ਹਨ। ਮਜ਼ਦੂਰਾਂ ਦੇ ਘਰਾਂ ਦੇ ਸਵਾਲ 'ਤੇ ਸੰਸਾਰ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕ ਫਰੈਡਰਿਕ ਏਂਗਲਜ਼ ਨੇ ਸ਼੍ਰੀ ਸਾਕਸ ਦੇ ਬੁਰਜੂਆ ਅਤੇ ਸ਼੍ਰੀ ਪਰੂਧੋਂ ਦੇ ਨਿੱਕ ਬੁਰਜੂਆ ਵਿਚਾਰਾਂ ਨਾਲ਼ ਟੱਕਰ ਲਈ। ਇਸ ਟੱਕਰ ਵਿੱਚ ਇਹ ਖੁਦ ਨੂੰ ਕਮਿਊਨਿਸਟ ਕਹਾਉਂਦੀਆਂ ਪਾਰਟੀਆਂ/ਗਰੁੱਪ ਸ਼੍ਰੀ ਸਾਕਸ ਅਤੇ ਸ਼੍ਰੀ ਪਰੂਧੋਂ ਦੇ ਵਿਚਾਰਾਂ, ਜੋ ਕਿ ਤੱਤ ਰੂਪ ਵਿੱਚ ਇੱਕੋ ਹੀ ਹਨ, ਦੀਆਂ ਪੈਰੋਕਾਰ ਬਣੀਆਂ ਹੋਈਆਂ ਹਨ।

## ਪ੍ਰਤੀਬੱਧ ਵਿਰੁੱਧ 'ਲਾਲ ਪਰਚਮ' ਦਾ ਕੇਂਦਰੀ ਤਰਕ

ਅਸੀਂ ਆਪਣੀ ਲਿਖਤ 'ਮਾਲਵੇ ਦਾ ਮਜ਼ਦੂਰ ਅੰਦੋਲਨ, ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦੇ ਨਿੱਕ ਬੁਰਜੂਆ ਹੱਲ ਦਾ ਯਤਨ' ਲਿਖਣ ਲਈ ਫਰੈਡਰਿਕ ਏਂਗਲਜ਼ ਦੀ ਪੁਸਤਕ 'ਰਿਹਾਇਸ਼ੀ ਘਰਾਂ ਦਾ ਸਵਾਲ' ਨੂੰ ਅਧਾਰ ਬਣਾਇਆ ਸੀ। ਸਾਡੀ ਜਾਣਕਾਰੀ ਮੁਤਾਬਕ ਪੂੰਜੀਵਾਦ ਅੰਦਰ ਮਜ਼ਦੂਰ ਘਰਾਂ ਦੇ ਸਵਾਲ ਨੂੰ ਸੰਬੋਧਿਤ ਮਾਰਕਸਵਾਦ ਦੀ ਇਹ ਇੱਕੋ ਇੱਕ ਪੁਸਤਕ ਹੈ। ਆਪਣੀ ਲਿਖਤ ਵਿੱਚ ਅਸੀਂ ਮਜ਼ਦੂਰਾਂ ਦੇ ਘਰਾਂ ਦੇ ਸਵਾਲ 'ਤੇ ਕੋਈ ਮੌਲਿਕ ਗੱਲ ਨਹੀਂ ਕੀਤੀ। ਅਸੀਂ ਤਾਂ ਇਸ ਸਵਾਲ 'ਤੇ ਫਰੈਡਰਿਕ ਏਂਗਲਜ਼ ਦੇ ਵਿਚਾਰਾਂ ਨੂੰ ਹੀ ਮੁੜ ਪੇਸ਼ ਕੀਤਾ ਸੀ। ਕਿਉਂਕਿ ਅਸੀਂ ਕਿਸੇ ਹੋਰ ਦੀਆਂ ਕਹੀਆਂ ਗੱਲਾਂ ਨੂੰ ਆਪਣੀ ਗੱਲ ਬਣਾ ਕੇ ਪੇਸ਼ ਕਰਨ ਦੀ ਸਾਹਿਤ ਚੋਰ ਰਵਾਇਤ ਦੇ ਕਾਇਲ ਨਹੀਂ ਹਾਂ ਇਸ ਲਈ ਅਸੀਂ ਫਰੈਡਰਿਕ ਏਂਗਲਜ਼ ਦੀ ਉਪਰੋਕਤ ਰਚਨਾ 'ਚੋਂ ਲੰਬੇ-ਲੰਬੇ ਹਵਾਲੇ ਦੇਕੇ ਮਜ਼ਦੂਰ ਘਰਾਂ ਦੇ ਸਵਾਲ ਬਾਰੇ ਮਾਰਕਸਵਾਦੀ ਪੋਜ਼ੀਸ਼ਨ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਸੀ।

ਜੇਕਰ ਕੋਈ ਵੀ ਵਿਅਕਤੀ ਆਪਣੀਆਂ ਅੰਤਰਮੁਖੀ ਧਾਰਨਾਵਾਂ ਤੋਂ ਮੁਕਤ ਹੋਕੇ ਇਮਾਨਦਾਰੀ ਨਾਲ਼ ਫਰੈਡਰਿਕ ਏਂਗਲਜ਼ ਦੀ ਪੁਸਤਕ 'ਰਿਹਾਇਸ਼ੀ ਘਰਾਂ ਦਾ ਸਵਾਲ' ਦਾ ਅਧਿਐਨ ਕਰੇ ਤਾਂ ਉਹ ਇਸ ਸਵਾਲ ਉੱਪਰ ਆਪਣੇ ਬੁਰਜੂਆ, ਨਿੱਕ ਬੁਰਜੂਆ ਭਟਕਾਵਾਂ ਤੋਂ ਮੁਕਤ ਹੋ ਸਕਦਾ ਹੈ। ਪਰ 'ਲਾਲ ਪਰਚਮ' ਦੀ ਤਾਂ ਗੱਲ ਹੀ ਹੋਰ ਹੈ। ਉਸ ਦਾ ਕਹਿਣਾ ਹੈ ਕਿ ਫਰੈਡਰਿਕ ਏਂਗਲਜ਼ ਦੀ ਇਹ ਪੁਸਤਕ ਆਜ਼ਾਦ ਮੁਕਾਬਲੇ ਦੇ ਪੂੰਜੀਵਾਦ ਦੇ ਯੁੱਗ ਵਿੱਚ ਲਿਖੀ ਗਈ ਸੀ। ਪਰ ਹੁਣ ਯੁੱਗ ਬਦਲ ਗਿਆ ਹੈ। ਹੁਣ ਸਾਮਰਾਜਵਾਦ ਦਾ ਯੁੱਗ ਹੈ। ਇਸ ਲਈ ਯੁੱਗ ਬਦਲ ਜਾਣ ਕਾਰਨ ਫਰੈਡਰਿਕ ਏਂਗਲਜ਼ ਦੀ ਉਪਰੋਕਤ ਰਚਨਾ ਅਪ੍ਰਸੰਗਕ ਹੋ ਗਈ ਹੈ। 'ਪ੍ਰਤੀਬੱਧ' ਨਾਲ਼ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਬਹਿਸ ਵਿੱਚ ਇਹੋ 'ਲਾਲ ਪਰਚਮ' ਦਾ ਕੇਂਦਰੀ ਤਰਕ ਹੈ। 'ਲਾਲ ਪਰਚਮ' ਦਾ ਕਹਿਣਾ ਹੈ, "ਮਜ਼ਦੂਰ ਜਮਾਤ ਦੇ

ਮਹਾਨ ਉਸਤਾਦ ਏਂਗਲਜ਼ ਨੇ ਘਰਾਂ ਦੀ ਸਮੱਸਿਆ ਉੱਪਰ ਆਪਣੇ ਤਿੰਨ ਲੇਖ 1872 ਵਿੱਚ ਲਿਖੇ।...ਇਹ ਉਹ ਸਮਾਂ ਸੀ ਜਦੋਂ ਸਰਮਾਏਦਾਰ ਜਮਾਤ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚੋਂ ਗੁਜ਼ਰ ਰਹੀ ਸੀ। ਇਹ ਅਜੇ ਵਿਕਸਿਤ ਹੋ ਕੇ ਆਪਣੀ ਸਭ ਤੋਂ ਉਚੇਰੀ ਮੰਜ਼ਿਲ, ਸਾਮਰਾਜਵਾਦ ਦੀ ਮੰਜ਼ਿਲ ਉੱਪਰ ਨਹੀਂ ਸੀ ਪਹੁੰਚੀ।...ਅੱਜ ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਉਹ ਮਾਰਕਸ ਏਂਗਲਜ਼ ਦੇ ਜ਼ਮਾਨੇ ਦਾ ਸਰਾਮਾਏਦਾਰੀ ਦੇ ਖੁੱਲ੍ਹੇ ਮੁਕਾਬਲੇ ਦਾ ਜ਼ਮਾਨਾ ਨਹੀਂ ਹੈ। ਇਹ ਲੈਨਿਨ ਦੇ ਕਥਨ ਅਨੁਸਾਰ ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬਾਂ ਦਾ ਯੁੱਗ ਹੈ।...ਪ੍ਰਤੀਬੱਧ ਦਾ ਲੇਖਕ ਇੱਕ ਸਮੇਂ ਤੇ ਸਥਾਨ ਅੰਦਰ ਵਿਉਂਤੇ ਕਾਰਜਾਂ ਨੂੰ ਕਿਸੇ ਦੂਸਰੇ ਸਮੇਂ ਤੇ ਸਥਾਨ ਅੰਦਰ ਕੱਟੜਵਾਦੀ ਢੰਗ ਨਾਲ਼ ਲਾਗੂ ਕਰਦਾ ਹੈ।...ਫਰੈਡਰਿਕ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁਖ ਹੋ ਕੇ ਸਿਰਫ਼ ਮਜ਼ਦੂਰਾਂ ਨੂੰ ਘਰ ਦੁਆਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸ ਨੂੰ ਸਮਾਜਵਾਦ ਦੇ ਤੁੱਲ ਬਣਾ ਦੇਣ ਦੀਆਂ ਗਲਤ ਪ੍ਰਵਿਰਤੀਆਂ ਦੇ ਖਿਲਾਫ਼ ਸੰਘਰਸ਼ ਕਰ ਰਹੇ ਸਨ। ਅਜਿਹਾ ਉਹ ਉਸ ਸਮੇਂ ਕਰ ਰਹੇ ਸਨ ਜਦੋਂ ਪੂੰਜੀਵਾਦ ਦਾ ਸੰਸਾਰ ਪੱਧਰ ਉੱਤੇ ਅਗਾਂਹਵਧੂ ਰੋਲ਼ ਸੀ। ਏਂਗਲਜ਼ ਦੀਆਂ ਉਸ ਸਮੇਂ ਦੇ ਹਾਲਾਤ ਵਿੱਚ ਕਹੀਆਂ ਗੱਲਾਂ ਨੂੰ ਅੱਜ ਦੇ ਗਲ਼ੇ ਸੜੇ ਸਾਮਰਾਜੀ ਪ੍ਰਬੰਧ ਅਤੇ ਇਸ ਦੀ ਛਤਰ ਛਾਇਆ ਹੇਠ ਪਣਪੇ ਭਾਰਤ ਅੰਦਰ ਰੋਗ ਗ੍ਰਸਤ ਪੂੰਜੀਵਾਦ ਦੇ ਵਰਤਾਰੇ ਦੀਆਂ ਹਾਲਤਾਂ ਉੱਤੇ ਲਾਗੂ ਕਰਨ ਨੂੰ ਕਿਸੇ ਤਰਾਂ ਵੀ ਸਿਆਣਪ ਭਰਪੂਰ ਨਹੀਂ ਕਿਹਾ ਜਾ ਸਕਦਾ।" ਇਹ ਹੈ 'ਲਾਲ ਪਰਚਮ' ਦਾ ਮੁੱਖ ਤਰਕ, ਜਿਸਦੀ ਬੁਨਿਆਦ ਤੇ ਉਸ ਨੇ 'ਪ੍ਰਤੀਬੱਧ' ਵਿਰੁੱਧ ਆਪਣੇ ਤਰਕਾਂ ਦਾ ਮਹਿਲ ਉਸਾਰਿਆ ਹੈ। ਪਰ ਅਫਸੋਸ! 'ਲਾਲ ਪਰਚਮ' ਦਾ ਮਹਿਲ ਤਾਸ਼ ਦੇ ਪੱਤਿਆਂ ਦੇ ਮਹਿਲ ਜਿਹਾ ਹੈ।

ਅਸੀਂ ਇੱਥੇ 'ਲਾਲ ਪਰਚਮ' ਦੇ ਇਸ ਲੇਖਕ ਨੂੰ ਕੁੱਝ ਸਵਾਲ ਪੁੱਛਣੇ ਚਾਹਾਂਗੇ। 'ਲਾਲ ਪਰਚਮ' ਦੇ ਲੇਖਕ ਜੀਓ, ਕੀ ਤੁਹਾਡੇ ਤਰਕ ਮੁਤਾਬਕ ਯੁੱਗ ਬਦਲ ਜਾਣ ਕਾਰਨ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਦੀਆਂ ਸਭ ਰਚਨਾਵਾਂ ਅਤੇ ਕਾਮਰੇਡ ਲੈਨਿਨ ਦੀਆਂ ਸ਼ੁਰੂਆਤੀ ਰਚਨਾਵਾਂ (ਜਦੋਂ ਪੂੰਜੀਵਾਦ ਅਜੇ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਨਹੀਂ ਹੋਇਆ ਸੀ) ਵੀ ਅਪ੍ਰਸੰਗਕ ਨਹੀਂ ਹੋ ਗਈਆਂ? ਤੁਸੀਂ ਇਸ ਬਾਰੇ ਕਿਉਂ ਚੁੱਪ ਹੋ? ਮਾਰਕਸਵਾਦ ਦੇ ਮੂਲ ਤਰਕਾਂ ਨੂੰ ਦਰਕਿਨਾਰ ਕਰਕੇ, ਸੰਸਾਰ ਦੇ ਸਮਾਜੀ-ਆਰਥਿਕ ਢਾਂਚੇ ਵਿੱਚ ਅਨੇਕਾਂ ਤਬਦੀਲੀਆਂ ਦੀ ਦੁਹਾਈ ਦੇਂਦੇ ਹੋਏ, ਉੱਤਰ ਆਧੁਨਿਕਤਾਵਾਦੀ ਕਹਿੰਦੇ ਹਨ, ਕਿ "ਯੁੱਗ ਬਦਲ ਜਾਣ" ਕਾਰਨ ਹੁਣ ਮਾਰਕਸਵਾਦ ਅਪ੍ਰਸੰਗਕ ਹੋ ਗਿਆ ਹੈ। 'ਲਾਲ ਪਰਚਮ' ਦੇ ਲੇਖਕ ਜੀ ਤੁਸੀਂ ਵੀ ਮਜ਼ਦੂਰਾਂ ਦੇ ਘਰਾਂ ਦੇ ਸਵਾਲ 'ਤੇ ਏਂਗਲਜ਼ ਦੇ ਮੂਲ ਤਰਕਾਂ ਨੂੰ ਦਰਕਿਨਾਰ ਕਰਕੇ "ਯੁੱਗ ਬਦਲ" ਜਾਣ ਕਾਰਨ ਏਂਗਲਜ਼ ਦੀ ਰਚਨਾ ਨੂੰ ਅਪ੍ਰਸੰਗਕ ਦੱਸ ਰਹੇ ਹੋ। ਤੁਹਾਡੇ 'ਤੇ ਉੱਤਰ ਆਧੁਨਿਕਤਾ ਵਾਦੀਆਂ ਵਿੱਚ ਕੀ ਫਰਕ ਹੈ? ਕੀ ਫਰਕ ਸਿਰਫ਼ ਏਨਾ ਹੀ ਨਹੀਂ ਹੈ ਕਿ ਤੁਸੀਂ ਇਹ ਕੰਮ ਮਾਰਕਸ ਤੋਂ ਮਾਓ ਤੱਕ ਦਾ ਨਾਮ ਜਪਦੇ ਹੋਏ ਕਰ ਰਹੇ ਹੋ? ਭਾਰਤ ਦੇ ਭਾਂਤ ਸੁਭਾਂਤੇ ਦਲਿਤਵਾਦੀ ਕਹਿੰਦੇ ਹਨ ਕਿ ਕਿਉਂਕਿ ਭਾਰਤੀ ਸਮਾਜ ਜਾਤਾਂ ਵਿੱਚ ਵੰਡਿਆਂ ਹੋਇਆ ਹੈ, ਜਮਾਤਾਂ ਵਿੱਚ ਨਹੀਂ। ਇਸ ਲਈ ਭਾਰਤੀ ਹਾਲਤਾਂ

ਵਿੱਚ ਮਾਰਕਸਵਾਦ ਪ੍ਰਸੰਗਕ ਨਹੀਂ ਹੈ। ਤੇ 'ਲਾਲ ਪਰਚਮ' ਦੇ ਲੇਖਕ ਜੀ ਤੁਸੀਂ ਕਹਿੰਦੇ ਹੋ "ਭਾਰਤ ਅੰਦਰ ਰੋਗ ਗ੍ਰਸਤ ਪੂੰਜੀਵਾਦ ਦੇ ਵਰਤਾਰੇ ਦੀਆਂ ਹਾਲਤਾਂ ਉੱਪਰ" ਏਂਗਲਜ਼ ਦੇ ਵਿਚਾਰ ਲਾਗੂ ਨਹੀਂ ਹੁੰਦੇ। ਕੀ ਤੁਹਾਡੇ, ਉੱਤਰ ਆਧੁਨਿਕਤਾਵਾਦੀਆਂ ਅਤੇ ਦਲਿਤਵਾਦੀਆਂ ਅਤੇ ਹੋਰ ਮਾਰਕਸਵਾਦ ਵਿਰੋਧੀਆਂ ਵਿੱਚ ਕੋਈ ਤੰਦ ਸਾਂਝੀ ਹੈ ? 'ਲਾਲ ਪਰਚਮ' ਦੇ ਲੇਖਕ ਜੀ ਤੁਹਾਡਾ ਤਰਕ ਤਾਂ ਇਹ ਹੈ ਕਿ ਅਜ਼ਾਦ ਮੁਕਬਾਲੇ ਵਾਲ਼ੇ ਪੂੰਜੀਵਾਦ ਦੇ ਯੁਗ ਵਿੱਚ ਇੱਕ ਪਾਸੇ ਫਰੈਡਰਿਕ ਏਂਗਲਜ਼ ਅਤੇ ਦੂਸਰੇ ਪਾਸੇ, ਪਰੂਧੋਂ, ਮੂਲਬਰਗਰ ਅਤੇ ਸਾਕਸ ਦਰਮਿਆਨ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਜੋ ਬਹਿਸ ਸੀ, ਉਸ ਵਿੱਚ ਫਰੈਡਰਿਕ ਏਂਗਲਜ਼ ਦਾ ਪੱਖ ਠੀਕ ਸੀ, ਪਰ ਹੁਣ ਸਾਮਰਾਜਵਾਦ ਦੇ ਯੁੱਗ ਵਿੱਚ ਪਰੂਧੋਂ, ਮੂਲਬਰਗਰ ਅਤੇ ਸ਼੍ਰੀ ਸਾਕਸ ਦਾ ਪੱਖ ਠੀਕ ਹੋ ਗਿਆ ਹੈ। ਪਰ ਤੁਸੀਂ ਸਾਫ਼ ਸਾਫ਼ ਇਹ ਗੱਲ ਨਹੀਂ ਕਹਿੰਦੇ। ਤੁਸੀਂ ਆਪਣੀ ਦੁਕਾਨ ਤੇ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਦਾ ਫੱਟਾ ਟੰਗ ਕੇ ਪਰੂਧੋਂਵਾਦ ਦਾ ਵਣਜ ਵਪਾਰ ਕਿਉਂ ਕਰ ਰਹੇ ਹੋ ? ਫੱਟਾ ਹੀ ਕਿਉਂ ਨਹੀਂ ਬਦਲ ਲੈਂਦੇ ?

ਫਰੈਡਰਿਕ ਏਂਗਲਜ਼ ਦੇ ਸਮਿਆਂ ਵਿੱਚ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ, ਮਜ਼ਦੂਰਾਂ ਨੂੰ ਘਰਾਂ ਦੇ ਰੂਪ ਵਿੱਚ ਸੰਪੱਤੀ ਦੇ ਕੇ ਉਹਨਾਂ ਦੀ ਹਾਲਤ ਸੁਧਾਰਨ ਦੀ ਵਕਾਲਤ ਕਰਦੇ ਸਨ। ਫਰੈਡਰਿਕ ਏਂਗਲਜ਼ ਨੇ ਆਪਣੀ ਰਚਨਾ 'ਰਿਹਾਇਸ਼ੀ ਘਰਾਂ ਦਾ ਸਵਾਲ' ਵਿੱਚ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ ਦੇ ਇਹਨਾਂ ਯੂਟੋਪਿਆਈ ਅਤੇ ਪਿਛਾਂਖਿੱਚੂ ਸਿਧਾਂਤਾਂ ਦੀਆਂ ਧੱਜੀਆਂ ਉਡਾਈਆਂ। ਆਓ ਦੇਖਦੇ ਹਾਂ ਕਿ ਕੀ ਫਰੈਡਰਿਕ ਏਂਗਲਜ਼ ਦੁਆਰਾ ਮਜ਼ਦੂਰਾਂ ਦੇ ਘਰਾਂ ਦੇ ਸਵਾਲ 'ਤੇ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦੀਆਂ ਵਿਰੁੱਧ ਦਿੱਤੇ ਬੁਨਿਆਦੀ ਤਰਕਾਂ ਉੱਪਰ ਯੁੱਗ ਬਦਲਣ ਭਾਵ ਪੂੰਜੀਵਾਦ ਦੇ ਆਪਣੇ ਸਰਵਉੱਚ ਪੜਾਅ ਸਾਮਰਾਜਵਾਦ ਵਿੱਚ ਦਾਖਲ ਹੋਣ ਨਾਲ਼ ਕੋਈ ਫਰਕ ਪਿਆ ਹੈ ?

ਫਰੈਡਰਿਕ ਏਂਗਲਜ਼ ਲਿਖਦੇ ਹਨ, "**ਜਾਪਦਾ ਹੈ ਸ਼੍ਰੀ ਸਾਕਸ ਇਹ ਫ਼ਰਜ਼ ਕਰ ਰਿਹਾ ਹੈ ਕਿ ਮਨੁੱਖ ਜ਼ਰੂਰੀ ਤੌਰ 'ਤੇ ਇੱਕ ਕਿਸਾਨ ਹੁੰਦਾ ਹੈ ਨਹੀਂ ਤਾਂ ਉਹ ਸਾਡੇ ਵੱਡੇ ਸ਼ਹਿਰਾਂ ਦੇ ਮਜ਼ਦੂਰਾਂ ਨਾਲ਼ ਅਜਿਹੀ ਲਾਲਸਾ ਝੂਠੀ ਹੀ ਨਾ ਜੋੜਦਾ ਜੋ ਕਿਸੇ ਹੋਰ ਨੂੰ ਉਹਨਾਂ ਵਿੱਚ ਨਹੀਂ ਲੱਭੀ। ਵੱਡੇ ਸ਼ਹਿਰਾਂ ਵਿੱਚ ਸਾਡੇ ਮਜ਼ਦੂਰਾਂ ਲਈ ਚੱਲਣ ਫਿਰਨ ਦੀ ਅਜ਼ਾਦੀ, ਹੋਂਦ ਦੀ ਮੁੱਖ ਸ਼ਰਤ ਹੁੰਦੀ ਹੈ ਅਤੇ ਜ਼ਮੀਨ ਦੀ ਮਾਲਕੀ ਉਹਨਾਂ ਨੂੰ ਕੇਵਲ ਜ਼ੰਜੀਰਾਂ ਦਾ ਹੀ ਕੰਮ ਦੇ ਸਕਦੀ ਹੈ। ਉਹਨਾਂ ਨੂੰ ਘਰ ਦੇ ਦਿਓ, ਉਹਨਾਂ ਨੂੰ ਇੱਕ ਵਾਰ ਫੇਰ ਜ਼ਮੀਨ ਨਾਲ਼ ਬੰਨ੍ਹ ਦਿਓ ਤਾਂ ਫੇਰ ਤੁਸੀਂ ਫੈਕਟਰੀ ਦੇ ਮਾਲਕਾਂ ਵੱਲੋਂ ਉਜਰਤਾਂ ਵਿੱਚ ਕੀਤੀ ਕਟੌਤੀ ਦੀ ਮੁਜ਼ਾਹਮਤ ਕਰਨ ਦੀ ਉਹਨਾਂ ਦੀ ਸ਼ਕਤੀ ਭੰਨ ਦਿੰਦੇ ਹੋ। ਇੱਕ ਵਿਅਕਤੀਗਤ ਮਜ਼ਦੂਰ ਕਿਸੇ ਮੌਕੇ ਉੱਤੇ ਆਪਣਾ ਘਰ ਵੇਚਣ ਦੇ ਸਮਰੱਥ ਹੋ ਸਕਦਾ ਹੈ, ਪਰ ਇੱਕ ਵੱਡੀ ਹੜਤਾਲ ਜਾਂ ਆਮ ਸਨਅਤੀ ਸੰਕਟ ਦੌਰਾਨ ਉਹਨਾਂ ਮਜ਼ਦੂਰਾਂ ਦੇ ਜਿਨ੍ਹਾਂ ਉੱਤੇ ਇਹਦਾ ਅਸਰ ਪੈਂਦਾ ਹੈ, ਸਾਰੇ ਘਰ ਵਿਕਾਊ ਹੋ ਜਾਣਗੇ ਅਤੇ ਇਸ ਲਈ ਉਹਨਾਂ ਦੇ ਖਰੀਦਦਾਰ ਨਹੀਂ ਲੱਭਣਗੇ ਜਾਂ ਉਹ ਉਹਨਾਂ ਨੂੰ ਕੀਤੇ ਖਰਚੇ ਨਾਲ਼ੋਂ ਬਹੁਤ ਘੱਟ ਕੀਮਤ ਉੱਤੇ ਵੇਚਣੇ ਪੈਣਗੇ ਅਤੇ ਜੇਕਰ ਉਹਨਾਂ ਸਾਰਿਆਂ ਦੇ**

**ਖਰੀਦਦਾਰ ਲੱਭ ਵੀ ਗਏ ਤਾਂ ਸ਼੍ਰੀ ਸਾਕਸ ਦਾ ਘਰਾਂ ਦਾ ਸਮੁੱਚਾ ਸ਼ਾਨਦਾਰ ਸੁਧਾਰ ਸਿਫ਼ਰ ਹੋ ਜਾਵੇਗਾ ਅਤੇ ਮੁੱਢ ਤੋਂ ਇੱਕ ਵਾਰ ਫੇਰ ਸ਼ੁਰੂ ਕਰਨਾ ਪਵੇਗਾ।''** (ਫਰੈਡਰਿਕ ਏਂਗਲਜ਼, 'ਘਰਾਂ ਦਾ ਸਵਾਲ', ਪੰਨਾ 46, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, 2010, ਜ਼ੋਰ ਸਾਡਾ)....

*''ਪਰ ਸਾਡੇ ਮਜ਼ਦੂਰ ਦੇ ਲੱਗੀ ਇਹ ਸਰਮਾਏਦਾਰ ਦੀ ਪੂਛ ਦਾ ਇੱਕ ਹੋਰ ਪੱਖ ਵੀ ਹੈ। ਆਓ ਅਸੀਂ .ਫਰਜ਼ ਕਰੀਏ ਕਿ ਕਿਸੇ ਖਾਸ ਸਨਅਤੀ ਇਲਾਕੇ ਵਿੱਚ ਇਹ ਗੱਲ ਆਮ ਹੋ ਗਈ ਹੈ ਕਿ ਹਰ ਇੱਕ ਮਜ਼ਦੂਰ ਦਾ ਆਪਣਾ ਨਿੱਕਾ ਜਿਹਾ ਘਰ ਹੈ। ਇਸ ਮਾਮਲੇ ਵਿੱਚ ਉਸ ਇਲਾਕੇ ਦੀ ਮਜ਼ਦੂਰ ਜਮਾਤ ਬਿਨਾਂ ਕੋਈ ਕਿਰਾਇਆ ਦਿੱਤੇ ਰਹਿ ਰਹੀ ਹੈ; ਰਿਹਾਇਸ਼ੀ ਘਰ ਦੇ ਖਰਚੇ ਹੁਣ ਉਹਦੀ ਕਿਰਤ ਸ਼ਕਤੀ ਦੀ ਕਦਰ ਵਿੱਚ ਸ਼ਾਮਲ ਨਹੀਂ ਹੁੰਦੇ। ਕਿਰਤ ਸ਼ਕਤੀ ਦੀ ਪੈਦਾਵਾਰ ਦੇ ਖਰਚੇ ਵਿੱਚ ਹੋਈ ਹਰ ਕਟੌਤੀ ਭਾਵ ਮਜ਼ਦੂਰ ਦੀਆਂ ਜੀਵਨ ਲਈ ਲੋੜੀਂਦੀਆਂ ਚੀਜ਼ਾਂ ਵਿੱਚ ਕੀਮਤਾਂ ਦੀ ਹਰ ਸਥਾਈ ਕਟੌਤੀ ''ਕੌਮੀ ਆਰਥਕਤਾ ਦੇ ਸਿਧਾਂਤ ਦੇ ਲੋਹ-ਕਾਨੂੰਨਾਂ ਦੇ ਅਧਾਰ ਉੱਤੇ'' ਕਿਰਤ ਸ਼ਕਤੀ ਦੀ ਕਦਰ ਵਿੱਚ ਕਮੀਂ ਦੇ ਬਰਾਬਰ ਹੁੰਦੀ ਹੈ ਅਤੇ ਇਸੇ ਲਈ ਇਹਦਾ ਆਖਰੀ ਨਤੀਜਾ ਉਜਰਤਾਂ ਵਿੱਚ ਬਰਾਬਰ ਦੀ ਕਮੀ ਹੋ ਜਾਣ ਦੇ ਰੂਪ ਵਿੱਚ ਨਿੱਕਲੇਗਾ। ਇਸ ਤਰ੍ਹਾਂ ਉਜਰਤਾਂ ਔਸਤਨ ਉਨੀਆਂ ਹੀ ਘੱਟ ਜਾਣਗੀਆਂ ਜਿੰਨੀ ਔਸਤ ਰਕਮ ਦੀ ਕਿਰਾਏ ਵਿੱਚ ਬੱਚਤ ਹੋਵੇਗੀ, ਭਾਵ ਮਜ਼ਦੂਰ ਆਪਣੇ ਘਰ ਦਾ ਕਿਰਾਇਆ ਆਪ ਹੀ ਅਦਾ ਕਰੇਗਾ, ਪਰ ਪਹਿਲਾਂ ਵਾਂਗ ਘਰ ਦੇ ਮਾਲਕ ਨੂੰ ਧਨ ਦੇਣ ਦੇ ਰੂਪ ਵਿੱਚ ਨਹੀਂ ਸਗੋਂ ਉਸ ਫੈਕਟਰੀ ਮਾਲਕ ਨੂੰ ਜਿਸ ਕੋਲ਼ ਉਹ ਕੰਮ ਕਰਦਾ ਹੈ, ਅਦਾਇਗੀ ਤੋਂ ਬਿਨਾਂ ਕਿਰਤ ਦੇ ਰੂਪ ਵਿੱਚ ਅਦਾ ਕਰੇਗਾ। ਇਸ ਤਰ੍ਹਾਂ ਉਹਦੇ ਨਿੱਕੇ ਜਿਹੇ ਘਰ ਵਿੱਚ ਮਜ਼ਦੂਰ ਵੱਲੋਂ ਆਪਣੀ ਬੱਚਤ ਦੀ ਕੀਤੀ ਗਈ ਲਾਗਤ ਇੱਕ ਤਰ੍ਹਾਂ ਨਾਲ਼ ਪੂੰਜੀ ਬਣ ਜਾਵੇਗੀ, ਪਰ ਇਹ ਪੂੰਜੀ ਉਹਦੇ ਲਈ ਨਹੀਂ ਸਗੋਂ ਉਹਨੂੰ ਨੌਕਰ ਰੱਖਣ ਵਾਲ਼ੇ ਸਰਮਾਏਦਾਰ ਲਈ ਹੋਵੇਗੀ।''* (ਉਪ੍ਰੋਕਤ, ਪੰਨਾ 47)

ਅਸੀਂ 'ਲਾਲ ਪਰਚਮ' ਦੇ ਲੇਖਕ ਨੂੰ ਪੁੱਛਣਾ ਚਾਹਾਂਗੇ ਕਿ ਉਪਰੋਕਤ ਹਵਾਲਿਆਂ ਵਿੱਚ ਆਏ ਫਰੈਡਰਿਕ ਏਂਗਲਜ਼ ਦੇ ਤਰਕਾਂ ਵਿੱਚ ਯੁੱਗ ਬਦਲਣ ਨਾਲ਼ ਕੀ ਫਰਕ ਪਿਆ ਹੈ ? ਏਂਗਲਜ਼ ਕਹਿੰਦੇ ਹਨ, **''ਵੱਡੇ ਸ਼ਹਿਰਾਂ ਵਿੱਚ ਸਾਡੇ ਮਜ਼ਦੂਰਾਂ ਲਈ ਚੱਲਣ ਫਿਰਨ ਦੀ ਅਜ਼ਾਦੀ, ਹੋਂਦ ਦੀ ਮੁੱਖ ਸ਼ਰਤ ਹੁੰਦੀ ਹੈ ਅਤੇ ਜ਼ਮੀਨ ਦੀ ਮਾਲਕੀ ਉਹਨਾਂ ਨੂੰ ਕੇਵਲ ਜ਼ੰਜੀਰਾਂ ਦਾ ਹੀ ਕੰਮ ਦੇ ਸਕਦੀ ਹੈ।''** (ਸ਼ਬਦਾਂ 'ਤੇ ਜ਼ੋਰ ਸਾਡਾ) ਅੱਜ ਇਸ ਗੱਲ ਵਿੱਚ ਕੀ ਫਰਕ ਪਿਆ ਹੈ ਅਤੇ ਕਿਵੇਂ ? ਕੀ ਅੱਜ ਮਜ਼ਦੂਰਾਂ ਨੂੰ ਜ਼ਮੀਨ ਲਈ ਮਾਲਕੀ ਜ਼ੰਜੀਰਾਂ ਦਾ ਕੰਮ ਨਾ ਦੇਕੇ ਉਹਨਾਂ ਦੀ ਅਜ਼ਾਦੀ ਦੀ ਜ਼ਾਮਨ ਬਣੇਗੀ ? ਤੁਸੀਂ ਇਸ ਬਾਰੇ ਕੁੱਝ ਦੱਸਣਾ ਚਾਹੋਗੇ ਸ਼੍ਰੀ ਮਾਨ ?

ਕੀ ਅੱਜ ਦੇ ਸਮੇਂ ਵਿੱਚ ਮਜ਼ਦੂਰਾਂ ਕੋਲ਼ ਘਰ ਦੀ ਮਾਲਕੀ ਹੋਣ ਦੀ ਵਜਾਹ ਨਾਲ਼ ਉਹਨਾਂ ਦੀਆਂ ਉਜਰਤਾਂ ਵਿੱਚ ਕਮੀ ਨਹੀਂ ਹੋਵੇਗੀ ? ਕੀ ਹੁਣ ਮਜ਼ਦੂਰ ਵਲੋਂ ਘਰਾਂ ਦੇ ਕਿਰਾਏ ਦੇ ਰੂਪ ਵਿੱਚ ਕੀਤੀ ਬੱਚਤ ਪੂੰਜੀ ਨਹੀਂ ਬਣੇਗੀ ? ਅਤੇ ਇਹ ਪੂੰਜੀ ''ਉਹਨੂੰ ਨੌਕਰ ਰੱਖਣ ਵਾਲ਼ੇ ਸਰਮਾਏਦਾਰ'' ਦੀ ਪੂੰਜੀ ਨਹੀਂ ਹੋਵੇਗੀ ? ਇਹਨਾਂ ਸਵਾਲਾਂ ਬਾਰੇ 'ਲਾਲ ਪਰਚਮ'

ਦਾ ਲੇਖਕ ਪੂਰੀ ਤਰਾਂ ਚੁੱਪ ਹੈ। ਉਮੀਦ ਕਰਦੇ ਹਾਂ ਕਿ 'ਲਾਲ ਪਰਚਮ' ਦੇ ਆਉਣ ਵਾਲ਼ੇ ਅੰਕ ਵਿੱਚ ਉਹ ਆਪਣੀ ਚੁੱਪ ਜ਼ਰੂਰ ਤੋੜੇਗਾ।

ਇੱਥੇ ਅਸੀਂ 'ਲਾਲ ਪਰਚਮ' ਦੇ ਲੇਖਕ ਤੋਂ ਇੱਕ ਸਵਾਲ ਹੋਰ ਪੁੱਛਣਾ ਚਾਹਾਂਗੇ। ਕੀ ਮਜ਼ਦੂਰ ਜਮਾਤ ਦੇ ਮਹਾਨ ਆਗੂਆਂ, ਜੋ ਸਾਮਰਾਜਵਾਦ ਦੇ ਯੁੱਗ ਵਿੱਚ ਕਾਰਜਸ਼ੀਲ ਰਹੇ ਹਨ, ਲੈਨਿਨ, ਸਤਾਲਿਨ ਅਤੇ ਮਾਓ ਨੇ ਕਿਤੇ ਵੀ ਇਹ ਲਿਖਿਆ ਕਿ ਸਾਮਰਾਜਵਾਦ ਦੇ ਯੁੱਗ ਵਿੱਚ ਮਜ਼ਦੂਰਾਂ ਨੂੰ ਘਰਾਂ ਦੇ ਰੂਪ ਵਿੱਚ ਸੰਪੱਤੀ ਦੇਣਾ ਦਰੁਸਤ ਹੋ ਗਿਆ ਹੈ? ਕੀ ਉਹਨਾਂ ਕਿਤੇ ਵੀ ਲਿਖਿਆ ਹੈ ਕਿ ਸਾਮਰਾਜਵਾਦ ਦੇ ਯੁੱਗ ਵਿੱਚ ਫਰੈਡਰਿਕ ਏਂਗਲਜ਼ ਦੀ ਰਚਨਾ 'ਰਿਹਾਇਸ਼ੀ ਘਰਾਂ ਦਾ ਸਵਾਲ' ਅਪ੍ਰਸੰਗਕ ਹੋ ਗਈ ਹੈ?

ਲੈਨਿਨ, ਸਤਾਲਿਨ, ਮਾਓ ਨੇ ਤਾਂ ਅਜਿਹਾ ਕੁੱਝ ਨਹੀਂ ਕਿਹਾ। ਮਾਰਕਸਵਾਦ ਵਿੱਚ ਇਹ "ਮੌਲਿਕ ਇਜ਼ਾਫਾ" ਲਾਲ ਪਰਚਮ ਨੇ ਹੀ ਕੀਤਾ ਹੈ। ਕੁੱਝ ਸਾਲ ਪਹਿਲਾਂ ਮਾਰਕਸਵਾਦ ਵਿੱਚ ਅਜਿਹਾ ਹੀ "ਇਜ਼ਾਫਾ" ਕਰਨ ਦੀ ਕੋਸ਼ਿਸ਼ 'ਚਮਕਦਾ ਲਾਲ ਤਾਰਾ' ਨੇ ਵੀ ਕੀਤੀ ਸੀ, 'ਚਮਕਦਾ ਲਾਲ ਤਾਰਾ' ਬਾਅਦ ਵਿੱਚ 'ਲਾਲ ਪਰਚਮ' ਵਿੱਚ ਹੀ ਸ਼ਾਮਲ ਹੋ ਗਿਆ ਅਤੇ ਹੁਣ ਇਹ ਮਾਰਕਸਵਾਦ ਵਿੱਚ "ਮੌਲਿਕ ਇਜ਼ਾਫਾ" ਕਰਨ ਦੀਆਂ ਕਾਰਗੁਜ਼ਾਰੀਆਂ 'ਲਾਲ ਪਰਚਮ' ਜ਼ਰੀਏ ਕਰ ਰਿਹਾ ਹੈ।

ਅਜ਼ਾਦ ਮੁਕਾਬਲੇ ਦੇ ਪੂੰਜੀਵਾਦ ਦੇ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਹੋਣ ਦੇ ਚਿੰਨ੍ਹ ਤਾਂ 19ਵੀਂ ਸਦੀ ਦੇ ਅੰਤ ਵਿੱਚ ਹੀ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। 20ਵੀਂ ਸਦੀ ਦੀ ਸ਼ੁਰੂਆਤ ਵਿੱਚ ਇਹਨਾਂ ਨੇ ਸਪੱਸ਼ਟ ਰੂਪ ਅਖਤਿਆਰ ਕਰ ਲਿਆ। ਪੂੰਜੀਵਾਦ ਦੀ ਕਾਰਜ-ਪ੍ਰਣਾਲੀ ਵਿੱਚ ਆਏ ਇਹਨਾਂ ਬਦਲਾਵਾਂ ਨੂੰ ਸਭ ਤੋਂ ਬਿਹਤਰ ਢੰਗ ਨਾਲ਼ ਕਾਮਰੇਡ ਲੈਨਿਨ ਨੇ ਸਮਝਿਆ। ਉਹਨਾਂ ਨੇ ਨਾ ਸਿਰਫ਼ ਪੂੰਜੀਵਾਦ ਦੇ ਇਸ ਸਰਵਉੱਚ ਪੜਾਅ, ਸਾਮਰਾਜਵਾਦ ਦੀ ਵਿਆਖਿਆ ਕੀਤੀ ਸਗੋਂ ਇਸ ਦੌਰ ਵਿੱਚ ਮਜ਼ਦੂਰ ਜਮਾਤ ਦੀ ਯੁੱਧਨੀਤੀ ਅਤੇ ਦਾਅਪੇਚ ਵੀ ਘੜੇ। ਇਸ ਸਬੰਧੀ ਕਾਮਰੇਡ ਲੈਨਿਨ ਦੇ ਵਿਚਾਰ ਜੂਨ 1916 ਵਿੱਚ ਲਿਖੀ ਗਈ ਉਹਨਾਂ ਦੀ ਰਚਨਾ 'ਸਾਮਰਾਜਵਾਦ, ਪੂੰਜੀਵਾਦ ਦਾ ਸਰਵਉੱਚ ਪੜਾਅ' ਵਿੱਚ ਵੇਖੇ ਜਾ ਸਕਦੇ ਹਨ। ਦੁਨੀਆਂ ਭਰ ਦੇ ਸੱਚੇ ਕਮਿਊਨਿਸਟ ਸਾਮਰਾਜਵਾਦ ਬਾਰੇ ਲੈਨਿਨ ਦੇ ਵਿਚਾਰਾਂ ਦੀ ਹਿਫਾਜ਼ਤ ਕਰਦੇ ਹਨ ਅਤੇ ਉਹਨਾਂ ਤੋਂ ਰਹਿਨੁਮਾਈ ਹਾਸਲ ਕਰਦੇ ਹਨ।

ਆਓ ਦੇਖਦੇ ਹਾਂ ਕਿ ਮਜ਼ਦੂਰਾਂ ਦੇ ਘਰਾਂ ਦੇ ਸਵਾਲ ਉੱਪਰ ਕਾਮਰੇਡ ਲੈਨਿਨ ਦੇ ਕੀ ਵਿਚਾਰ ਹਨ। ਆਪਣੀ ਸੰਸਾਰ ਪ੍ਰਸਿੱਧ ਰਚਨਾ 'ਰਾਜ ਅਤੇ ਇਨਕਲਾਬ' ਵਿੱਚ ਕਾਮਰੇਡ ਲੈਨਿਨ ਨੇ ਇਸ ਵਿਸ਼ੇ ਨੂੰ ਛੋਹਿਆ ਹੈ। ਕਾਮਰੇਡ ਲੈਨਿਨ ਨੇ 'ਸਾਮਰਾਜਵਾਦ, ਪੂੰਜੀਵਾਦ ਦਾ ਸਰਵਉੱਚ ਪੜਾਅ' ਦੀ ਰਚਨਾ ਤੋਂ ਲਗਭਗ ਇੱਕ ਸਾਲ ਬਾਅਦ ਅਗਸਤ –ਸਤੰਬਰ 1917 ਵਿੱਚ ਆਪਣੀ ਪੁਸਤਕ **'ਰਾਜ ਅਤੇ ਇਨਕਲਾਬ'** ਲਿਖੀ ਸੀ। ਆਪਣੀ ਇਸ ਪੁਸਤਕ ਵਿੱਚ ਲੈਨਿਨ, ਏਂਗਲਜ਼ ਦੀ ਰਚਨਾ 'ਰਿਹਾਇਸ਼ੀ ਘਰਾਂ ਦਾ ਸਵਾਲ' ਦੀ ਚਰਚਾ ਕਰਦੇ ਹਨ। ਉਹ ਕਿਧਰੇ ਵੀ ਨਹੀਂ ਕਹਿੰਦੇ ਕਿ ਪੂੰਜੀਵਾਦ ਦੇ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਹੋ ਜਾਣ ਨਾਲ਼ ਮਜ਼ਦੂਰਾਂ ਦੇ ਘਰਾਂ ਦੇ ਸਵਾਲ ਉੱਪਰ ਏਂਗਲਜ਼ ਦੇ ਵਿਚਾਰ ਅਪ੍ਰਸੰਗਕ ਹੋ ਗਏ

ਹਨ। ਸਗੋਂ ਉਹ ਇਸ ਸਵਾਲ ਉੱਪਰ ਏਂਗਲਜ਼ ਦੇ ਹੀ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹਨ। ਉਹ ਏਂਗਲਜ਼ ਦੇ ਹਵਾਲੇ ਨਾਲ਼ ਲਿਖਦੇ ਹਨ, "ਤਾਂ ਫੇਰ ਮਕਾਨਾਂ ਦਾ ਮਸਲਾ ਕਿਵੇਂ ਹੱਲ ਕੀਤਾ ਜਾਵੇ ? ਅਜੋਕੇ ਸਮਾਜ ਵਿੱਚ ਐਨ ਉਸੇ ਤਰ੍ਹਾਂ ਜਿਵੇਂ ਕੋਈ ਹੋਰ ਸਮਾਜੀ ਮਸਲਾ ਹੱਲ ਕੀਤਾ ਜਾਂਦਾ ਹੈ: ਪ੍ਰਾਪਤੀ ਅਤੇ ਮੰਗ ਦੇ ਹੌਲ਼ੀ ਹੌਲ਼ੀ ਕੀਤੇ ਆਰਥਕ ਸੁਮੇਲ ਰਾਹੀਂ, ਇੱਕ ਅਜਿਹਾ ਹੱਲ ਜਿਹੜਾ ਆਪਣੇ ਆਪ ਨੂੰ ਸਦਾ ਨਵੇਂ ਸਿਰਿਉਂ ਜਨਮ ਦੇਂਦਾ ਹੈ ਅਤੇ ਇਸ ਲਈ ਕੋਈ ਹੱਲ ਨਹੀਂ। ਇੱਕ ਸਮਾਜੀ ਇਨਕਲਾਬ ਇਸ ਮਸਲੇ ਨੂੰ ਕਿਵੇਂ ਹੱਲ ਕਰੇਗਾ, ਹਰ ਹਾਲਤ ਵਿੱਚ ਵਿਸ਼ੇਸ਼ ਹਾਲਤਾਂ ਉੱਤੇ ਹੀ ਨਿਰਭਰ ਨਹੀਂ, ਸਗੋਂ ਇਹਦਾ ਸਬੰਧ ਕਿਤੇ ਵਧੇਰੇ ਦੂਰ-ਰਸ ਸਵਾਲਾਂ ਨਾਲ਼ ਹੈ, ਜਿਨ੍ਹਾਂ ਵਿੱਚੋਂ ਇੱਕ ਅਤਿ-ਅੰਤ ਬੁਨਿਆਦੀ ਸ਼ਹਿਰਾਂ ਅਤੇ ਪਿੰਡਾਂ ਵਿਚਕਾਰ ਵਿਰੋਧ ਨੂੰ ਖ਼ਤਮ ਕਰਨਾ ਹੈ। ਕਿਉਂਕਿ ਭਵਿੱਖ ਦੇ ਸਮਾਜ ਲਈ ਖ਼ਿਆਲੀ ਪ੍ਰਣਾਲੀਆਂ ਦੀ ਰਚਨਾ ਕਰਨਾ ਸਾਡਾ ਕੰਮ ਨਹੀਂ, ਇਸ ਲਈ ਇਸ ਸਵਾਲ ਉੱਤੇ ਇੱਥੇ ਵਿਚਾਰ ਕਰਨਾ ਸਾਡਾ ਕੰਮ ਨਹੀਂ, ਇਸ ਲਈ ਇਸ ਸਵਾਲ ਉੱਤੇ ਇੱਥੇ ਵਿਚਾਰ ਕਰਨਾ ਵਿਹਲੀ ਗੱਲ ਹੋਵਗੀ। ਪਰ ਇੱਕ ਗੱਲ ਨਿਸ਼ਚਿਤ ਹੈ: ਵੱਡੇ ਸ਼ਹਿਰਾਂ ਵਿੱਚ ਪਹਿਲਾਂ ਹੀ ਰਹਿਣ ਲਈ ਚੋਖੀਆਂ ਇਮਾਰਤਾਂ ਹਨ, ਕਿ ਜੇ ਉਹਨਾਂ ਦੀ ਤਰਕ ਅਨੁਸਾਰ ਵਰਤੋਂ ਕੀਤੀ ਜਾਵੇ ਤਾਂ ਉਹ ਕਿਸੇ ਵੀ ਅਸਲੀ "ਮਕਾਨਾਂ ਦੀ ਘਾਟ" ਨੂੰ ਦੂਰ ਕਰ ਸਕਦੀਆਂ ਹਨ। ਸੁਭਾਵਕ ਹੀ ਅਜੋਕੇ ਮਾਲਕਾਂ ਨੂੰ ਜ਼ਬਤ ਕਰਕੇ, ਅਰਥਾਤ, ਬੇਘਰ ਮਜ਼ਦੂਰਾਂ ਜਾਂ ਆਪਣੇ ਅਜੋਕੇ ਘਰਾਂ ਵਿੱਚ ਬਹੁਤ ਘੱਟ ਥਾਂ ਵਿੱਚ ਰਹਿ ਰਹੇ ਮਜ਼ਦੂਰਾਂ ਨੂੰ ਉਹਨਾਂ ਦੇ ਘਰਾਂ ਵਿੱਚ ਥਾਂ ਦੇ ਕੇ ਹੀ ਅਜਿਹਾ ਕੀਤਾ ਜਾ ਸਕਦਾ ਹੈ। ਪ੍ਰੋਲੇਤਾਰੀ ਦੇ ਰਾਜਸੀ ਸ਼ਕਤੀ ਜਿੱਤ ਲੈਣ ਤੋਂ ਛੇਤੀ ਪਿੱਛੋਂ ਹੀ ਅਜਿਹਾ ਕਰਨਾ ਉਸੇ ਤਰ੍ਹਾਂ ਸੌਖਾ ਹੋਵੇਗਾ ਜਿਵੇਂ ਅਜੋਕੇ ਰਾਜ ਵੱਲੋਂ ਕਿਸੇ ਹੋਰ ਤਰ੍ਹਾਂ ਦੀ ਜ਼ਬਤੀ ਅਤੇ ਫ਼ੌਜੀਆਂ ਆਦਿ ਨੂੰ ਲੋਕਾਂ ਦੇ ਘਰਾਂ ਵਿੱਚ ਠਹਿਰਾਉਣਾ... ਇਹ ਦੱਸਣਾ ਲਾਜ਼ਮੀ ਹੈ ਕਿ ਕਿਰਤ ਦੇ ਸਭਨਾਂ ਸਾਧਨਾਂ, ਮਜ਼ਦੂਰਾਂ ਵੱਲੋਂ ਸਨਅਤ ਉੱਤੇ ਸਮੁੱਚੇ ਤੌਰ ਉੱਤੇ ਕਬਜ਼ਾ ਪਰੂਧੋਂਵਾਦੀ 'ਛੁਟਕਾਰੇ' ਤੋਂ ਐਨ ਉਲਟ ਹੈ। ਦੂਜੇ ਦੇ ਅਧੀਨ ਵਿਅਕਤੀਗਤ ਮਜ਼ਦੂਰ ਮਕਾਨ, ਕਿਸਾਨੀ ਖੇਤ, ਕਿਰਤ ਦੇ ਸਾਧਨਾਂ ਦਾ ਮਾਲਕ ਬਣ ਜਾਂਦਾ ਹੈ, ਪਹਿਲੇ ਦੇ ਅਧੀਨ "ਕਿਰਤੀ ਲੋਕ", ਮਕਾਨਾਂ, ਕਾਰਖਾਨਿਆਂ ਅਤੇ ਕਿਰਤ ਦੇ ਸਾਧਨਾਂ ਦੇ ਸਮੂਹਕ ਮਾਲਕ ਰਹਿੰਦੇ ਹਨ" (ਰਾਜ ਅਤੇ ਇਨਕਲਾਬ ਪੰਨਾ 56-57, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਲੁਧਿਆਣਾ)। 'ਲਾਲ ਪਰਚਮ' ਨੇ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਏਂਗਲਜ਼ ਦੇ ਵਿਚਾਰਾਂ ਨੂੰ ਤਾਂ "ਯੁੱਗ ਬਦਲਣ" ਦੇ ਬਹਾਨੇ ਰੱਦ ਕਰ ਦਿੱਤਾ ਹੈ। ਹੁਣ ਇਹ ਦੇਖਣਾ ਬਹੁਤ ਹੀ ਦਿਲਚਸਪ ਹੋਵੇਗਾ ਕਿ ਉਹ ਲੈਨਿਨ ਦੇ ਵਿਚਾਰਾਂ ਨੂੰ ਕਿਸ ਬਹਾਨੇ ਰੱਦ ਕਰਦੇ ਹਨ।

## 'ਲਾਲ ਪਰਚਮ' ਵੱਲੋਂ ਏਂਗਲਜ਼ ਦੇ ਵਿਚਾਰਾਂ ਦੀ ਭੰਨਤੋੜ

ਲਾਲ ਪਰਚਮ ਨੂੰ ਮਜ਼ਦੂਰ ਘਰਾਂ ਦੇ ਸਵਾਲ 'ਤੇ ਮਾਰਕਸਵਾਦ ਦੇ ਬਾਨੀਆਂ ਦੀਆਂ ਰਚਨਾਵਾਂ 'ਚੋਂ ਸਿਰਫ਼ ਇੱਕ ਹੀ ਹਵਾਲਾ ਮਿਲ਼ਿਆ ਹੈ। ਉਹ ਵੀ ਫਰੈਡਰਿਕ ਏਂਗਲਜ਼ ਦੀ ਰਚਨਾ, ਰਿਹਾਇਸ਼ੀ ਘਰਾਂ ਦਾ ਸਵਾਲ 'ਚੋਂ, ਜਿਸ ਨੂੰ ਉਹ ਅੱਜ ਦੇ (ਸਾਮਰਾਜਵਾਦ ਦੇ)

ਯੁੱਗ ਵਿੱਚ ਅਪ੍ਰਸੰਗਕ ਸਾਬਤ ਕਰਨ ਲਈ ਪੂਰਾ ਟਿੱਲ ਲਾ ਰਿਹਾ ਹੈ। ਇਹ ਤਾਂ ਹੁਣ 'ਲਾਲ ਪਰਚਮ' ਹੀ ਜਾਣੇ ਕਿ ਏਂਗਲਜ਼ ਦੀ ਪੂਰੀ ਕਿਤਾਬ 'ਚੋਂ ਇਹ ਸਤਰਾਂ ਹੀ ਅੱਜ ਦੇ ਸਮੇਂ 'ਚ ਕਿਉਂ ਪ੍ਰਸੰਗਕ ਰਹਿ ਗਈਆਂ ਹਨ ? ਸ਼ਾਇਦ ਇਸ ਲਈ 'ਲਾਲ ਪਰਚਮ' ਦੇ ਲੇਖਕ ਨੂੰ ਲਗਦਾ ਹੈ ਕਿ ਏਂਗਲਜ਼ ਦਾ ਇਹ ਹਵਾਲਾ ਉਸਦੀ ਪੋਜ਼ੀਸ਼ਨ ਦੇ ਫਿੱਟ ਬੈਠਦਾ ਹੈ। ਇੱਥੇ 'ਲਾਲ ਪਰਚਮ' ਨੇ ਏਂਗਲਜ਼ ਦੇ ਵਿਚਾਰਾਂ ਦੇ ਮਨਭਾਉਂਦੇ ਅਰਥ ਕੱਢੇ ਹਨ। ਠੀਕ-ਠੀਕ ਕਹਿਣਾ ਹੋਵੇ ਤਾਂ ਉਸ ਨੇ ਅਰਥਾਂ ਦੇ ਅਨਰਥ ਕੀਤੇ ਹਨ। 'ਲਾਲ ਪਰਚਮ' ਏਂਗਲਜ਼ ਦੇ ਹਵਾਲੇ ਨਾਲ਼ ਕਹਿੰਦਾ ਹੈ, "ਏਂਗਲਜ਼ ਨੇ ਆਪਣੇ ਸਮੇਂ ਇਹ ਵੀ ਨੋਟ ਕੀਤਾ ਸੀ ਕਿ ਜੇਕਰ ਕੋਈ ਮਜ਼ਦੂਰ ਜਮਾਤ ਦੇ ਇਨਕਲਾਬੀ ਪ੍ਰੋਗਰਾਮ ਨੂੰ ਤਸਲੀਮ ਕਰਕੇ ਮਜ਼ਦੂਰਾਂ ਵਾਸਤੇ ਘਰਾਂ ਦੀ ਮੰਗ ਕਰਦਾ ਹੈ ਤਾਂ ਇਸ ਨੂੰ ਨੁਕਸਾਨ ਦੇ ਪ੍ਰਵਿਰਤੀ ਨਹੀਂ ਮੰਨਿਆ ਜਾਣਾ ਚਾਹੀਦਾ ਉਸਨੇ ਇਹ ਵੀ ਕਿਹਾ ਕਿ ਜੇਕਰ, "ਇਹ ਪ੍ਰਵਿਰਤੀ ਡੂੰਘੀਆਂ ਜੜ੍ਹਾਂ ਜਮਾ ਲੈਂਦੀ ਹੈ ਤਾਂ ਇਸ ਨੂੰ ਆਪਣਾ ਪ੍ਰੋਗਰਾਮ ਤਹਿ ਕਰਨ ਲਈ ਆਪਣੇ ਪੂਰਵ ਗਾਮੀਆਂ ਵੱਲ ਰੁਖ ਕਰਨਾ ਪਵੇਗਾ ਅਤੇ ਅਜਿਹਾ ਕਰਕੇ ਉਸ ਲਈ ਪਰੂਧੋਂਵਾਦ ਤੋਂ ਬਚਣਾ ਮੁਸ਼ਕਿਲ ਹੋ ਜਾਵੇਗਾ", ਇਸ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁਖ ਹੋਕੇ ਸਿਰਫ਼ ਮਜ਼ਦੂਰਾਂ ਨੂੰ ਘਰ ਦੁਆਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸ ਨੂੰ ਸਮਾਜਵਾਦ ਦੇ ਤੁੱਲ ਬਣਾ ਦੇਣ ਦੀਆਂ ਗਲਤ ਪ੍ਰਵਿਰਤੀਆਂ ਖਿਲਾਫ਼ ਸੰਘਰਸ਼ ਕਰ ਰਹੇ ਸਨ।"

ਇੱਥੇ 'ਲਾਲ ਪਰਚਮ' ਦਾ ਗੁੰਮਨਾਮ ਲੇਖਕ ਏਂਗਲਜ਼ ਦੇ ਵਿਚਾਰਾਂ ਨੂੰ ਪ੍ਰਸੰਗ ਨਾਲ਼ੋਂ ਤੋੜ ਕੇ ਮਨਭਾਉਂਦੇ ਅਰਥ ਕੱਢ ਰਿਹਾ ਹੈ। ਅਸੀਂ ਪਾਠਕਾਂ ਦੀ ਸਹੂਲਤ ਲਈ ਇੱਥੇ ਏਂਗਲਜ਼ ਦਾ ਉਹ ਪੂਰਾ ਪੈਰਾ ਦੇ ਰਹੇ ਹਾਂ, ਜਿਸ ਵਿੱਚੋਂ 'ਲਾਲ ਪਰਚਮ' ਦੇ ਲੇਖਕ ਨੇ ਕੁੱਝ ਮਨਪਸੰਦ ਲਾਈਨਾਂ ਹੀ ਚੁਣੀਆਂ ਹਨ। ਏਂਗਲਜ਼ ਲਿਖਦੇ ਹਨ, "ਅਤੇ ਅੰਤਮ ਗੱਲ, ਜਰਮਨੀ ਵਿੱਚ ਅੱਜ ਤੱਕ ਬੁਰਜੂਆ ਤੇ ਨਿੱਕ-ਬੁਰਜੂਆ ਸਮਾਜਵਾਦ ਦੀ ਤਕੜੀ ਪ੍ਰਤੀਨਿਧਤਾ ਰਹੀ ਹੈ। ਇੱਕ ਪਾਸੇ ਤਾਂ ਕਾਥੇਡੇਰ-ਸੋਸ਼ਲਿਸ਼ਟ ਅਤੇ ਸਭਨਾਂ ਕਿਸਮਾਂ ਦੇ ਪਰਉਪਕਾਰੀ ਹਨ, ਜਿਨ੍ਹਾਂ ਦੀ ਇਹ ਖਾਹਿਸ਼ ਕਿ ਮਜ਼ਦੂਰਾਂ ਨੂੰ ਉਹਨਾਂ ਦੇ ਰਿਹਾਇਸ਼ੀ ਘਰਾਂ ਦਾ ਮਾਲ਼ਕ ਬਣਾਇਆ ਜਾਵੇ, ਅਜੇ ਤੱਕ ਵੱਡਾ ਰੋਲ਼ ਅਦਾ ਕਰ ਰਹੀ ਹੈ ਅਤੇ ਜਿਨ੍ਹਾਂ ਦੇ ਵਿਰੁੱਧ, ਇਸ ਲਈ ਮੇਰੀ ਰਚਨਾ ਅਜੇ ਵੀ ਢੁੱਕਵੀਂ ਹੈ। ਦੂਜੇ ਪਾਸੇ, ਇੱਕ ਖਾਸ ਨਿੱਕ-ਬੁਰਜੂਆ ਸਮਾਜਵਾਦ ਦੀ ਖੁਦ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਅਤੇ ਇੱਥੋਂ ਤੱਕ ਕਿ ਰੀਖਤਾਗ ਗਰੁੱਪ ਦੀਆਂ ਸਫ਼ਾਂ ਵਿੱਚ ਪ੍ਰਤੀਨਿਧਤਾ ਹੈ। ਇਹ ਗੱਲ ਹੇਠਾਂ ਦੱਸੇ ਢੰਗ ਨਾਲ਼ ਕੀਤੀ ਜਾਂਦੀ ਹੈ: ਜਦੋਂ ਕਿ ਆਧੁਨਿਕ ਸਮਾਜਵਾਦ ਦੇ ਬੁਨਿਆਦੀ ਵਿਚਾਰਾਂ ਨੂੰ ਅਤੇ ਪੈਦਾਵਾਰ ਦੇ ਸਮੁੱਚੇ ਸਾਧਨਾਂ ਦੀ ਸਮਾਜਿਕ ਜਾਇਦਾਦ ਵਿੱਚ ਬਦਲੀ ਦੀ ਮੰਗ ਨੂੰ ਹੱਕੀ ਹੋਣ ਵਜੋਂ ਮਾਨਤਾ ਦਿੱਤੀ ਜਾਂਦੀ ਹੈ ਅਤੇ ਇਹਦੀ ਪੂਰਤੀ ਕੇਵਲ ਦੂਰ ਭਵਿੱਖ ਵਿੱਚ ਹੀ ਸੰਭਵ ਹੋਣ ਬਾਰੇ ਐਲਾਨ ਕੀਤਾ ਜਾਂਦਾ ਹੈ, ਭਵਿੱਖ ਜਿਹੜਾ ਸਾਰੇ ਅਮਲੀ ਮੰਤਵਾਂ ਲਈ ਦ੍ਰਿਸ਼ਟੀ ਤੋਂ ਓਝਲ ਹੁੰਦਾ ਹੈ। ਇਸ ਲਈ ਵਰਤਮਾਨ ਸਮੇਂ ਲਈ ਤਾਂ ਕੇਵਲ ਗੰਢ-ਤੁਪ ਨਾਲ਼ ਹੀ ਬੁੱਤਾ ਸਾਰਨਾ ਪਵੇਗਾ ਅਤੇ ਹਾਲਾਤ

ਅਨੁਸਾਰ ਕਥਿਤ ਰੂਪ ਵਿੱਚ "ਕਿਰਤੀ ਜਮਾਤ ਨੂੰ ਉੱਚਾ ਚੁੱਕਣ" ਲਈ ਸਭ ਤੋਂ ਪਿਛਾਖ਼ੜੀ ਯਤਨਾਂ ਨਾਲ਼ ਵੀ ਹਮਦਰਦੀ ਵਿਖਾਈ ਜਾ ਸਕਦੀ ਹੈ। ਅਜਿਹੇ ਰੁਝਾਨ ਦੀ ਹੋਂਦ ਜਰਮਨੀ ਵਿੱਚ ਐਨ ਅਟੱਲ ਹੈ ਜੋ ਕਿ ਸਿਰੇ ਦੀ ਦਕੀਆਨੂਸਤਾ ਦੀ ਧਰਤੀ ਹੈ, ਖਾਸ ਕਰ ਕੇ ਅਜਿਹੇ ਸਮੇਂ ਜਦੋਂ ਕਿ ਸਨਅਤੀ ਵਿਕਾਸ ਜ਼ੋਰਦਾਰ ਢੰਗ ਨਾਲ਼ ਤੇ ਸਮੂਹਕ ਪੈਮਾਨੇ ਉੱਤੇ ਇਸ ਪੁਰਾਣੀ ਤੇ ਡੂੰਘੀਆਂ ਜੜ੍ਹਾਂ ਫੜ ਚੁੱਕੀ ਦਕੀਆਨੂਸਤਾ ਦੀਆਂ ਜੜ੍ਹਾਂ ਉਖੇੜ ਰਿਹਾ ਹੈ। ਸਾਡੇ ਮਜ਼ਦੂਰਾਂ ਦੀ ਅਚੰਭੇ ਭਰੀ ਆਮ ਸੂਝ ਦੇ ਸਾਹਮਣੇ ਜੋ ਕਿ ਸਮਾਜਵਾਦ-ਵਿਰੋਧੀ ਕਾਨੂੰਨ, ਪੁਲਿਸ ਤੇ ਅਦਾਲਤਾਂ ਵਿਰੁੱਧ ਸੰਗਰਾਮ ਦੇ ਬੀਤੇ ਐਨ ਅੱਠ ਸਾਲਾਂ ਦੌਰਾਨ ਇੰਨੇ ਸ਼ਾਨਦਾਰ ਢੰਗ ਨਾਲ਼ ਦਰਸਾਈ ਗਈ ਹੈ, ਇਹ ਰੁਝਾਨ ਬਿਲਕੁੱਲ ਹਾਨੀ ਰਹਿਤ ਹੈ। ਪਰ ਇਸ ਗੱਲ ਨੂੰ ਸਪੱਸ਼ਟ ਰੂਪ ਵਿੱਚ ਸਮਝਣਾ ਵੀ ਜ਼ਰੂਰੀ ਹੈ ਕਿ ਅਜਿਹਾ ਰੁਝਾਨ ਮੌਜੂਦ ਹੈ ਅਤੇ ਜੇਕਰ ਮਗਰੋਂ ਜਾ ਕੇ ਇਹ ਰੁਝਾਨ ਵਧੇਰੇ ਪੱਕੀ ਸ਼ਕਲ ਤੇ ਵਧੇਰੇ ਸਪੱਸ਼ਟ ਰੂਪ ਵਿਚ ਨਿਸ਼ਚਿਤ ਰੂਪ ਰੇਖਾ ਗ੍ਰਹਿਣ ਕਰ ਜਾਂਦਾ ਹੈ ਜਿਵੇਂ ਕਿ ਜ਼ਰੂਰੀ ਹੈ ਤੇ ਇੱਥੋਂ ਤੱਕ ਕਿ ਉਚਿੱਤ ਵੀ ਹੈ, ਤਾਂ ਇਸ ਨੂੰ ਪ੍ਰੋਗਰਾਮ ਤਿਆਰ ਕਰਨ ਲਈ ਆਪਣੇ ਪੂਰਵ-ਅਧਿਕਾਰੀਆਂ ਕੋਲ਼ ਮੁੜ ਕੇ ਜਾਣਾ ਪਵੇਗਾ ਅਤੇ ਇਉਂ ਕਰਦਿਆਂ ਉਹ ਪਰੂਧੋਂ ਨੂੰ ਲਾਂਭੇ ਨਹੀਂ ਕਰ ਸਕੇਗਾ।" ('ਰਿਹਾਇਸ਼ੀ ਘਰਾਂ ਦਾ ਸਵਾਲ', ਪੰਨਾ 7-8, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ)।

ਪਾਠਕ ਖੁਦ ਦੇਖ ਸਕਦੇ ਹਨ ਕਿ 'ਲਾਲ ਪਰਚਮ' ਦੇ ਲੇਖਕ ਨੇ ਕਿਸ ਕਦਰ ਏਂਗਲਜ਼ ਦੇ ਵਿਚਾਰਾਂ ਦੀ ਭੰਨ ਤੋੜ ਕੀਤੀ ਹੈ। ਏਂਗਲਜ਼ ਇਹ ਗੱਲ ਕਿਧਰੇ ਨਹੀਂ ਕਹਿੰਦੇ ਕਿ 'ਜੇਕਰ ਕੋਈ ਮਜ਼ਦੂਰ ਜਮਾਤ ਦੇ ਇਨਕਲਾਬੀ ਪ੍ਰੋਗਰਾਮ ਨੂੰ ਤਸਲੀਮ ਕਰਕੇ ਮਜ਼ਦੂਰਾਂ ਵਾਸਤੇ ਘਰਾਂ ਦੀ ਮੰਗ ਕਰਦਾ ਹੈ ਤਾਂ ਇਸ ਨੂੰ 'ਨੁਕਸਾਨ ਦੀ ਪ੍ਰਵਿਰਤੀ' ਨਹੀਂ ਮੰਨਿਆ ਜਾਣਾ ਚਾਹੀਦਾ। ਇਹ 'ਲਾਲ ਪਰਚਮ' ਦੇ ਦਿਮਾਗ ਦੀ ਉਪਜ ਹੈ। ਏਂਗਲਜ਼ ਇੱਥੇ ਜਰਮਨ ਦੀ ਸੋਸ਼ਲ ਡੈਮੋਕਰੈਟਿਕ ਪਾਰਟੀ ਅਤੇ ਰੀਖਤਾਗ ਗਰੁੱਪ 'ਚ ਮੌਜੂਦ ਨਿੱਕ ਬੁਰਜੂਆ ਸਮਾਜਵਾਦ ਦੀ ਪ੍ਰਵਿਰਤੀ ਦੀ ਗੱਲ ਕਰਦੇ ਹਨ। ਜੋ ਸਮਾਜਵਾਦ ਦੀ ਪ੍ਰਾਪਤੀ ਨੂੰ ਦੂਰ ਭਵਿੱਖ ਵਿੱਚ ਸੰਭਵ ਹੋਣਾ ਐਲਾਨ ਕੇ 'ਵਰਤਮਾਨ ਸਮੇਂ ਲਈ ਕੇਵਲ ਗੰਢ ਤੁੱਪ ਨਾਲ਼ ਹੀ ਨਾਲ਼ ਹੀ ਬੁੱਤਾ ਸਾਰਨਾ ਚਾਹੁੰਦੀ ਹੈ, ਜੋ 'ਹਾਲਾਤ ਅਨੁਸਾਰ ਕਥਿਤ ਰੂਪ ਵਿੱਚ "ਕਿਰਤੀ ਜਮਾਤ ਨੂੰ ਉੱਚਾ ਚੁੱਕਣ" ਲਈ ਸਭ ਤੋਂ ਪਿਛਾਖੜੀ ਯਤਨਾਂ ਨਾਲ਼ ਵੀ ਹਮਦਰਦੀ ਵਿਖਾਉਂਦੀ ਹੈ'। ਇਹ ਪ੍ਰਵਿਰਤੀ ਹਾਨੀ ਰਹਿਤ ਇਸ ਲਈ ਹੈ, ਕਿਉਂਕਿ ਜਰਮਨ ਮਜ਼ਦੂਰਾਂ ਦੀ ਆਮ ਸੂਝ ਬਹੁਤ ਵਿਕਸਿਤ ਹੋ ਚੁੱਕੀ ਹੈ। ਏਂਗਲਜ਼ ਕਹਿੰਦੇ ਹਨ ਕਿ ਭਵਿੱਖ ਵਿੱਚ ਜੇਕਰ ਇਹ ਪ੍ਰਵਿਰਤੀ ਨਿਸ਼ਚਿਤ ਰੂਪ ਰੇਖਾ ਗ੍ਰਹਿਣ ਕਰ ਲੈਂਦੀ ਹੈ ਤਾਂ ਇਸ ਨੂੰ ਆਪਣਾ "ਪ੍ਰੋਗਰਾਮ ਤਿਆਰ ਕਰਨ ਲਈ ਆਪਣੇ ਪੂਰਵ ਅਧਿਕਾਰੀਆਂ ਕੋਲ਼ ਮੁੜ ਕੇ ਜਾਣਾ ਪਵੇਗਾ ਇਹ ਕਰਦਿਆਂ ਨੂੰ ਉਹ ਪਰੂਧੋਂ ਨੂੰ ਲਾਂਭੇ ਨਹੀਂ ਕਰ ਸਕੇਗੀ" ਕਿਉਂਕਿ ਨਿੱਕ ਬੁਰਜੂਆ ਸਮਾਜਵਾਦ ਨੂੰ ਆਪਣੇ ਪੂਰਵਗਾਮੀਆਂ ਜਿਹਨਾਂ ਵਿੱਚ ਪਰੂਧੋਂ ਵੀ ਸ਼ਾਮਿਲ ਹੈ, ਤੋਂ ਹੀ ਆਪਣੀ ਵਿਚਾਰਧਾਰਕ ਖੁਰਾਕ ਮਿਲ਼ ਸਕਦੀ ਹੈ।

ਲਾਲ ਪਰਚਮ ਦਾ ਲੇਖਕ ਏਂਗਲਜ਼ ਦਾ ਉਪਰੋਕਤ ਹਵਾਲਾ ਦੇ ਕੇ ਕਹਿੰਦਾ ਹੈ,

"ਇਸ ਤੋਂ ਇਹੀ ਸਿੱਟਾ ਨਿਕਲ਼ਦਾ ਹੈ ਕਿ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁੱਖ ਹੋ ਕੇ ਸਿਰਫ਼ ਮਜ਼ਦੂਰਾਂ ਨੂੰ ਘਰ ਦੁਆਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸ ਨੂੰ ਸਮਾਜਵਾਦ ਦੇ ਤੁੱਲ ਬਣਾ ਦੇਣ ਦੀ ਗਲਤ ਪ੍ਰਵਿਰਤੀਆਂ ਖਿਲਾਫ਼ ਸੰਘਰਸ਼ ਕਰ ਰਹੇ ਸਨ।" ਇੱਥੇ ਫਿਰ 'ਲਾਲ ਪਰਚਮ' ਦਾ ਲੇਖਕ ਅਰਥਾਂ ਦੇ ਅਨਰਥ ਕਰ ਰਿਹਾ ਹੈ। ਫਰੈਡਰਿਕ ਏਂਗਲਜ਼ ਆਪਣੀ ਉਪਰੋਕਤ ਰਚਨਾ ਵਿੱਚ ਪਰੂਧੋਂ ਅਤੇ ਉਸਦੇ ਜਰਮਨ ਚੇਲੇ ਮੂਲਬਰਗਰ (ਨਿੱਕ ਬੁਰਜੂਆ ਸਮਾਜਵਾਦ) ਅਤੇ ਸ਼੍ਰੀ ਸਾਕਸ (ਬੁਰਜੂਆ ਸਮਾਜਵਾਦ) ਦੇ ਵਿਚਾਰਾਂ ਖਿਲਾਫ ਸੰਘਰਸ਼ ਕਰਦੇ ਹਨ। ਉਹ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਨੂੰ ਮਜ਼ਦੂਰ ਲਹਿਰ ਦੇ ਵਿਕਾਸ ਲਈ ਨੁਕਸਾਨਦੇਹ ਅਤੇ ਸਮਾਜਵਾਦੀ ਸਮਾਜ ਦੀ ਉਸਾਰੀ ਦੇ ਰਾਹ ਵਿੱਚ ਰੋੜਾ ਸਮਝਦੇ ਹੋਏ, ਇਹਨਾਂ ਸਿਧਾਂਤਾਂ ਨਾਲ਼ ਲੋਹਾ ਲੈਂਦੇ ਹੋਏ, ਵਿਗਿਆਨਕ ਸਮਾਜਵਾਦ ਦੀ ਹਿਫਾਜ਼ਤ ਅਤੇ ਵਿਆਖਿਆ ਕਰਦੇ ਹਨ। ਕੀ ਪਰੂਧੋਂ, ਮੂਲਬਰਗਰ ਅਤੇ ਸਾਕਸ 'ਮਜ਼ਦੂਰਾਂ ਨੂੰ ਘਰ ਦੁਆਉਣ ਨੂੰ ਸਮਾਜਵਾਦ ਦੇ ਤੁੱਲ ਬਣਾ ਰਹੇ ਸਨ'? ਆਓ ਦੇਖਦੇ ਹਾਂ ਕਿ ਮਜ਼ਦੂਰਾਂ ਨੂੰ ਘਰ ਦੁਆਉਣ ਪਿੱਛੇ ਇਹਨਾਂ ਦਾ ਕੀ ਮਕਸਦ ਸੀ। ਨਿੱਕ ਬੁਰਜੂਆ ਸਮਾਜਵਾਦ ਦੇ ਮੋਢੀ ਅਤੇ ਪੈਰੋਕਾਰ ਮਜ਼ਦੂਰਾਂ ਨੂੰ ਘਰ ਕਿਉਂ ਦੁਵਾਉਣਾ ਚਾਹੁੰਦੇ ਹਨ। ਇਸ ਬਾਰੇ ਏਂਗਲਜ਼ ਲਿਖਦੇ ਹਨ, "ਇਹ ਸਮੁੱਚਾ ਸੰਕਲਪ ਕਿ ਮਜ਼ਦੂਰ ਨੂੰ ਆਪਣਾ ਘਰ ਖਰੀਦ ਲੈਣਾ ਚਾਹੀਦਾ ਹੈ, ਫੇਰ ਪਰੂਧੋਂਵਾਦ ਦੇ ਪਿਛਾਖੜੀ ਬੁਨਿਆਦੀ ਦ੍ਰਿਸ਼ਟੀਕੋਣ ਉੱਤੇ ਅਧਾਰਤ ਹੈ, ਜਿਸ ਬਾਰੇ ਪਹਿਲੋਂ ਜ਼ੋਰ ਦੇ ਕੇ ਆਖਿਆ ਹੈ ਤੇ ਜਿਸ ਅਨੁਸਾਰ ਆਧੁਨਿਕ ਵੱਡ-ਪੱਧਰੀ ਸਨਅਤ ਵੱਲੋਂ ਪੈਦਾ ਕੀਤੀਆਂ ਹਾਲਤਾਂ ਰੋਗੀ ਫੋੜੇ ਹਨ ਅਤੇ ਸਮਾਜ ਨੂੰ ਧੱਕੇ ਨਾਲ਼ ਭਾਵ ਉਸ ਰੁਝਾਨ ਦੇ ਵਿਰੁੱਧ ਜਿਸ ਉੱਤੇ ਉਹ ਪਿਛਲੇ ਸੌ ਸਾਲਾਂ ਤੋਂ ਤੁਰਦਾ ਆ ਰਿਹਾ ਹੈ, ਅਜਿਹੀ ਹਾਲਤ ਵਿੱਚ ਲਿਆਂਦਾ ਜਾਵੇ ਜਿਸ ਵਿੱਚ ਵਿਅਕਤੀ ਦੀ ਪੁਰਾਣੀ ਸਥਿਰ ਦਸਤਕਾਰੀ ਪ੍ਰਧਾਨ ਹੋਵੇ ਅਤੇ ਜੋ ਆਮ ਤੌਰ 'ਤੇ ਆਖਿਆ, ਛੋਟੇ ਪੱਧਰ ਦੇ ਉੱਦਮ ਦੀ ਆਦਰਸ਼ ਬਹਾਲੀ ਤੋਂ ਬਿਨਾਂ ਕੁੱਝ ਵੀ ਨਹੀਂ ਹੈ, ਜੋ ਤਬਾਹੀ ਵੱਲ ਗਿਆ ਹੈ ਅਤੇ ਹੁਣ ਜਾ ਰਿਹਾ ਹੈ। ਇੱਕ ਵਾਰ ਜਦੋਂ ਮਜ਼ਦੂਰ ਇਹਨਾਂ ਸਥਿਰ ਹਾਲਤਾਂ ਵਿੱਚ ਪਿੱਛੇ ਸੁੱਟੇ ਗਏ, ਅਤੇ "ਸਮਾਜਕ ਘੁੰਮਣ ਘੇਰੀ" ਸੁੱਖ ਨਾਲ਼ ਖਤਮ ਹੋ ਗਈ, ਤਾਂ ਮਜ਼ਦੂਰ ਕੁਦਰਤੀ ਤੌਰ 'ਤੇ ਇੱਕ ਵਾਰ "ਘਰ-ਬਾਰ" ਦੇ ਰੂਪ ਵਿੱਚ ਜਾਇਦਾਦ ਦੀ ਵਰਤੋਂ ਕਰ ਸਕਦਾ ਹੈ ਅਤੇ ਉੱਪਰ ਦੱਸਿਆ, ਮੁੱਲ ਤਾਰਨ ਦਾ ਸਿਧਾਂਤ ਘੱਟ ਬੇਤੁਕਾ ਲੱਗਦਾ ਹੈ। ਪਰੂਧੋਂ ਕੇਵਲ ਇਹੋ ਭੁੱਲ ਜਾਂਦਾ ਹੈ ਕਿ ਇਸ ਸਾਰੇ ਕੁੱਝ ਨੂੰ ਨੇਪਰੇ ਚਾੜ੍ਹਨ ਲਈ ਉਹਨੂੰ ਸਭ ਤੋਂ ਪਹਿਲਾਂ ਸੰਸਾਰ ਇਤਿਹਾਸ ਦਾ ਪਹੀਆ ਸੌ ਸਾਲ ਪਿੱਛੇ ਕਰਨਾ ਪਵੇਗਾ ਅਤੇ ਜੇਕਰ ਉਹਨੇ ਇਹ ਕਰ ਵੀ ਦਿੱਤਾ ਤਾਂ ਉਹ ਅਜੋਕੇ ਮਜ਼ਦੂਰਾਂ ਨੂੰ ਤੰਗ-ਨਜ਼ਰ, ਰੀਂਗਣ ਵਾਲ਼ੀਆਂ, ਕੋਝੀਆਂ ਗੁਲਾਮ ਰੂਹਾਂ ਵਿੱਚ ਬਦਲ ਦੇਵੇਗਾ ਜਿਵੇਂ ਕਿ ਉਹਨਾਂ ਦੇ ਦਾਦੇ-ਪੜਦਾਦੇ ਹੁੰਦੇ ਸਨ।" (ਉਪਰੋਕਤ, ਪੰਨਾ 28-29)। ਸਪੱਸ਼ਟ ਹੈ ਕਿ ਨਿੱਕ ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰ ਦੁਆਉਣ ਨੂੰ ਸਮਾਜਵਾਦ ਦੇ ਤੁੱਲ ਨਹੀਂ ਬਣਾ ਰਹੇ ਸਗੋਂ ਉਹ ਤਾਂ ਇਤਿਹਾਸ ਦਾ ਪਹੀਆ ਸੌ ਸਾਲ ਪਿੱਛੇ ਘੁਮਾਉਣਾ ਚਾਹੁੰਦੇ ਹਨ।

ਬੁਰਜੂਆ ਸਮਾਜਵਾਦੀ ਸ਼੍ਰੀ ਸਾਕਸ ਤਾਂ ਨਿਸ਼ੰਗ ਰੂਪ 'ਚ ਕਹਿੰਦਾ ਹੈ ਕਿ ਮਜ਼ਦੂਰਾਂ ਨੂੰ ਘਰਾਂ ਦੇ ਮਾਲਕ ਬਣਾਉਣਾ ਵਰਤਮਾਨ ਪੂੰਜੀਵਾਦੀ ਪ੍ਰਬੰਧ ਦੇ ਹਿੱਤ ਵਿੱਚ ਹੈ। ਏਂਗਲਜ਼ ਸਾਕਸ ਦੇ ਹਵਾਲੇ ਨਾਲ਼ ਕਹਿੰਦੇ ਹਨ, "ਇਸ ਤੋਂ ਉਪਰੰਤ ਸ਼੍ਰੀ ਸਾਕਸ ਸਾਨੂੰ ਤੁਰੰਤ ਹੀ ਮਗਰੋਂ ਇਹ ਦੱਸਦਾ ਹੈ ਕਿ ਮਜ਼ਦੂਰਾਂ ਦਾ ਮਾਲਕ-ਮਕਾਨ ਬਣਨਾ ਉਹਨਾਂ ਦੇ ਖ਼ੁਦ ਇੰਨਾ ਹਿੱਤ ਵਿੱਚ ਨਹੀਂ, ਜਿੰਨਾ ਸਰਮਾਏਦਾਰ ਦੇ ਹਿੱਤ ਵਿੱਚ:

"ਪਰ ਕੇਵਲ ਮਜ਼ਦੂਰ ਜਮਾਤ ਨੂੰ ਹੀ ਨਹੀਂ ਸਗੋਂ ਸਮੁੱਚੇ ਸਮਾਜ ਨੂੰ ਇਸ ਗੱਲ ਵਿੱਚ ਬਹੁਤ ਵੱਡੀ ਦਿਲਚਸਪੀ ਹੁੰਦੀ ਹੈ ਕਿ ਉਹਦੇ ਵੱਧ ਤੋਂ ਵੱਧ ਸੰਭਵ ਗਿਣਤੀ ਵਿੱਚ ਮੈਂਬਰ ਜ਼ਮੀਨ ਨਾਲ਼ ਬੱਝ ( ! ) ਜਾਣ" (ਮੈਂ ਸ਼੍ਰੀ ਸਾਕਸ ਨੂੰ, ਭਾਵੇਂ ਇੱਕ ਵਾਰ ਹੀ ਸਹੀ, ਇਸ ਪੋਜੀਸ਼ਨ ਵਿੱਚ ਵੇਖਣਾ ਚਾਹੁੰਦਾ ਹਾਂ)। "...ਉਹ ਸਾਰੀਆਂ ਗੁਪਤ ਤਾਕਤਾਂ ਜੋ ਸਮਾਜਕ ਸਵਾਲ ਨਾਂ ਦੇ ਜੁਆਲਾਮੁਖੀ ਨੂੰ ਅੱਗ ਲਾਉਂਦੀਆਂ ਹਨ, ਜਿਹੜਾ ਕਿ ਸਾਡੇ ਪੈਰਾਂ ਹੇਠ ਦਗ ਰਿਹਾ ਹੈ, ਪ੍ਰੋਲੇਤਾਰੀ ਕੁੜੱਤਣ, ਨਫ਼ਰਤ... ਵਿਚਾਰਾਂ ਦਾ ਖ਼ਤਰਨਾਕ ਘਚੋਲਾ... ਇਹ ਸਭ ਕੁੱਝ ਸਵੇਰ ਦੇ ਸੂਰਜ ਸਾਹਮਣੇ ਧੁੰਦ ਵਾਂਗ ਅਲੋਪ ਹੋ ਜਾਣਾ ਚਾਹੀਦਾ ਹੈ ਜਦੋਂ.... ਖ਼ੁਦ ਮਜ਼ਦੂਰ ਇਸ ਢੰਗ ਨਾਲ਼ ਜਾਇਦਾਦ ਦੀਆਂ ਮਾਲਕ ਜਮਾਤਾਂ ਦੀਆਂ ਸਫ਼ਾਂ ਵਿੱਚ ਦਾਖ਼ਲ ਹੋ ਜਾਂਦੇ ਹਨ।" (ਪੰਨਾ-65)

ਦੂਜੇ ਸ਼ਬਦਾਂ ਵਿੱਚ ਸ਼੍ਰੀ ਸਾਕਸ ਨੂੰ ਆਸ ਹੈ ਕਿ ਉਹਨਾਂ ਦੇ ਪ੍ਰੋਲੇਤਾਰੀ ਰੁਤਬੇ ਵਿੱਚ ਤਬਦੀਲੀ ਨਾਲ਼, ਜੋ ਕਿ ਇੱਕ ਘਰ ਦੀ ਪ੍ਰਾਪਤੀ ਵੱਲੋਂ ਲਿਆਂਦੀ ਜਾਵੇਗੀ, ਮਜ਼ਦੂਰ ਆਪਣਾ ਪ੍ਰੋਲੇਤਾਰੀ ਲੱਛਣ ਵੀ ਗੁਆ ਬੈਠਣਗੇ ਅਤੇ ਆਪਣੇ ਪੁਰਖਿਆਂ ਵਾਂਗ ਜਿਹੜੇ ਆਪ ਵੀ ਮਾਲਕ-ਮਕਾਨ ਹੁੰਦੇ ਸਨ, ਇੱਕ ਵਾਰ ਫੇਰ ਆਗਿਆਕਾਰ ਟੋਡੀ ਬਣ ਜਾਣਗੇ। ਪਰੂਧੋਂਵਾਦੀਆਂ ਨੂੰ ਇਹ ਗੱਲ ਭਵਿੱਖੀ ਅਗਵਾਈ ਲਈ ਚੇਤੇ ਰੱਖਣੀ ਚਾਹੀਦੀ ਹੈ।" (ਉਪ੍ਰੋਕਤ, ਪੰਨਾ 48-49)

ਇਹ ਹਨ ਸ਼੍ਰੀ ਸਾਕਸ ਦੇ ਮਜ਼ਦੂਰਾਂ ਨੂੰ ਘਰ ਦੁਵਾਉਣ ਸਬੰਧੀ ਵਿਚਾਰ ਜਿਸ ਨੂੰ 'ਲਾਲ ਪਰਚਮ' ਦਾ ਲੇਖਕ 'ਸਮਾਜਵਾਦ ਦੇ ਤੁੱਲ' ਸਮਝਦਾ ਹੈ। ਲੱਗਦਾ ਹੈ 'ਲਾਲ ਪਰਚਮ' ਦਾ ਲੇਖਕ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ (ਜਿਹਨਾਂ ਦਾ ਤੱਤ ਇੱਕੋ ਹੈ) ਅਤੇ ਵਿਗਿਆਨਕ ਸਮਾਜਵਾਦ ਵਿੱਚ ਫਰਕ ਨਹੀਂ ਸਮਝਦਾ। 'ਲਾਲ ਪਰਚਮ' ਦੇ ਲੇਖਕ ਦੀ "ਮਾਰਕਸਵਾਦ" ਦੀ ਸਮਝ ਵੇਖ ਕੇ ਹਾਸੇ ਅਤੇ ਦਇਆ ਦਾ ਮਿਲ਼ਿਆ ਜੁਲ਼ਿਆ ਅਨੁਭਵ ਹੁੰਦਾ ਹੈ।

## ਸ਼ਹਿਰੀਕਰਨ ਪ੍ਰਤੀ 'ਲਾਲ ਪਰਚਮ' ਦਾ ਗਲਤ ਰੁਖ

'ਲਾਲ ਪਰਚਮ' ਦਾ ਲੇਖਕ ਕਹਿੰਦਾ ਹੈ, "ਪ੍ਰਤੀਬੱਧ ਦੇ ਲੇਖਕ ਨੂੰ ਗਿਲਾ ਹੈ ਕਿ ਪਿੰਡਾਂ ਦੇ ਮਜ਼ਦੂਰ ਅਤੇ ਗਰੀਬ ਕਿਸਾਨ ਪਿੰਡਾਂ ਅੰਦਰ ਤਿਲ-ਤਿਲ ਮਰਨ ਦੀ ਬਜਾਏ ਸ਼ਹਿਰਾਂ ਅੰਦਰ ਜਾ ਕੇ ਝੱਟਪੱਟ ਕਿਉਂ ਨਹੀਂ ਮਰਦੇ।" 'ਪ੍ਰਤੀਬੱਧ' ਦੀ ਅਜਿਹੀ ਕੋਈ ਸੋਚ ਨਹੀਂ ਹੈ ਕਿ 'ਪਿੰਡਾਂ ਦੇ ਮਜ਼ਦੂਰ ਅਤੇ ਗਰੀਬ ਕਿਸਾਨ ਸ਼ਹਿਰਾਂ 'ਚ ਜਾ ਕੇ ਝੱਟਪੱਟ' ਮਰ

ਜਾਣਗੇ। ਅਤੇ ਨਾ ਹੀ 'ਲਾਲ ਪਰਚਮ' ਦਾ ਲੇਖਕ ਸਾਡੀ ਕਿਸੇ ਲਿਖਤ ਦੇ ਅਧਾਰ 'ਤੇ ਸਾਬਤ ਕਰ ਸਕਦਾ ਹੈ।ਅਸੀਂ ਤਾਂ ਸ਼ਹਿਰੀਕਰਨ ਨੂੰ ਇੱਕ ਅਗਾਂਹਵਧੂ ਵਰਤਾਰੇ ਦੇ ਰੂਪ ਵਿੱਚ ਵੇਖਦੇ ਹਾਂ, ਜੋ ਸਭ ਸਮੱਸਿਆਵਾਂ ਦੇ ਬਾਵਜੂਦ ਲੋਕਾਂ ਦੇ ਵੱਡੇ ਹਿੱਸੇ ਨੂੰ ਪੇਂਡੂ ਜੀਵਨ ਦੇ ਪਛੜੇਵੇਂ, ਦਕੀਆਨੂਸਤਾ ਤੋਂ ਮੁਕਤ ਕਰਾਉਂਦਾ ਹੈ।ਉਹਨਾਂ ਦੀ ਜਮਾਤੀ ਚੇਤਨਾ ਨੂੰ ਸਾਣ 'ਤੇ ਲਾਉਂਦਾ ਹੈ। ਕਿਰਤੀ ਲੋਕਾਂ ਦੀ ਪੂੰਜੀਵਾਦੀ ਪ੍ਰਬੰਧ ਦਾ ਟਾਕਰਾ ਕਰਨ ਦੀ ਸਮਰੱਥਾ ਵਧਾਉਂਦਾ ਹੈ।ਇਹ ਸੋਚ 'ਲਾਲ ਪਰਚਮ' ਦੀ ਹੈ ਕਿ ਸ਼ਹਿਰਾਂ 'ਚ ਜਾਕੇ ਗਰੀਬ ਕਿਸਾਨ ਅਤੇ ਪਿੰਡਾਂ ਦੇ ਮਜ਼ਦੂਰ ਝੱਟਪੱਟ ਮਰ ਜਾਣਗੇ।ਇਸੇ ਲਈ ਉਹ ਪੇਂਡੂ ਮਜ਼ਦੂਰਾਂ ਨੂੰ ਪਲਾਟ ਦਿਵਾਉਣ ਦੀ ਮੰਗ ਦੀ ਹੁੱਬ ਕੇ ਹਿਮਾਇਤ ਕਰਦਾ ਹੈ ਤਾਂ ਕਿ ਪਿੰਡਾਂ ਦੇ ਗਰੀਬ ਸੰਪੱਤੀ ਦੇ ਛੋਟੇ ਛੋਟੇ ਟੁਕੜਿਆਂ ਨਾਲ਼ ਬੱਝੇ, ਪਛੜੇਵੇਂ ਅਤੇ ਦਕੀਆਨੂਸਤਾ 'ਚ ਹੀ ਜ਼ਿੰਦਗੀ ਗੁਜ਼ਾਰ ਦੇਣ। ਆਓ ਦੇਖੀਏ ਕਿ ਮਾਰਕਸਵਾਦ ਦੇ ਬਾਨੀਆਂ ਦੇ ਇਸ ਸਬੰਧੀ ਕੀ ਵਿਚਾਰ ਹਨ।ਮਾਰਕਸ ਲਿਖਦੇ ਹਨ, "ਪੂੰਜੀਵਾਦੀ ਉਤਪਾਦਨ, ਵਸੋਂ ਨੂੰ ਵੱਡੇ ਵੱਡੇ ਕੇਂਦਰਾਂ ਵਿੱਚ ਇਕੱਠਿਆਂ ਕਰਕੇ ਅਤੇ ਸ਼ਹਿਰੀ ਵਸੋਂ ਦਾ ਪਲੜਾ ਲਗਾਤਾਰ ਵਧਦੇ ਹੋਏ ਰੂਪ ਵਿੱਚ ਭਾਰੀ ਕਰਕੇ ਸਮਾਜ ਦੀ ਇਤਿਹਾਸਕ ਚਾਲਕ ਸ਼ਕਤੀ ਨੂੰ ਇੱਕ ਥਾਂ ਕਰਦਾ ਹੈ।... ਪੇਂਡੂ ਕਿਰਤੀਆਂ ਦਾ ਵਧੇਰੇ ਵਿਸ਼ਾਲ ਇਲਾਕਿਆਂ ਉੱਤੇ ਖਿਲਰਨਾ ਉਹਨਾਂ ਦੀ ਵਿਰੋਧ ਕਰਨ ਦੀ ਸ਼ਕਤੀ ਨੂੰ ਭੰਨ ਸੁੱਟਦਾ ਹੈ, ਜਦੋਂ ਕਿ ਇਕਾਗਰਤਾ ਨਾਲ਼ ਸ਼ਹਿਰੀ ਕਿਰਤੀਆਂ ਦੀ ਇਹ ਸ਼ਕਤੀ ਵਧ ਜਾਂਦੀ ਹੈ।(ਸਰਮਾਇਆ, ਭਾਗ-1, ਪੰਨਾ 544-545, ਨਵਯੁੱਗ ਪਬਲਿਸ਼ਰਜ਼ ਦਿੱਲੀ) ਏਂਗਲਜ਼ ਲਿਖਦੇ ਹਨ, "27 ਵਰ੍ਹੇ ਪਹਿਲਾਂ ਮੈਂ **ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ** ਵਿੱਚ ਮਜ਼ਦੂਰਾਂ ਨੂੰ ਉਹਨਾਂ ਦੇ ਘਰ-ਬਾਰ ਤੋਂ ਬਾਹਰ ਕੱਢਣ ਦੇ ਇਸੇ ਅਮਲ ਦੇ ਜਿਵੇਂ ਕਿ ਉਹ ਇੰਗਲੈਂਡ ਵਿੱਚ 18ਵੀਂ ਸਦੀ ਵਿੱਚ ਵਾਪਰਿਆ ਸੀ, ਮੁੱਖ ਲੱਛਣਾਂ ਦਾ ਵਰਨਣ ਕੀਤਾ ਸੀ। ਇਉਂ ਕਰਨ ਵਿੱਚ ਜ਼ਮੀਨ ਤੇ ਫੈਕਟਰੀ ਮਾਲਕਾਂ ਦੀਆਂ ਬਦਨਾਮੀਆਂ ਦਾ, ਉਹਨਾਂ ਪਦਾਰਥਕ ਤੇ ਨੈਤਿਕ ਭੈੜੇ ਅਸਰਾਂ ਦਾ ਜੋ ਸਭ ਤੋਂ ਪਹਿਲਾਂ ਸਬੰਧਤ ਮਜ਼ਦੂਰਾਂ ਉੱਤੇ ਅਟੱਲ ਰੂਪ ਵਿੱਚ ਪਏ, ਢੁੱਕਵੇਂ ਰੂਪ ਵਿੱਚ ਵਰਨਣ ਕੀਤਾ ਸੀ।ਕੀ ਇਸ ਸਬੰਧੀ ਇਹ ਗੱਲ ਮੇਰੇ ਦਿਮਾਗ ਵਿੱਚ ਆ ਸਕਦੀ ਸੀ ਕਿ ਮੈਂ ਇਹਨੂੰ ਜੋ ਕਿ ਉਹਨਾਂ ਹਾਲਤਾਂ ਵਿੱਚ ਬਿਲਕੁੱਲ ਜ਼ਰੂਰੀ ਇਤਿਹਾਸਕ ਅਮਲ ਸੀ, "ਵਹਿਸ਼ੀਆਂ ਨਾਲ਼ੋਂ ਨੀਵਾਂ" ਪਿੱਛੇ ਖਿੱਚੂ ਅਮਲ ਸਮਝਾਂ ? ਇਹ ਅਸੰਭਵ ਗੱਲ ਹੈ। 1872 ਦਾ ਅੰਗਰੇਜ਼ ਪ੍ਰੋਲੇਤਾਰੀ ਯਕੀਨੀ ਤੌਰ 'ਤੇ 1772 ਦੇ ਪੇਂਡੂ ਬੁਣਕਰ ਨਾਲ਼ੋਂ ਜਿਸ ਕੋਲ਼ ਆਪਣਾ "ਘਰ ਬਾਰ" ਸੀ, ਬੇਹੱਦ ਉੱਚੇ ਪੱਧਰ 'ਤੇ ਹੈ ਅਤੇ ਕੀ ਆਪਣੀ ਗੁਫ਼ਾ ਵਾਲ਼ਾ ਗੁਫ਼ਾ-ਨਿਵਾਸੀ ਆਪਣੇ ਕੱਚੇ ਕੋਠੇ ਵਾਲ਼ਾ ਆਸਟਰੇਲੀਆਈ ਜਾਂ ਆਪਣੇ ਘਰ ਬਾਰ ਵਾਲ਼ਾ ਇੰਡੀਅਨ ਕਦੀ ਜੂਨ ਦੀ ਬਗਾਵਤ ਜਾਂ ਇੱਕ ਪੈਰਿਸ ਕਮਿਊਨ ਸਿਰੇ ਚਾੜ੍ਹੇਗਾ ?

ਇਸ ਗੱਲ ਬਾਰੇ ਕਿ ਵੱਡੇ ਪੱਧਰ ਉੱਤੇ ਪੂੰਜੀਵਾਦੀ ਪੈਦਾਵਾਰ ਸ਼ੁਰੂ ਕੀਤੇ ਜਾਣ ਤੋਂ ਮਗਰੋਂ ਮਜ਼ਦੂਰਾਂ ਦੀ ਹਾਲਤ ਸਮੁੱਚੇ ਤੌਰ 'ਤੇ ਪਦਾਰਥਕ ਰੂਪ ਵਿੱਚ ਵਧੇਰੇ ਮੰਦੀ ਹੋ ਗਈ ਹੈ, ਕੇਵਲ ਬੁਰਜੂਆਜ਼ੀ ਨੂੰ ਹੀ ਸ਼ੱਕ ਹੈ।ਪਰ ਇਸ ਲਈ ਕੀ ਸਾਨੂੰ ਲਲਚਾਈਆਂ ਨਜ਼ਰਾਂ ਨਾਲ਼ ਪਿੱਛੇ ਮਿਸਰੀ ਸੁੱਖ ਸਾਧਨਾਂ ਵੱਲ, (ਜੋ ਇਸੇ ਤਰ੍ਹਾਂ ਨਿਗੂਣੇ ਸਨ), ਪੇਂਡੂ ਛੋਟੇ ਪੈਮਾਨੇ ਦੀ

ਸਨਅਤ ਵੱਲ ਵੇਖਣਾ ਚਾਹੀਦਾ ਹੈ ਜੀਹਨੇ ਕੇਵਲ ਨੀਚ ਰੂਹਾਂ ਹੀ ਪੈਦਾ ਕੀਤੀਆਂ ਹਨ ਜਾਂ ਕਿ "ਵਹਿਸ਼ੀਆਂ" ਵੱਲ ਵੇਖਣਾ ਚਾਹੀਦਾ ਹੈ ? ਇਹਦੇ ਉਲਟ, ਆਧੁਨਿਕ ਵੱਡੇ ਪੱਧਰ ਦੀ ਸਨਅਤ ਵੱਲੋਂ ਪੈਦਾ ਕੀਤਾ ਗਿਆ, ਸਾਰੀਆਂ ਵਿਰਸੇ ਵਿੱਚ ਮਿਲੀਆਂ ਜ਼ੰਜੀਰਾਂ ਤੋਂ, ਜਿਨ੍ਹਾਂ ਵਿੱਚ ਉਹਨੂੰ ਜ਼ਮੀਨ ਨਾਲ਼ ਬੰਨ੍ਹਣ ਵਾਲ਼ੀਆਂ ਜ਼ੰਜੀਰਾਂ ਵੀ ਸ਼ਾਮਲ ਹਨ, ਮੁਕਤ ਹੋ ਚੁੱਕਿਆ ਪ੍ਰੋਲੇਤਾਰੀ ਹੀ ਉਸ ਮਹਾਨ ਸਮਾਜਕ ਤਬਦੀਲੀ ਨੂੰ ਸਿਰੇ ਚਾੜ੍ਹਨ ਦੀ ਪੋਜੀਸ਼ਨ ਵਿੱਚ ਹੈ ਜੋ ਸਮੁੱਚੀ ਜਮਾਤੀ ਲੁੱਟਚੋਂਘ ਦਾ, ਸਾਰੀ ਜਮਾਤੀ ਹਕੂਮਤ ਦਾ ਖਾਤਮਾ ਕਰ ਦੇਵੇਗਾ। ਪੁਰਾਣੇ ਪੇਂਡੂ, ਹੱਥ ਨਾਲ਼ ਕੱਪੜਾ ਬੁਣਨ ਵਾਲ਼ੇ ਜਿਨ੍ਹਾਂ ਕੋਲ਼ ਘਰ ਬਾਰ ਸਨ, ਇਹ ਗੱਲ ਕਰਨ ਦੇ ਕਰਦੀ ਵੀ ਸਮਰੱਥ ਨਾ ਹੋ ਸਕਦੇ; ਇਹਨੂੰ ਸਿਰੇ ਚਾੜ੍ਹਨ ਦੀ ਖਾਹਿਸ਼ ਦੀ ਗੱਲ ਤਾਂ ਕਿਤੇ ਰਹੀ, ਉਹ ਅਜਿਹੇ ਵਿਚਾਰ ਬਾਰੇ ਸੋਚਣ ਦੇ ਹੀ ਸਮਰੱਥ ਨਾ ਹੁੰਦੇ।" (ਉਪ੍ਰੋਕਤ ਪੰਨਾ 22-23)

ਲੈਨਿਨ ਦਾ ਕਹਿਣਾ ਹੈ, "ਨਰੋਦਨਿਕ ਸਿਧਾਂਤ ਦੇ ਮੁਕਾਬਲੇ ਅਸੀਂ ਜ਼ੋਰ ਨਾਲ਼ ਕਹਿੰਦੇ ਹਾਂ ਕਿ ਮਜ਼ਦੂਰਾਂ ਦਾ ਪ੍ਰਵਾਸ' ਨਾ ਸਿਰਫ਼ ਖੁਦ ਮਜ਼ਦੂਰਾਂ ਨੂੰ ਸ਼ੁੱਧ ਆਰਥਿਕ ਲਾਭ ਪਹੁੰਚਾਉਂਦਾ ਹੈ, ਪ੍ਰੰਤੂ ਆਮ ਤੌਰ 'ਤੇ ਪ੍ਰਗਤੀਸ਼ੀਲ ਕਿਹਾ ਜਾਣਾ ਚਾਹੀਦਾ ਹੈ। ਲੋਕਾਂ ਦਾ ਧਿਆਨ ਬਾਹਰੀ ਰੋਜ਼ਗਾਰ ਦੀ ਬਜਾਏ ਸਥਾਨਕ ਨੇੜਲੇ ਕਿੱਤਿਆਂ ਵੱਲ ਨਹੀਂ ਮੋੜਨਾ ਚਾਹੀਦਾ, ਸਗੋਂ ਇਸ ਦੇ ਉਲਟ, ਪ੍ਰਵਾਸ ਦੇ ਰਾਹ ਵਿੱਚ ਸਾਰੀਆਂ ਰੁਕਾਵਟਾਂ ਹਟਾਉਣ, ਇਹਨੂੰ ਹਰ ਤਰ੍ਹਾਂ ਸੌਖਾ ਬਣਾਉਣ, ਮਜ਼ਦੂਰਾਂ ਦੇ ਸਫਰ ਆਦਿ ਦੀਆਂ ਹਾਲਤਾਂ ਸੁਧਾਰਨ ਅਤੇ ਕੀਮਤ ਘਟਾਉਣ ਵੱਲ ਧਿਆਨ ਦਿਵਾਉਣਾ ਚਾਹੀਦਾ ਹੈ, ਸਾਡੇ ਇਸ ਜ਼ੋਰ ਦਾ ਅਧਾਰ ਇਹ ਹੈ—

* "ਪ੍ਰਵਾਸ" ਤੋਂ ਮਜ਼ਦੂਰਾਂ ਨੂੰ ਹੋਣ ਵਾਲ਼ਾ ਸ਼ੁੱਧ ਆਰਥਿਕ ਲਾਭ ਇਹ ਹੈ ਕਿ ਉਹ ਉਹਨਾਂ ਥਾਵਾਂ ਵੱਲ ਜਾਂਦੇ ਹਨ ਜਿੱਥੇ ਉਜਰਤਾਂ ਵਧੇਰੇ ਹੁੰਦੀਆਂ ਹਨ, ਜਿੱਥੇ ਰੁਜ਼ਗਾਰ ਮੰਗਣ ਵਾਲ਼ਿਆਂ ਦੇ ਰੂਪ ਵਿੱਚ ਉਹਨਾਂ ਦੀ ਸਥਿਤੀ ਵਧਰੇ ਫਾਇਦੇਮੰਦ ਹੁੰਦੀ ਹੈ।

* "ਪ੍ਰਵਾਸ" ਕਿਰਤ ਸੇਵਾ ਅਤੇ ਖਰੀਦ ਦੀਆਂ ਬੰਧੂਆ ਕਿਸਮਾਂ ਨੂੰ ਤਬਾਹ ਕਰ ਦਿੰਦਾ ਹੈ।

* "ਪ੍ਰਵਾਸ" ਦਾ ਮਤਲਬ ਹੈ ਅਬਾਦੀ ਦੀ ਗਤੀਸ਼ੀਲਤਾ ਦਾ ਪੈਦਾ ਹੋਣਾ। ਪ੍ਰਵਾਸ ਕਿਸਾਨਾਂ ਨੂੰ ਉੱਲੀ ਲੱਗਣ ਤੋਂ ਬਚਾਉਣ ਦੇ ਸਭ ਤੋਂ ਮਹੱਤਵਪੂਰਨ ਕਾਰਜਾਂ ਵਿੱਚੋਂ ਇੱਕ ਹੈ, ਜੋ ਕਿ ਇਤਿਹਾਸ ਦੁਆਰਾ ਪਹਿਲਾਂ ਹੀ ਉਨ੍ਹਾਂ ਉੱਪਰ ਬਹੁਤ ਜ਼ਿਆਦਾ ਥੋਪੀ ਜਾ ਚੁੱਕੀ ਹੈ, ਜਦੋਂ ਤੱਕ ਆਬਾਦੀ ਗਤੀਸ਼ੀਲ ਨਹੀਂ ਬਣਦੀ, ਇਹ ਵਿਕਸਿਤ ਨਹੀਂ ਹੋ ਸਕਦੀ ਅਤੇ ਇਹ ਕਲਪਨਾ ਕਰਨਾ ਸਿੱਧੜਪੁਣਾ ਹੋਵੇਗਾ ਕਿ ਜੋ ਉਹ ਰਾਜਧਾਨੀ ਅਤੇ ਦੁਰੇਡੇ ਇਲਾਕਿਆਂ, ਖੇਤੀ ਅਤੇ ਉਦਯੋਗ ਵਿੱਚ, ਦੱਖਣ ਅਤੇ ਉੱਤਰ ਵਿੱਚ, ਚੀਜ਼ਾਂ ਦੇ ਵੱਖਰੇ ਪ੍ਰਬੰਧ ਅਤੇ ਵੱਖਰੇ ਰਿਸ਼ਤਿਆਂ ਦੇ ਅਜ਼ਾਦਾਨਾ ਅਨੁਭਵ ਤੋਂ ਸਿੱਖਣਗੇ, ਉਹ ਉਹਨਾਂ ਨੂੰ ਪਿੰਡ ਦਾ ਸਕੂਲ ਸਿਖਾ ਸਕਦਾ ਹੈ।" (ਲੈਨਿਨ ਕਲੈਕਟਡ ਵਰਕਸ, ਸੈਂਚੀ 3, ਪੰਨਾ 249-50-51)। ਇਹ ਹਨ ਸ਼ਹਿਰੀਕਰਨ ਸਬੰਧੀ ਸਾਡੇ ਵਿਚਾਰ ਜੋ ਮਾਰਕਸ, ਏਂਗਲਜ਼ ਅਤੇ ਲੈਨਿਨ ਦੇ ਵਿਚਾਰਾਂ ਨਾਲ਼ ਸਗਵੇਂ ਹਨ।

'ਲਾਲ ਪਰਚਮ' ਦਾ ਕਹਿਣਾ ਹੈ, "ਪ੍ਰਤੀਬੱਧ ਦੇ ਲੇਖਕ ਨੂੰ ਇਨਕਲਾਬੀ ਲਹਿਰ

ਉੱਪਰ ਤਾਬੜਤੋੜ ਹੱਲਾ ਬੋਲਣ ਦੀ ਬਜਾਏ ਇਸ ਹਕੀਕਤ ਨੂੰ ਸਮਝਣਾ ਚਾਹੀਦਾ ਹੈ ਕਿ ਪੇਂਡੂ ਮਜ਼ਦੂਰਾਂ ਨੂੰ ਪਿੰਡਾਂ ਅੰਦਰ ਇਨਕਲਾਬੀ ਲਹਿਰ ਜਾਂ ਕਿਸੇ ਹੋਰ 'ਨਿੱਕ ਬੁਰਜੂਆ' ਤਬਕੇ ਨੇ ਨਹੀਂ ਰੱਖਿਆ ਹੋਇਆ ਸਗੋਂ ਉਹ ਇਸ ਕਰਕੇ ਪਿੰਡਾਂ ਅੰਦਰ ਰਹਿਣ ਲਈ ਮਜਬੂਰ ਹਨ ਕਿਉਂਕਿ ਹੋਰ ਖੇਤਰਾਂ ਅੰਦਰ ਉਹਨਾਂ ਨੂੰ ਕੰਮ ਨਹੀਂ ਮਿਲ਼ਦਾ"।

ਪੂੰਜੀਵਾਦ ਅਧੀਨ ਅਬਾਦੀ ਦਾ ਪਿੰਡਾਂ ਤੋਂ ਸ਼ਹਿਰਾਂ ਵੱਲ ਪ੍ਰਵਾਸ ਇੱਕ ਅਟੱਲ ਪ੍ਰਕਿਰਿਆ ਹੈ। ਭਾਰਤ ਵਿੱਚ ਵੀ ਇਹ ਪ੍ਰਕਿਰਿਆ ਧੀਮੀ ਗਤੀ ਨਾਲ਼ ਜਾਰੀ ਹੈ। ਭਾਰਤ ਦੇ ਹਾਕਮ ਇਸ ਪ੍ਰਕਿਰਿਆ ਨੂੰ ਹੋਰ ਧੀਮੀ ਕਰਨ ਦੇ ਲਗਾਤਾਰ ਯਤਨ ਕਰਦੇ ਰਹਿੰਦੇ ਹਨ। ਇਸੇ ਲਈ ਉਹਨਾਂ ਨੇ ਅਜ਼ਾਦੀ ਤੋਂ ਫੌਰਨ ਬਾਅਦ ਜ਼ਰਈ ਸੁਧਾਰਾਂ ਦੇ ਅੰਗ ਵਜੋਂ ਲੈਂਡ ਸੀਲਿੰਗ ਐਕਟ ਬਣਾਇਆ ਸੀ, ਜੋ ਅੱਜ ਤੱਕ ਜਾਰੀ ਹੈ। ਅਤੇ ਹੁਣ ਨਰੇਗਾ ਵੀ ਇਸੇ ਕੋਸ਼ਿਸ਼ ਦਾ ਅੰਗ ਹੈ। ਸਾਡੇ ਦੇਸ਼ ਵਿੱਚ 'ਲਾਲ ਪਰਚਮ' ਦੇ ਲੇਖਕ ਜੇਹੇ ਸਿਧਾਂਤਕਾਰਾਂ ਦਾ ਭਾਈਚਾਰਾ ਵੀ ਭਾਰਤ ਦੇ ਹਾਕਮਾਂ ਦੀਆਂ ਇਹਨਾਂ ਕੋਸ਼ਿਸ਼ਾਂ ਵਿੱਚ ਹੱਥ ਵੰਡਾਉਂਦਾ ਹੈ। ਭਾਰਤ ਦੀਆਂ ਜ਼ਮੀਨੀ ਹਕੀਕਤਾਂ ਤੋਂ ਟੁੱਟੇ, ਭਾਰਤੀ ਸਮਾਜ ਦਾ ਗਲਤ ਵਿਸ਼ਲੇਸ਼ਣ (ਅਰਧ-ਜਗੀਰੂ—ਅਰਧ-ਬਸਤੀ) ਕਰਦੇ ਹੋਏ ਉਹ ਭਾਰਤ ਵਿੱਚ ਨਵ ਜਮਹੂਰੀ ਇਨਕਲਾਬ ਦਾ ਬੇਸੁਰਾ ਰਾਗ ਅਲਾਪਦੇ ਰਹਿੰਦੇ ਹਨ। ਉਹ ਭਾਰਤੀ ਹਾਕਮ ਤੋਂ ਮੰਗ ਕਰਦੇ ਹਨ ਕਿ ਲੈਂਡ ਸੀਲਿੰਗ ਨੂੰ ਹੋਰ ਸਖਤੀ ਨਾਲ਼ ਲਾਗੂ ਕੀਤੀ ਜਾਵੇ ਅਤੇ ਉੱਪਰਲੀ ਹੱਦ (17 ਏਕੜ) ਨੂੰ ਘਟਾ ਕੇ 10 ਏਕੜ ਤੱਕ ਲਿਆਂਦਾ ਜਾਵੇ। ਇਸ ਤੋਂ ਵਾਧੂ ਬਚੀ ਜ਼ਮੀਨ ਬੇਜ਼ਮੀਨਿਆਂ 'ਚ ਵੰਡੀ ਜਾਵੇ ਅਤੇ ਪਿੰਡਾਂ ਦੇ (ਸ਼ਹਿਰਾਂ ਦੇ ਵੀ —ਲਿਬਰੇਸ਼ਨ) ਮਜ਼ਦੂਰਾਂ ਨੂੰ ਘਰ ਬਣਾਉਣ ਲਈ 10-10 ਮਰਲੇ ਦੇ ਪਲਾਟ ਦਿੱਤੇ ਜਾਣ। ਉਹਨਾਂ ਦੀਆਂ ਇਹ ਮੰਗਾਂ ਭਾਰਤ ਦੇ ਸਰਮਾਏਦਾਰ ਹਾਕਮਾਂ ਦੇ ਹਿੱਤਾਂ ਦੇ ਇੱਕਦਮ ਅਨੁਕੂਲ ਹਨ। ਏਂਗਲਜ਼ ਲਿਖਦੇ ਹਨ, "ਹੁਕਮਰਾਨ ਜਮਾਤ ਦੇ ਸਭ ਤੋਂ ਹੁਸ਼ਿਆਰ ਆਗੂਆਂ ਨੇ ਹਮੇਸ਼ਾ ਹੀ ਆਪਣੇ ਯਤਨ ਜਾਇਦਾਦ ਦੇ ਛੋਟੇ ਮਾਲਕਾਂ ਦੀ ਗਿਣਤੀ ਵਿੱਚ ਵਾਧਾ ਕਰਨ ਵੱਲ ਸੇਧੇ ਹਨ ਤਾਂ ਜੋ ਉਹ ਖੁਦ ਆਪਣੇ ਲਈ, ਪ੍ਰੋਲੇਤਾਰੀ ਦੇ ਵਿਰੁੱਧ ਇੱਕ ਫੌਜ ਤਿਆਰ ਕਰ ਸਕਣ।" 'ਲਾਲ ਪਰਚਮ' ਅਤੇ ਇਸਦੇ ਭਾਈਚਾਰੇ ਦੇ ਯਤਨ ਵੀ ਇਸੇ ਤਰਾਂ ਦੇ ਹਨ। ਭਾਵੇਂ ਅਚੇਤ ਰੂਪ 'ਚ ਹੀ ਹੋਣ। ਅਸੀਂ ਇਹ ਨਹੀਂ ਕਹਿੰਦੇ ਕਿ 'ਲਾਲ ਪਰਚਮ' ਦੀ 'ਇਨਕਲਾਬੀ ਲਹਿਰ' ਨੇ ਪਿੰਡਾਂ ਦੇ ਮਜ਼ਦੂਰਾਂ ਨੂੰ ਪਿੰਡਾਂ ਵਿੱਚ ਬੰਨ੍ਹ ਕੇ ਰੱਖਿਆ ਹੋਇਆ ਹੈ। ਕਿਉਂਕਿ ਅਸੀਂ ਇਹਨਾਂ ਨੂੰ ਏਨਾ ਮਹੱਤਵ ਨਹੀਂ ਦੇਣਾ ਚਾਹੁੰਦੇ। ਇਤਿਹਾਸ ਦੇ ਵਹਿਣ ਨੂੰ ਜੱਫਾ ਮਾਰ ਸਕਣਾ ਇਹਨਾਂ ਦੇ ਵੱਸ 'ਚ ਨਹੀਂ ਹੈ। ਅਸੀਂ ਤਾਂ ਇਹਨਾਂ ਦੇ ਸਿਆਸੀ ਪ੍ਰੋਗਰਾਮ ਦੀ ਅਲੋਚਨਾ ਕਰ ਰਹੇ ਹਾਂ, ਜੋ ਅੱਜ ਦੇ ਪੂੰਜੀਵਾਦੀ ਯੁਗ ਵਿੱਚ ਬੇਜ਼ਮੀਨਿਆਂ 'ਚ ਜ਼ਮੀਨਾਂ ਵੰਡਣ ਅਤੇ ਪਿੰਡਾਂ ਦੇ ਗਰੀਬਾਂ ਨੂੰ ਘਰ ਬਣਾਉਣ ਖਾਤਰ ਪਲਾਟ ਦੇਣ ਜਿਹੀਆਂ ਮੰਗਾਂ ਦੀ ਜ਼ੋਰ ਸ਼ੋਰ ਨਾਲ਼ ਵਜ਼ਾਹਤ ਕਰਦਾ ਹੈ।

ਇਸੇ ਸਬੰਧ ਵਿੱਚ 'ਲਾਲ ਪਰਚਮ' ਲਿਖਦਾ ਹੈ, "ਹਿੰਦੋਸਤਾਨ ਦਾ ਸੱਨਅਤੀ ਖੇਤਰ ਜੋ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੈ ਉਹ ਖੇਤੀ 'ਚੋਂ ਵਿਹਲੀ ਹੋਈ ਕਿਰਤ ਸ਼ਕਤੀ ਨੂੰ ਆਪਣੇ ਅੰਦਰ ਸਮੋ ਲੈਣ ਦੀ ਸ਼ਕਤੀ ਨਹੀਂ ਰੱਖਦਾ।" ਇੱਥੇ ਲਾਲ ਪਰਚਮ ਇੱਕ ਭਰਮ ਦਾ

ਸ਼ਿਕਾਰ ਹੈ। ਉਹ ਭਰਮ ਇਹ ਹੈ ਕਿ ਖੇਤੀ 'ਚੋਂ ਵਿਹਲੀ ਹੋਣ ਵਾਲ਼ੀ ਅਬਾਦੀ ਸਿਰਫ਼ ਸੱਨਅਤੀ ਖੇਤਰ ਵਿੱਚ ਹੀ ਜਜ਼ਬ ਹੁੰਦੀ ਹੈ। ਉਹ ਸੇਵਾ ਖੇਤਰ ਨੂੰ ਭੁੱਲ ਹੀ ਜਾਂਦਾ ਹੈ। ਜਦਕਿ ਪੂੰਜੀਵਾਦੀ ਵਿਕਾਸ ਦੀ ਬਦੌਲਤ ਖੇਤੀ 'ਚੋਂ ਵਿਹਲੀ ਹੋਣ ਵਾਲ਼ੀ ਆਬਾਦੀ (ਪੂੰਜੀਵਾਦੀ ਵਿਕਾਸ ਕਾਰਨ ਖੇਤੀ 'ਚ ਲੱਗੀ ਆਬਾਦੀ ਦੀ ਸੰਖਿਆ 'ਚ ਨਿਰਪੇਖ ਗਿਰਾਵਟ ਆਉਂਦੀ ਹੈ) ਦਾ ਵੱਡਾ ਹਿੱਸਾ ਤਾਂ ਸੇਵਾ ਖੇਤਰ 'ਚ ਹੀ ਜਜ਼ਬ ਹੁੰਦਾ ਹੈ। ਭਾਰਤ ਵਿੱਚ ਵੀ ਇਹ ਪ੍ਰਕ੍ਰਿਆ ਲਗਾਤਾਰ ਜਾਰੀ ਹੈ। ਇੱਥੇ ਹੀ ਲਾਲ ਪਰਚਮ ਪ੍ਰਤੀਬੱਧ ਦੀ 'ਮਜ਼ਬੂਰੀ' ਦੀ ਚਰਚਾ ਕਰਦਾ ਹੈ ਜਿਸ ਵਿੱਚ ਅਸੀਂ ਸੰਸਾਰ ਪੂੰਜੀਵਾਦ ਦੇ ਵਰਤਮਾਨ ਸੰਕਟ ਦੇ ਦੌਰ ਵਿੱਚ ਭਾਰਤੀ ਸੱਨਅਤ ਵਿੱਚੋਂ ਵੱਡੀ ਪੱਧਰ 'ਤੇ ਮਜ਼ਦੂਰਾਂ ਦਾ ਰੁਜ਼ਗਾਰ ਖੁੱਸਣ ਦੀ ਗੱਲ ਤਸਲੀਮ ਕੀਤੀ ਸੀ। ਪਰ ਅਸੀਂ ਪੂੰਜੀਵਾਦ ਦੇ ਜੀਵਨ ਦੇ ਇੱਕ ਖਾਸ ਸਮੇਂ ਦੀ ਗੱਲ ਕਰ ਰਹੇ ਸਾਂ। ਅਸੀਂ ਇਹ ਕਿਤੇ ਨਹੀਂ ਕਿਹਾ ਕਿ ਪੂੰਜੀਵਾਦ ਅਧੀਨ ਇਹ ਕੋਈ ਸਥਾਈ ਵਰਤਾਰਾ ਹੈ। ਕੋਈ ਨੌਸਿਖੀਆ ਵੀ ਜਾਣ ਸਕਦਾ ਹੈ ਕਿ ਪੂੰਜੀਵਾਦ ਵਿੱਚ ਤੇਜ਼ੀ ਅਤੇ ਸੰਕਟ ਦੇ ਦੌਰ ਆਉਂਦੇ ਜਾਂਦੇ ਰਹਿੰਦੇ ਹਨ। ਤੇਜ਼ੀ ਸਮੇਂ ਨਵੀਆਂ ਸੱਨਅਤਾਂ ਲੱਗਦੀਆਂ ਹਨ, ਪੁਰਾਣੀਆਂ ਵਧੇਰੇ ਜਾਂ ਆਪਣੀ ਪੂਰਨ ਸਮਰੱਥਾ ਮੁਤਾਬਕ ਪੈਦਾਵਾਰ ਕਰਦੀਆਂ ਹਨ। ਇਸ ਨਾਲ਼ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ। ਇਸੇ ਤੇਜ਼ੀ ਵਿੱਚ ਪੂੰਜੀਵਾਦ ਦੇ ਭਾਵੀ ਸੰਕਟ ਦੇ ਬੀਜ ਪਨਪਦੇ ਹਨ। ਪੂੰਜੀਵਾਦ ਵਿੱਚ ਵਾਰੀ ਵਾਰੀ ਇਹ ਦੋਵੇਂ ਦੌਰ ਪ੍ਰਗਟ ਹੁੰਦੇ ਰਹਿੰਦੇ ਹਨ। ਪਤਾ ਨਹੀਂ 'ਲਾਲ ਪਰਚਮ' ਦੇ ਲੇਖਕ ਨੂੰ ਇਹ ਸਿੱਧ ਪੱਧਰੀਆਂ ਗੱਲਾਂ ਕਿਉਂ ਨਹੀਂ ਸਮਝ ਆਉਂਦੀਆਂ ? ਕਿਉਂ ਉਹ ਗੱਲਾਂ ਨੂੰ ਉਹਨਾਂ ਦੇ ਸੰਦਰਭ ਨਾਲ਼ੋਂ ਤੋੜ ਕੇ ਗਲਤ ਅਰਥ ਕੱਢਦਾ ਹੈ ? ਇੱਥੇ ਹੀ 'ਲਾਲ ਪਰਚਮ' ਖੇਤੀ 'ਚ ਲੱਗੀ ਅਬਾਦੀ (54%) ਅਤੇ ਪੇਂਡੂ ਅਬਾਦੀ (65-68%) ਦੀ ਵੱਡੀ ਗਿਣਤੀ ਦੀ ਚਰਚਾ ਕਰਦਾ ਹੈ ਅਤੇ ਇਸ ਤੋਂ ਇਹ ਨਤੀਜਾ ਕੱਢਦਾ ਹੈ ਕਿ ਸ਼ਹਿਰੀ ਖੇਤਰ ਅੰਦਰ ਸੱਨਅਤੀ ਵਿਕਾਸ ਦੇ ਸੰਕਟ ਕਾਰਨ ਇਹ ਖੇਤਰ ਖੇਤੀਬਾੜੀ ਵਿੱਚ ਲੱਗੀ ਹੋਈ ਕਿਰਤ ਸ਼ਕਤੀ ਨੂੰ ਝੱਲਣ ਦੀ ਹਾਲਤ ਵਿੱਚ ਨਹੀਂ ਹੈ। ਪਰ 'ਲਾਲ ਪਰਚਮ' ਦੇ ਪੇਂਡੂ ਅਬਾਦੀ ਦੇ ਅੰਕੜੇ ਵਿੱਚ, ਪਿੰਡਾਂ ਤੋਂ ਸ਼ਹਿਰਾਂ ਵੱਲ ਸੀਜ਼ਨਲ ਪ੍ਰਵਾਸ ਕਰਨ ਵਾਲ਼ੀ ਅਬਾਦੀ ਸ਼ਾਮਿਲ ਨਹੀਂ ਹੈ ਅਤੇ ਨਾ ਹੀ ਉਹ ਅਬਾਦੀ ਸ਼ਾਮਿਲ ਹੈ ਜੋ ਰਹਿੰਦੀ ਤਾਂ ਪਿੰਡ ਵਿੱਚ ਹੈ ਪਰ ਕੰਮ ਕਰਨ ਲਈ ਸ਼ਹਿਰ ਜਾਂਦੀ ਹੈ। ਜੇਕਰ 'ਲਾਲ ਪਰਚਮ' ਦੇ ਅੰਕੜੇ ਵਿੱਚ ਇਹ ਅਬਾਦੀ ਵੀ ਸ਼ਾਮਿਲ ਕਰ ਲਈਏ ਤਾਂ 'ਲਾਲ ਪਰਚਮ' ਦਾ ਪੇਂਡੂ ਅਬਾਦੀ ਦਾ ਅੰਕੜਾ ਹੋਰ ਹੇਠਾਂ ਆ ਜਾਵੇਗਾ। ਭਾਰਤ ਵਿੱਚ ਸ਼ਹਿਰੀਕਰਨ ਦੀ ਧੀਮੀ ਰਫ਼ਤਾਰ ਤੋਂ 'ਲਾਲ ਪਰਚਮ' ਇੱਥੋਂ ਦੇ ਪੂੰਜੀਵਾਦ ਨੂੰ 'ਰੋਗ ਗ੍ਰਸਤ' ਐਲਾਨ ਦਿੰਦਾ ਹੈ ਅਤੇ ਕਈ ਹੋਰ ਕਮਿਊਨਿਸਟ ਗਰੁੱਪ ਭਾਰਤ ਵਿੱਚ ਪੇਂਡੂ ਅਬਾਦੀ ਦੀ 'ਬਹੁਤਾਤ' ਤੋਂ ਇੱਥੋਂ ਦੇ ਅਰਥਚਾਰੇ ਦਾ ਜਗੀਰੂ/ਅਰਧ-ਜਗੀਰੂ ਹੋਣਾ ਸਾਬਤ ਕਰਦੇ ਹਨ। ਆਓ ਅਸੀਂ ਭਾਰਤ ਵਿੱਚ ਸ਼ਹਿਰੀਕਰਨ ਦੀ ਰਫ਼ਤਾਰ ਦੀ ਤੁਲਨਾ ਯੂਰਪ ਅਤੇ ਇਸ ਦੇ ਵੱਖ-ਵੱਖ ਦੇਸ਼ਾਂ 'ਚ ਸ਼ਹਿਰੀਕਰਨ ਦੀ ਰਫ਼ਤਾਰ ਨਾਲ਼ ਕਰਦੇ ਹਾਂ ਅਤੇ ਦੇਖਦੇ ਹਾਂ ਕਿ ਦੋਹਾਂ ਵਿੱਚ ਕੀ ਫਰਕ ਹੈ। ਯੂਰਪ ਅਤੇ ਇਸ ਦੇ ਵੱਖ-ਵੱਖ ਦੇਸ਼ਾਂ ਦੇ ਅਸੀਂ 19ਵੀਂ ਸਦੀ ਦੇ ਅੰਕੜੇ ਲਵਾਂਗੇ ਅਤੇ ਭਾਰਤ ਦੇ 20 ਵੀਂ ਸਦੀ ਦੇ ਮਗਰਲੇ ਅੱਧ ਦੇ। ਕਿਉਂਕਿ ਦੋਹਾਂ ਥਾਂਵਾਂ ਲਈ

ਚੁਣਿਆ ਗਿਆ ਇਹ ਸਮਾਂ ਹੀ ਇਹਨਾਂ ਥਾਵਾਂ 'ਤੇ ਤੇਜ਼ ਰਫ਼ਤਾਰ ਪੂੰਜੀਵਾਦੀ ਵਿਕਾਸ ਦਾ ਸਮਾਂ ਰਿਹਾ ਹੈ।

## ਕੁੱਲ ਵਸੋਂ ਦੇ ਪ੍ਰਤੀਸ਼ਤ ਵਜੋਂ ਸ਼ਹਿਰੀ ਵਸੋਂ

| ਯੂਰਪ | ਬ੍ਰਿਟੇਨ | ਫਰਾਂਸ | ਜਰਮਨੀ |
|---|---|---|---|
| 1800–14.5% | 1800– | 1801–20.5% | 1816–26.5% |
| 1850–22.3% | 1851–50.4% | 1851–25.5% | 1849–28.3% |
| 1880–32.4% | 1881–67% | 1891–37.4% | 1880–41.4% |

ਸ੍ਰੋਤ — www.hku.hk/history/hist2046/shocitiesstates.doc

## ਭਾਰਤ ਦੀ ਸ਼ਹਿਰੀ ਵਸੋਂ ਕੁੱਲ ਵਸੋਂ ਦੇ ਪ੍ਰਤੀਸ਼ਤ ਵਜੋਂ

| | |
|---|---|
| 1951 | 17.3% |
| 1961 | 18.0% |
| 1971 | 19.9% |
| 1981 | 23.3% |
| 1991 | 25.7% |
| 2001 | 30.5% |

ਸ੍ਰੋਤ — ਸ਼ਹਿਰੀ ਮਾਮਲਿਆਂ ਦਾ ਮੰਤਰਾਲਾ।

ਉਪਰੋਕਤ ਅੰਕੜਿਆਂ 'ਤੇ ਗੌਰ ਕਰੀਏ ਤਾਂ ਭਾਰਤ ਵਿੱਚ ਸ਼ਹਿਰੀਕਰਨ ਦੀ ਰਫ਼ਤਾਰ ਅਤੇ ਯੂਰਪ (ਇਸਦੇ ਤਿੰਨ ਮਹੱਤਵਪੂਰਨ ਦੇਸ਼ਾਂ ਸਮੇਤ) 'ਚ ਸ਼ਹਿਰੀਕਰਨ ਦੀ ਰਫ਼ਤਾਰ ਵਿੱਚ ਕੋਈ ਬਹੁਤਾ ਫਰਕ ਨਜ਼ਰ ਨਹੀਂ ਆਉਂਦਾ। ਹਾਂ ਇੰਗਲੈਂਡ, ਜੋ ਦੁਨੀਆਂ ਦਾ ਸਭ ਤੋਂ ਪੁਰਾਣਾ ਅਤੇ ਪਹਿਲਾ ਪੂੰਜੀਵਾਦੀ ਦੇਸ਼ ਹੈ ਇਥੇ ਹਾਲਤ ਕੁੱਝ ਭਿੰਨ ਜ਼ਰੂਰ ਹੈ। ਪਰ ਇੱਥੇ ਤਾਂ ਬਹੁਤ ਪਹਿਲਾਂ ਹੀ ਪੂੰਜੀਵਾਦੀ ਵਿਕਾਸ ਦੀ ਪ੍ਰੀਕ੍ਰਿਆ ਸ਼ੁਰੂ ਹੋ ਗਈ ਸੀ ਜਿਸਦੇ ਅੰਕੜੇ ਸਾਡੇ ਕੋਲ਼ ਉਪਲਭਧ ਨਹੀਂ ਹਨ। ਸਮੁੱਚੇ ਯੂਰਪ ਵਿੱਚ 1800 ਤੋਂ ਲੈਕੇ 1880 ਤੱਕ ਦੇ 80 ਸਾਲਾਂ ਵਿੱਚ ਸ਼ਹਿਰੀ ਅਬਾਦੀ ਵਿੱਚ ਮਹਿਜ਼ 17.9% ਵਾਧਾ ਹੋਇਆ। ਫਰਾਂਸ, ਜੋ ਕਿ ਕਲਾਸਿਕੀ ਬੁਰਜੂਆ ਇਨਕਲਾਬ ਦੀ ਧਰਤੀ ਰਿਹਾ ਹੈ, ਵਿੱਚ 1801 ਤੋਂ 1891 ਤੱਕ ਦੇ 90 ਸਾਲਾਂ 'ਚ ਸ਼ਹਿਰੀ ਅਬਾਦੀ ਵਿੱਚ ਮਹਿਜ਼ 16.9% ਇਜ਼ਾਫ਼ਾ ਹੋਇਆ। ਇੱਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਗੱਲ ਇਹ ਹੈ ਕਿ ਫਰਾਂਸੀਸੀ ਬੁਰਜੂਆ ਇਨਕਲਾਬ (1789) ਤੋਂ ਲਗਭਗ ਸੌ ਸਾਲ ਬਾਅਦ ਵੀ ਇੱਥੇ ਪੇਂਡੂ ਅਬਾਦੀ ਬਹੁ–ਗਿਣਤੀ (68.8%) ਵਿੱਚ ਸੀ। ਜਰਮਨੀ ਵਿੱਚ ਵੇਖੀਏ ਤਾਂ 1816 ਤੋਂ 1880 ਦਰਮਿਆਨ ਦੇ 64 ਸਾਲਾਂ ਵਿੱਚ ਸ਼ਹਿਰੀ

ਅਬਾਦੀ ਵਿੱਚ 14.9 % ਵਾਧਾ ਹੋਇਆ ਹੈ। ਦੂਜੇ ਪਾਸੇ ਭਾਰਤ ਵਿੱਚ 1951 ਤੋਂ 2001 ਤੱਕ ਦੇ 50 ਸਾਲਾਂ ਵਿੱਚ ਸ਼ਹਿਰੀ ਅਬਾਦੀ ਵਿੱਚ 13.2% ਵਾਧਾ ਹੋਇਆ ਹੈ। ਜੇਕਰ 'ਪਰਚਮ' ਦੇ ਪੇਂਡੂ ਅਬਾਦੀ ਦੇ ਅੰਕੜੇ (65-68%) ਨੂੰ ਸਹੀ ਮੰਨੀਏ ਤਾਂ ਇਥੇ ਪੂੰਜੀਵਾਦੀ ਵਿਕਾਸ ਦੇ 60 ਸਾਲਾਂ ਵਿੱਚ ਹੀ ਪੇਂਡੂ ਅਬਾਦੀ ਓਨੀ ਰਹਿ ਗਈ ਹੈ ਜਿੰਨੀ ਫਰਾਂਸੀਸੀ ਇਨਕਲਾਬ ਦੇ 100 ਸਾਲ ਬਾਅਦ ਰਹਿ ਗਈ ਸੀ। ਇਸ ਹਿਸਾਬ ਨਾਲ਼ ਤਾਂ ਇੱਥੇ ਸ਼ਹਿਰੀਕਰਨ ਦੀ ਰਫ਼ਤਾਰ ਕਲਾਸਿਕੀ ਬੁਰਜੂਆ ਇਨਕਲਾਬ ਦੀ ਧਰਤੀ (ਫਰਾਂਸ) ਤੋਂ ਵੀ ਤੇਜ਼ ਹੈ। ਇਸ ਲਈ ਸ਼ਹਿਰੀਕਰਨ ਦੀ ਧੀਮੀ ਰਫ਼ਤਾਰ ਤੋਂ ਇਥੋਂ ਦੇ ਪੂੰਜੀਵਾਦ ਦੇ 'ਰੋਗ ਗ੍ਰਸਤ' ਹੋਣ ਦੇ ਜਾਂ ਇੱਥੋਂ ਦੇ ਅਰਥਚਾਰੇ ਦੇ ਜਗੀਰੂ-ਅਰਧ ਜਗੀਰੂ ਹੋਣ ਜਿਹੇ ਸਿੱਟੇ ਕੱਢਣਾ, ਜਾਂ ਇਹ ਕਹਿਣਾ ਕਿ ਇਥੋਂ ਦਾ 'ਸੱਨਅਤੀ ਖੇਤਰ ਖੇਤੀ 'ਚੋਂ ਵਿਹਲੀ ਹੋਈ ਕਿਰਤ ਸ਼ਕਤੀ ਨੂੰ ਸਮੋ ਲੈਣ ਦੀ ਸ਼ਕਤੀ ਨਹੀਂ ਰੱਖਦਾ, ਹੱਦ ਦਰਜੇ ਦੀ ਅੰਤਰਮੁਖਤਾ ਹੈ।

## ਭਾਰਤ ਦੀ ਸਮਾਜੀ ਆਰਥਿਕ ਸੰਰਚਨਾ ਬਾਰੇ 'ਲਾਲ ਪਰਚਮ' ਦਾ ਭੰਬਲਭੂਸਾ

'ਲਾਲ ਪਰਚਮ' ਦੇ ਪੂਰਵਗਾਮੀਆਂ ਨੇ ਲੰਬੀ ਸੋਚ ਵਿਚਾਰ ਤੋਂ ਬਾਅਦ 1985 'ਚ ਭਾਰਤ ਨੂੰ ਸਾਮਰਾਜਵਾਦ ਤੋਂ ਸਿਆਸੀ ਤੌਰ 'ਤੇ ਅਜ਼ਾਦ ਇੱਕ ਪੂੰਜੀਵਾਦ ਮੁਲਕ ਐਲਾਨਿਆ ਸੀ। ਅਤੇ ਇਹ ਨਤੀਜਾ ਕੱਢਿਆ ਸੀ ਕਿ ਭਾਰਤ ਸਮਾਜਵਾਦੀ ਇਨਕਲਾਬ ਦੇ ਦੌਰ ਵਿੱਚ ਦਾਖਲ ਹੋ ਚੁੱਕਾ ਹੈ।(ਜੋ ਕਿ ਠੀਕ ਸੀ ਅਤੇ ਸ਼ਲਾਘਾਯੋਗ ਸੀ, ਭਾਰਤ ਦੀਆਂ ਜਟਿਲ ਸਮਾਜੀ ਆਰਥਿਕ ਹਾਲਤਾਂ ਦੀ ਅਜਿਹੀ ਸਹੀ ਤੇ ਸਟੀਕ ਸਮਝ 'ਤੇ ਪਹੁੰਚਣ ਲਈ ਉਸ ਪੀੜ੍ਹੀ ਦੇ ਕਮਿਊਨਿਸਟ ਹਮੇਸ਼ਾ ਨਵੀਂ ਪੀੜ੍ਹੀ ਦੇ ਕਮਿਊਨਿਸਟਾਂ ਦੇ ਸਤਿਕਾਰ ਦੇ ਪਾਤਰ ਰਹਿਣਗੇ)। 1985 ਤੋਂ ਹੀ ਲਾਲ ਪਰਚਮ ਦੇ ਪੂਰਵਗਾਮੀ 'ਜੈਕਾਰਾ' ਨੇ ਭਾਰਤੀ ਸਮਾਜ, ਇਨਕਲਾਬ ਦੇ ਪੜਾਅ ਸਬੰਧੀ ਇਸ ਸਮਝ ਨੂੰ ਜ਼ੋਰ ਸ਼ੋਰ ਨਾਲ਼ ਪ੍ਰਚਾਰਨਾ ਸ਼ੁਰੂ ਕਰ ਦਿੱਤਾ। 1990 ਤੋਂ ਇਹ ਕੰਮ ਲਾਲ ਪਰਚਮ ਨੇ ਸਾਂਭ ਲਿਆ। ਇਹਨਾਂ ਸਾਥੀਆਂ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਉਹ ਭਾਰਤ ਵਿੱਚ ਸਮਾਜਵਾਦੀ ਇਨਕਲਾਬ ਦੀ ਲੀਹ ਅਤੇ ਇਸ ਲੀਹ 'ਤੇ ਇਨਕਲਾਬੀ ਅਭਿਆਸ ਨੂੰ ਹੋਰ ਅੱਗੇ ਵਿਕਸਿਤ ਕਰਨਗੇ। ਪਰ 2005 ਵਿੱਚ ਅਚਾਨਕ ਇਹ ਭਾਰਤ ਨੂੰ ਅਰਧ-ਜਗੀਰੂ/ਅਰਧ-ਬਸਤੀ ਐਲਾਨ ਕੇ ਵਾਪਸ ਨਵ-ਜਮਹੂਰੀ ਇਨਕਲਾਬ ਦੇ ਪ੍ਰੋਗਰਾਮ 'ਤੇ ਚਲੇ ਗਏ। ਇਹਨਾਂ ਦੇ ਇਸ ਤਰਾਂ180 ਡਿਗਰੀ ਦੇ ਕੋਣ 'ਤੇ ਮੁੜ ਜਾਣ ਨੇ ਸਭ ਨੂੰ ਹੈਰਾਨ ਕਰ ਦਿੱਤਾ। ਅਤੇ ਹੁਣ 2010 ਵਿੱਚ, ਪ੍ਰਤੀਬੱਧ ਦੀ ਅਲੋਚਨਾ ਸਬੰਧੀ ਵਿਚਾਰ ਅਧੀਨ ਲੇਖ ਵਿੱਚ ਇਹਨਾਂ ਨੇ ਫੇਰ ਭਾਰਤ ਨੂੰ ਪੂੰਜੀਵਾਦੀ ਮੁਲਕ ਕਿਹਾ ਹੈ ਬੇਸ਼ੱਕ ਇਹਨਾਂ ਨੇ ਏਸ ਪੂੰਜੀਵਾਦ ਦੇ ਅੱਗੇ ਪਿਛੋਂ ਕਈ ਵਿਸ਼ੇਸ਼ਣ ਲਗਾਏ ਹਨ। 'ਲਾਲ ਪਰਚਮ' ਦੀ ਸਿਆਸੀ ਸਮਝ ਦੇ ਇਤਿਹਾਸ 'ਤੇ ਨਿਗਾਹ ਮਾਰੀਏ ਤਾਂ ਇਸ ਵਿੱਚ ਇਕਸਾਰਤਾ ਨਜ਼ਰ ਨਹੀਂ ਆਉਂਦੀ। ਹੁਣ ਵੀ ਭਾਰਤ ਦੀ ਸਮਾਜੀ ਆਰਥਿਕ ਸੰਰਚਨਾ ਬਾਰੇ 'ਲਾਲ ਪਰਚਮ' ਬੇਹੱਦ ਭੰਬਲਭੂਸੇ ਵਿੱਚ ਨਜ਼ਰ ਆਉਂਦਾ ਹੈ। ਇੱਕ ਪਾਸੇ ਉਹ ਭਾਰਤ ਵਿੱਚ ਪੂੰਜੀਵਾਦੀ

ਵਿਕਾਸ ਦੇਖਦਾ ਤੇ ਦੂਜੇ ਪਾਸੇ ਐਲਾਨ ਕਰਦਾ ਹੈ ਕਿ, "ਮਜ਼ਦੂਰਾਂ ਲਈ ਘਰਾਂ ਦੇ ਮਸਲੇ ਨਾਲ਼ੋਂ ਵੀ ਅੱਗੇ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਗਰੀਬ ਅਤੇ ਬੇਜ਼ਮੀਨੇ ਕਿਸਾਨਾਂ ਲਈ ਜ਼ਮੀਨ ਦੀ ਲੜਾਈ ਲੜਨਾ ਅਤੇ ਇਸਨੂੰ ਰਾਜਸੱਤਾ ਹਾਸਿਲ ਕਰਨ ਦੀ ਲੜਾਈ ਨਾਲ਼ ਜੋੜਨਾ ਕਮਿਊਨਿਸਟ ਇਨਕਲਾਬੀਆਂ ਦਾ ਪਛੜੇ ਦੇਸ਼ਾਂ ਅੰਦਰ ਇੱਕ ਪ੍ਰਮੁੱਖ ਕਾਰਜ ਰਿਹਾ ਹੈ।...ਭਾਰਤ ਦੇ ਬਹੁਤ ਸਾਰੇ ਹਿੱਸਿਆਂ ਅੰਦਰ ਅਜਿਹੇ ਸੰਘਰਸ਼ਾਂ ਦੀ ਅਜੇ ਵੀ ਪ੍ਰਸੰਗਕਤਾ ਬਣੀ ਹੋਈ ਹੈ।" ਭਾਰਤ ਵਿੱਚ ਪੂੰਜੀਵਾਦੀ ਵਿਕਾਸ ਨੂੰ ਵੀ ਮੰਨਣ ਅਤੇ ਇਸ ਦੇ ਨਾਲ਼ ਹੀ ਇੱਥੇ ਜ਼ਮੀਨਾਂ ਵੰਡਣ ਦੀ ਗੱਲ ਵੀ ਕਰਨਾ, ਇਹ ਦੋਵੇਂ ਪੋਜ਼ੀਸ਼ਨਾਂ ਬੇਮੇਲ਼ ਹਨ। 'ਲਾਲ ਪਰਚਮ' ਇਹ ਵੀ ਸਪੱਸ਼ਟ ਨਹੀਂ ਕਰਦਾ ਕਿ ਭਾਰਤ ਦੇ ਕਿਹੜੇ ਹਿੱਸਿਆਂ ਵਿੱਚ ਅਜਿਹੇ ਸੰਘਰਸ਼ਾਂ ਦੀ ਅਜੇ ਵੀ ਪ੍ਰਸੰਗਕਤਾ ਬਣੀ ਹੋਈ ਹੈ? ਜੇਕਰ ਇਸ ਸਬੰਧੀ 'ਲਾਲ ਪਰਚਮ' ਆਪਣੀ ਸਮਝ ਦਾ ਵਧੇਰੇ ਖੁਲਾਸਾ ਕਰੇ ਤਾਂ ਅਸੀਂ ਇਸ ਸਵਾਲ ਉੱਪਰ 'ਲਾਲ ਪਰਚਮ' ਨਾਲ਼ ਬਹਿਸ ਚਲਾਉਣੀ ਚਾਹਾਂਗੇ।

'ਲਾਲ ਪਰਚਮ' ਦਾ ਕਹਿਣਾ ਹੈ, "ਸਾਮਰਾਜੀ ਸੰਕਟ ਦੀਆਂ ਇਨ੍ਹਾਂ ਹਾਲਤਾਂ ਅੰਦਰ ਭਾਰਤ ਅੰਦਰ ਜੋ ਪੂੰਜੀਵਾਦੀ ਵਿਕਾਸ ਹੋ ਗਿਆ ਹੈ ਜਾਂ ਹੋ ਰਿਹਾ ਹੈ ਉਹ ਪੂਰੀ ਤਰਾਂ ਰੋਗ ਗ੍ਰਸਤ ਹੈ ਅਤੇ ਰੁੰਡਿਆ ਮਰੁੰਡਿਆ ਹੈ। ਇਸਦਾ ਖੇਤੀਬਾੜੀ ਅਤੇ ਸਨਅਤੀ ਵਿਕਾਸ ਨਾਲ਼ ਕੋਈ ਤਨੀ ਰਿਸ਼ਤਾ ਨਹੀਂ ਹੈ।" 'ਲਾਲ ਪਰਚਮ' ਦੀ ਇਹ ਸਮਝ ਬਹੁਤ ਹੀ ਅਜੀਬੋ ਗਰੀਬ ਹੈ। ਪੂੰਜੀਵਾਦੀ ਵਿਕਾਸ ਤਾਂ ਸੱਨਅਤੀ ਖੇਤਰ ਅਤੇ ਖੇਤੀ ਖੇਤਰ ਵਿੱਚ ਹੀ ਹੁੰਦਾ ਹੈ ਜਿਸ ਵਿੱਚ ਸੱਨਅਤ ਦੀ ਆਗੂ ਭੂਮਿਕਾ ਹੁੰਦੀ ਹੈ। ਜੇਕਰ ਇਥੇ ਹੋਣ ਵਾਲ਼ੇ ਪੂੰਜੀਵਾਦੀ ਵਿਕਾਸ ਦਾ ਇਹਨਾਂ ਦੋਹਾਂ ਖੇਤਰਾਂ ਨਾਲ਼ ਹੀ 'ਕੋਈ ਤਨੀ ਰਿਸ਼ਤਾ ਨਹੀਂ ਹੈ' ਤਾਂ ਕੀ ਇਹ ਪੂੰਜੀਵਾਦੀ ਵਿਕਾਸ ਹਵਾ ਵਿੱਚ ਹੋ ਰਿਹਾ ਹੈ?

ਅੱਗੇ ਲਾਲ ਪਰਚਮ ਲਿਖਦਾ ਹੈ ਕਿ, "ਇਸ ਵਿਕਾਸ ਨਮੂਨੇ ਤਹਿਤ ਇੱਕ ਪਾਸੇ ਖੇਤੀਬਾੜੀ ਅੰਦਰ ਹਰੇ ਇਨਕਲਾਬ ਦੇ ਖਿੱਤੇ ਵਿਕਸਤ ਹੋਏ ਹਨ ਪਰ ਦੂਸਰੇ ਪਾਸੇ ਹਿੰਦੋਸਤਾਨ ਦੇ ਕਾਫ਼ੀ ਵੱਡੇ ਖਿੱਤੇ ਅੰਦਰ ਖੇਤੀਬਾੜੀ ਬਹੁਤ ਹੀ ਪਛੜੇਪਣ ਦੀ ਹਾਲਤ ਵਿੱਚ ਹੈ।" 'ਲਾਲ ਪਰਚਮ' ਇਹ ਸਪੱਸ਼ਟ ਕਰਨ ਤੋਂ ਬਚਦਾ ਹੈ ਕਿ ਕੀ ਖੇਤੀਬਾੜੀ ਦੇ ਵਿਕਸਿਤ ਅਤੇ ਪੱਛੜੇ ਖਿੱਤਿਆਂ ਅੰਦਰ ਖੇਤੀ ਅੰਦਰ ਉਤਪਾਦਨ ਦੇ ਸਬੰਧ ਵੀ ਵੱਖ-ਵੱਖ ਹਨ? ਅਸਾਵਾਂ ਵਿਕਾਸ ਜਗੀਰਦਾਰੀ ਦੀ ਨਹੀਂ ਪੂੰਜੀਵਾਦ ਦੀ ਵਿਸ਼ੇਸ਼ਤਾ ਹੈ। ਇੱਕ ਪੂੰਜੀਵਾਦੀ ਖੇਤੀ ਵੀ ਕਿਤੇ ਪਛੜੀ ਤੇ ਕਿਤੇ ਵਧੇਰੇ ਵਿਕਸਿਤ ਹੋ ਸਕਦੀ ਹੈ। ਅਸੀਂ ਉਮੀਦ ਕਰਦੇ ਹਾਂ ਕਿ 'ਲਾਲ ਪਰਚਮ' ਭਵਿੱਖ ਵਿੱਚ ਇਸ ਵਿਸ਼ੇ 'ਤੇ ਆਪਣੀ ਸਮਝ ਦੀ ਵਧੇਰੇ ਵਿਆਖਿਆ ਕਰੇਗਾ।

ਅੱਗੇ 'ਲਾਲ ਪਰਚਮ' ਕਹਿੰਦਾ ਹੈ, "ਪੰਜਾਬ ਅੰਦਰ ਜੋ ਮਾੜਾ ਮੋਟਾ ਸਨਅਤੀਕਰਨ ਹੋਇਆ ਸੀ, ਅੱਜ ਉਹ ਵੀ ਮਝੱਟਿਆ ਗਿਆ ਹੈ। ਵੱਡੀ ਪੱਧਰ 'ਤੇ ਖੰਡ ਮਿੱਲਾਂ ਅਤੇ ਕਤਾਈ ਮਿੱਲਾਂ ਬੰਦ ਹੋ ਗਈਆਂ ਹਨ।" ਇੱਥੇ 'ਲਾਲ ਪਰਚਮ' ਦਾ ਲੇਖਕ ਆਪਣੀ ਤੁਅੱਸਬੀ ਅੰਤਰਮੁਖਤਾ ਕਾਰਨ ਅੰਸ਼ ਨੂੰ ਸਮੁੱਚ ਬਣਾ ਦਿੰਦਾ ਹੈ ਅਤੇ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਤੋਂ ਅੱਖਾਂ ਬੰਦ ਕਰ ਲੈਂਦਾ ਹੈ। ਪੰਜਾਬ ਵਿੱਚ ਗੰਨਾ ਅਤੇ ਕਤਾਈ ਮਿੱਲ ਸਨ ਹੀ ਕਿੰਨੀਆਂ

ਕਿ ਉਹ ਵੱਡੀ ਪੱਧਰ ’ਤੇ ਬੰਦ ਹੋ ਗਈਆਂ ਹਨ ? ਪੰਜਾਬ ਵਿੱਚ ਖੰਡ ਮਿੱਲਾਂ ਦੀ ਗਿਣਤੀ ਕੋਈ ਦਰਜਨ ਕੁ ਹੇਵਗੀ ਜਿਹਨਾਂ ਵਿੱਚ ਜ਼ਿਆਦਾਤਰ ਅਜੇ ਚੱਲ ਰਹੀਆਂ ਹਨ। ਹਾਂ ਇੱਥੇ ਚਾਰ ਪੰਜ ਕਤਾਈ ਮਿੱਲਾਂ ਜ਼ਰੂਰ ਬੰਦ ਹੋਈਆਂ ਹਨ। ਦੂਜੇ ਪਾਸੇ ਪੰਜਾਬ ਦਾ ਪ੍ਰਮੁੱਖ ਸੱਨਅਤੀ ਨਗਰ ਲੁਧਿਆਣਾ ਲਗਾਤਾਰ ਫੈਲ ਰਿਹਾ ਹੈ। ਇਸ ਦੇ ਬਾਹਰਵਾਰ ਖਾਸਕਰ ਮਾਛੀਵਾੜਾ, ਕੋਹਾੜਾ, ਸਮਰਾਲ਼ਾ ਸਾਈਡ ’ਤੇ ਦੂਰ-ਦੂਰ ਤੱਕ ਵੱਡੀਆਂ-ਵੱਡੀਆਂ ਮਿੱਲਾਂ ਲੱਗੀਆਂ ਹਨ ਅਤੇ ਲਗਾਤਾਰ ਲੱਗ ਰਹੀਆਂ ਹਨ। ਚੰਡੀਗੜ ਦੇ ਆਸ-ਪਾਸ ਲਾਲੜੂ, ਪਰਵਾਣੂ, ਬੱਦੀ-ਬਰੋਟੀਵਾਲ਼-ਨਾਲਾਗੜ੍ਹ ’ਚ ਵੱਡੀ ਪੱਧਰ ’ਤੇ ਸੱਨਅਤੀਕਰਨ ਹੋਇਆ ਹੈ। ਇਹ ਸਭ ਸੱਨਅਤੀ ਕੇਂਦਰ ਪਿਛਲੇ ਦੋ ਦਹਾਕਿਆਂ ਦੀ ਹੀ ਉਪਜ ਹਨ। ਫਿਲਹਾਲ ਇਸ ਵਿਸ਼ੇ ’ਤੇ ਏਨਾ ਹੀ, ਜੇਕਰ ‘ਲਾਲ ਪਰਚਮ’ ਇਸੇ ਵਿਸ਼ੇ ’ਤੇ ਬਹਿਸ ਅੱਗੇ ਵਧਾਏਗਾ ਤਾਂ ਅਸੀਂ ਫਿਰ ਹਾਜ਼ਰ ਹੋਵਾਂਗੇ।

## ਕੁੱਝ ਫੁਟਕਲ ਮਸਲੇ

‘ਲਾਲ ਪਰਚਮ’ ਪ੍ਰਤੀਬੱਧ ਉੱਪਰ ਆਪਣੀ ਟਿੱਪਣੀ ਵਿੱਚ ਸਿਰਫ਼ ਪੇਂਡੂ ਮਜ਼ਦੂਰਾਂ ਲਈ ਪਲਾਟਾਂ ਦੀ ਮੰਗ ਕਰਦਾ ਹੈ। ਸ਼ਹਿਰੀ ਮਜ਼ਦੂਰਾਂ ਬਾਰੇ ਉਹ ਬਿਲਕੁਲ ਚੁੱਪ ਹੈ। ਜਦ ਕਿ ਲਿਬਰੇਸ਼ਨ ਪੇਂਡੂ ਅਤੇ ਸ਼ਹਿਰੀ ਦੋਹਾਂ ਤਰਾਂ ਦੇ ਮਜ਼ਦੂਰਾਂ ਵਾਸਤੇ ਪਲਾਟਾਂ ਦੀ ਮੰਗ ਕਰਦੀ ਹੈ। ਅਤੇ ਅਸੀਂ ਵੀ ਆਪਣੀ ਅਲੋਚਨਾ ਵਿੱਚ ਕਿਹਾ ਸੀ ਕਿ ਭਾਵੇਂ ਪਿੰਡਾਂ ਦੇ ਮਜ਼ਦੂਰ ਹੋਣ ਭਾਵੇਂ ਸ਼ਹਿਰਾਂ ਦੇ, ਦੋਹਾਂ ਥਾਵਾਂ ਤੇ ਮਜ਼ਦੂਰਾਂ ’ਚ ਸੰਪੱਤੀ ਦੀ ਵੰਡ ਦੀ ਮੰਗ ਗਲਤ ਹੈ। ਪਰ ‘ਲਾਲ ਪਰਚਮ’ ਦਾ ਲੇਖਕ ਸ਼ਹਿਰੀ ਮਜ਼ਦੂਰਾਂ ਦੇ ਮਾਮਲੇ ਚੁੱਪ ਵੱਟ ਕੇ ਹੀ ਲੰਘ ਜਾਣਾ ਚਾਹੁੰਦਾ ਹੈ। ਕਿਉਂਕਿ ਸ਼ਹਿਰੀ ਮਜ਼ਦੂਰਾਂ ਦੀ ਅਵਾਸ ਸਮੱਸਿਆ ਸਬੰਧੀ ਬੋਲਣ ’ਤੇ ਇਸ ਦੀ ਪੋਜ਼ੀਸ਼ਨ ਹੋਰ ਵੀ ਹਾਸੋਹੀਣੀ ਹੋ ਜਾਵੇਗੀ। ਅੱਜ ਦੇ ਭਾਰਤ ਵਿੱਚ ਬੇਘਰਿਆਂ ਦੀ ਸਭ ਤੋਂ ਵੱਧ ਗਿਣਤੀ ਸ਼ਹਿਰਾਂ ਵਿੱਚ ਹੈ। ਜਿਸਦੀ ਚਰਚਾ ਅਸੀਂ ਆਪਣੇ ਪਿਛਲੇ ਅੰਕ ਦੇ ਲੇਖ ਵਿੱਚ ਕਰ ਆਏ ਹਾਂ। ਅਸੀਂ ਲਾਲ ਪਰਚਮ ਦੇ ਲੇਖਕ ਨੂੰ ਪੁੱਛਣਾ ਚਾਹਾਂਗੇ ਕਿ ਸ਼ਹਿਰੀ ਮਜ਼ਦੂਰਾਂ ਦੀ ਘਰਾਂ ਦੀ ਸਮੱਸਿਆ ਹੱਲ ਕਰਨ ਲਈ ਉਸ ਕੋਲ਼ ਕੀ ਪ੍ਰੋਗਰਾਮ ਹੈ ?

ਵੈਸੇ ਤਾਂ ਲਾਲ ਪਰਚਮ ਦਾ ਪੂਰਾ ਲੇਖ ਹੀ ਆਪਾ ਵਿਰੋਧਾਂ ਨਾਲ਼ ਭਰਿਆ ਹੋਇਆ ਹੈ, ਜਿਹਨਾਂ ਸਾਰਿਆਂ ਦੀ ਚਰਚਾ ਇੱਥੇ ਸੰਭਵ ਨਹੀਂ ਹੈ। ਬਸ ਕੁੱਝ ਨਮੂਨੇ ਵੇਖੋ —

ਲਾਲ ਪਰਚਮ ਲਿਖਦਾ ਹੈ, “ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਸਰਮਾਏਦਾਰੀ ਆਪਣੀ ਮੰਡੀ ਅਤੇ ਮੁਨਾਫ਼ੇ ਦੇ ਵਿਕਾਸ ਲਈ ਜਗੀਰਦਾਰੀ ਪ੍ਰਬੰਧ ਉੱਪਰ ਸੱਟ ਮਾਰ ਰਹੀ ਸੀ।” ਪਰ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਤਾਂ ਪਹਿਲਾਂ ਹੀ ਸਰਮਾਏਦਾਰੀ ਨੇ ਜਗੀਰਦਾਰੀ ਨੂੰ ਇਤਿਹਾਸ ਦੇ ਰੰਗ ਮੰਚ ਤੋਂ ਹਟਾ ਕੇ ਇਸ ਦੀ ਥਾਂ ਲੈ ਲਈ ਸੀ। ਤਾਂ ਫਿਰ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਜਗੀਰਦਾਰੀ ਕਿੱਥੋਂ ਆ ਗਈ ਜਿਸ ਉੱਪਰ ਸਰਮਾਏਦਾਰੀ ਸੱਟ ਮਾਰ ਰਹੀ ਸੀ ? ਸਰਮਾਏਦਾਰੀ ਪ੍ਰਬੰਧ ਸਥਾਪਤ ਹੋਣ ਤੋਂ ਪਹਿਲਾਂ ਇਸਦਾ ਜਗੀਰਦਾਰੀ ਨਾਲ਼ ਬਹੁਤ ਲੰਬਾ ਸੰਘਰਸ਼ ਚੱਲਦਾ ਰਿਹਾ ਹੈ। ਪਰ ਅਸੀਂ ਉਸ ਦੌਰ ਨੂੰ ਖੁੱਲ੍ਹੇ ਮੁਕਾਬਲੇ ਦੀ ਸਰਮਾਏਦਾਰੀ ਦਾ ਦੌਰ ਨਹੀਂ ਕਹਿ

ਸਕਦੇ।

'ਲਾਲ ਪਰਚਮ' ਸਾਡੇ 'ਤੇ ਇਹ ਦੋਸ਼ ਲਾਉਂਦਾ ਹੈ ਕਿ ਅਸੀਂ 'ਪੇਂਡੂ ਮਜ਼ਦੂਰਾਂ ਲਈ ਕੀਤੀ ਜਾਂਦੀ ਪਲਾਟਾਂ ਦੀ ਮੰਗ ਨੂੰ ਨਿੱਕ ਬੁਰਜੂਆ ਗਰਦਾਨਿਆ ਹੈ' ਕਿ ਅਸੀਂ ਯੁੱਧਨੀਤੀ ਅਤੇ ਦਾਅਪੇਚਾਂ ਵਿੱਚ ਕੋਈ ਅੰਤਰ ਨਹੀਂ ਕਰਦੇ ਕਿ ਅਸੀਂ ਹਮੇਸ਼ਾ ਮਜ਼ਦੂਰ ਜਮਾਤ ਲਈ ਇਨਕਲਾਬ ਦੇ ਯੁੱਧਨੀਤਕ ਨਿਸ਼ਾਨੇ ਦਾ ਹੀ ਰਟਣ-ਮੰਤਰ ਕਰਦੇ ਹਾਂ। ਪਰ ਅਸੀਂ ਤਾਂ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਕੋਈ ਮੌਲਿਕ ਗੱਲ ਨਹੀਂ ਕੀਤੀ ਅਸੀਂ ਤਾਂ ਬੱਸ ਇਸ ਸਵਾਲ ਉੱਪਰ ਏਂਗਲਜ਼ ਦੇ ਵਿਚਾਰਾਂ ਨੂੰ ਮੁੜ ਪੇਸ਼ ਕੀਤਾ ਹੈ। 'ਲਾਲ ਪਰਚਮ' ਦਾ ਲੇਖਕ ਏਂਗਲਜ਼ ਉੱਤੇ ਇਹੋ ਦੋਸ਼ ਕਿਉਂ ਨਹੀਂ ਲਾਉਂਦਾ ?

'ਲਾਲ ਪਰਚਮ' ਦਾ ਲੇਖਕ ਆਪਣੇ ਲੇਖ ਦੇ ਅੰਤ ਵਿੱਚ ਨਸੀਹਤ ਦੇਣ ਦੇ ਲਹਿਜ਼ੇ ਵਿੱਚ ਆ ਜਾਂਦਾ ਹੈ। ਉਹ ਲੈਨਿਨ ਦੇ ਹਵਾਲੇ ਨਾਲ਼ ਕਹਿੰਦਾ ਹੈ ਕਿ ਕਮਿਊਨਿਸਟਾਂ ਨੂੰ ਮਜ਼ਦੂਰਾਂ ਦੁਆਰਾ ਕੰਮ ਕਰਨ ਦੀਆਂ ਹਾਲਤਾਂ ਵਿੱਚ ਮਾਮੂਲੀ ਸੁਧਾਰਾਂ ਦੀ ਮੰਗ ਨੂੰ ਲੈਕੇ ਚਲਾਏ ਜਾਣ ਵਾਲ਼ੇ ਅੰਦੋਲਨਾਂ ਪ੍ਰਤੀ ਤਿਰਸਕਾਰ ਦਾ ਰੁੱਖ ਨਹੀਂ ਅਪਣਾਉਣਾ ਚਾਹੀਦਾ। ਕੀ ਪ੍ਰਤੀਬੱਧ ਦੀ ਅਜੇਹੀ ਕੋਈ ਸਮਝ ਹੈ ? ਅਜਿਹੀ ਸੋਚ ਨਾਲ਼ 'ਪ੍ਰਤੀਬੱਧ' ਦਾ ਕੋਈ ਦੂਰ ਦਾ ਵਾਸਤਾ ਵੀ ਨਹੀਂ ਹੈ ਕਿ ਮਜ਼ਦੂਰ ਅਨੇਕਾਂ ਛੋਟੀਆਂ ਛੋਟੀਆਂ ਆਰਥਿਕ, ਸਿਆਸੀ, ਸੁਧਾਰਾਂ ਸਬੰਧੀ ਜੱਦੋਜਹਿਦਾਂ ਵਿੱਚੋਂ ਲੰਘੇ ਬਿਨਾਂ ਸਿੱਧੇ ਹੀ ਇਨਕਲਾਬ ਲਈ ਲੜਨ ਲਈ ਤਿਆਰ ਹੋ ਜਾਣਗੇ। 'ਪ੍ਰਤੀਬੱਧ' ਦੇ ਪਿਛਲੇ ਅੰਕ ਪੜ੍ਹਕੇ ਕੋਈ ਵੀ ਜਾਣ ਸਕਦਾ ਹੈ ਕਿ 'ਪ੍ਰਤੀਬੱਧ' ਦੀ ਇਸ ਤਰ੍ਹਾਂ ਦੀ ਕੋਈ ਸੋਚ ਨਹੀਂ ਹੈ। ਅਸੀਂ ਇਸ ਪ੍ਰਸੰਗ ਵਿੱਚ ਲੈਨਿਨ ਦੇ ਵਿਚਾਰਾਂ ਨਾਲ਼ ਪੂਰੀ ਤਰਾਂ ਸਹਿਮਤ ਹਾਂ। 'ਲਾਲ ਪਰਚਮ' ਦੇ ਲੇਖਕ ਨੂੰ ਇਸ ਤਰਾਂ ਦੇ ਮਨਘੜਤ ਦੋਸ਼ ਮੜ੍ਹਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਸ ਨੂੰ ਸਾਡੀਆਂ ਲਿਖਤਾਂ ਨੂੰ ਅਧਾਰ ਬਣਾਕੇ ਹੀ ਸਾਡੀ ਅਲੋਚਨਾ ਕਰਨੀ ਚਾਹੀਦੀ ਹੈ।

ਅਸੀਂ ਇਨਕਲਾਬੀ ਪਰਿਪੇਖ ਤਹਿਤ ਕਿਰਤੀ ਲੋਕਾਂ ਦੇ ਜੀਵਨ ਵਿੱਚ ਮਾਮੂਲੀ ਤੋਂ ਮਾਮੂਲੀ ਸੁਧਾਰਾਂ ਲਈ ਸੰਘਰਸ਼ਾਂ ਦੀ ਹਮਾਇਤ ਕਰਦੇ ਹਾਂ। ਪਰ ਸੁਧਾਰਾਂ ਦੇ ਨਾਂ 'ਤੇ ਕਿਰਤੀ ਲੋਕਾਂ ਵਿੱਚ ਕਿਸੇ ਵੀ ਤਰਾਂ ਦਾ ਪਿਛਾਂਹ ਖਿੱਚੂ ਪ੍ਰੋਗਰਾਮ ਪ੍ਰਚਾਰਨ ਦੇ ਖਿਲਾਫ ਹਾਂ। ਮਜ਼ਦੂਰਾਂ ਵਿੱਚ ਜ਼ਮੀਨਾਂ ਦੀ ਵੰਡ, ਰਿਹਾਇਸ਼ ਲਈ ਪਲਾਟਾਂ ਦੀ ਮੰਗ ਅਜਿਹਾ ਹੀ ਪਿਛਾਂਹ ਖਿੱਚੂ ਪ੍ਰੋਗਰਾਮ ਹੈ, ਜੋ ਮਜ਼ਦੂਰਾਂ ਦੀ ਚੇਤਨਾ ਨੂੰ ਖੁੰਢਾ ਕਰਦਾ ਹੈ। ਇਸ ਤਰਾਂ ਦੇ ਪਿਛਾਖੜੀ ਸਿਧਾਂਤਾਂ, ਪ੍ਰੋਗਰਾਮਾਂ ਦੇ ਖਿਲਾਫ ਮਜ਼ਦੂਰ ਜਮਾਤ ਦੇ ਮਹਾਨ ਅਧਿਾਪਕਾਂ ਮਾਰਕਸ, ਏਂਗਲਜ਼ ਅਤੇ ਲੈਨਿਨ ਨੇ ਕਾਫੀ ਕੁੱਝ ਲਿਖਿਆ ਹੈ। ਲਾਲ ਪਰਚਮ ਦੇ ਲੇਖਕ ਜੀਓ ਕਦੇ ਕਦੇ ਇਹਨਾਂ ਮਹਾਨ ਆਗੂਆਂ ਦੀਆਂ (ਜਿਹਨਾਂ ਦਾ ਤੁਸੀਂ ਨਾਮ ਜਪਦੇ ਰਹਿੰਦੇ ਹੋ) ਲਿਖਤਾਂ ਦੇ ਪੰਨੇ ਵੀ ਪਲਟ ਲਿਆ ਕਰੋ।

**('ਪ੍ਰਤੀਬੱਧ', ਜੁਲਾਈ, 2010)**

# ਮਜ਼ਦੂਰ ਘਰਾਂ ਦੇ ਸਵਾਲ ’ਤੇ ਬਹਿਸ ਉੱਪਰ ਇੱਕ ਟਿੱਪਣੀ

• ਡਾ. ਸੁਖਦੇਵ
(ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਸੰਤ ਨਗਰ, ਜ਼ਿਲ੍ਹਾ ਸਿਰਸਾ।)

ਜਨਵਰੀ 2010 ਦੇ ਪ੍ਰਤੀਬੱਧ ਵਿੱਚ ਲਿਖੇ ਲੇਖ ‘ਮਾਲਵੇ ਦਾ ਮਜ਼ਦੂਰ ਅੰਦੋਲਨ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦੇ ਨਿੱਕ ਬੁਰਜੂਆ ਹੱਲ ਦਾ ਯਤਨ’ ਅਤੇ ਉਸ ਦੇ ਜਵਾਬ ਵਿੱਚ ਲਾਲ ਪਰਚਮ ਵਿੱਚ ਲਿਖਿਆ ਗਿਆ ਲੇਖ ‘ਮਜ਼ਦੂਰ ਘਰਾਂ ਦਾ ਮਸਲਾ ਅਤੇ ਪ੍ਰਤੀਬੱਧ ਦੀ ਟਿੱਪਣੀ’ ਨੇ ਭਾਰਤ ਦੀ ਇਨਕਲਾਬੀ ਲਹਿਰ ਨੂੰ ਪ੍ਰਭਾਵਤ ਕਰ ਰਹੇ ਕੁੱਝ ਬੇਹੱਦ ਮਹੱਤਵਪੂਰਨ ਸਵਾਲਾਂ ਨੂੰ ਸਾਮ੍ਹਣੇ ਲੈ ਆਂਦਾ ਹੈ। ਭਾਰਤੀ ਇਨਕਲਾਬੀ ਲਹਿਰ ਦਾ ਕਾਫੀ ਵੱਡਾ ਹਿੱਸਾ ਅਜੇ ਵੀ ਭਾਰਤ ਵਿੱਚ ਅਰਧ ਜਗੀਰੂ, ਅਰਧ-ਬਸਤੀਵਾਦੀ ਆਰਥਿਕ ਪ੍ਰਬੰਧ ਦਾ ਰਟਣ ਮੰਤਰ ਕਰਦਾ ਹੋਇਆ, ਦੇਸ਼ ਵਿੱਚ ਹੋਏ ਪੂੰਜੀਵਾਦੀ ਵਿਕਾਸ ਨੂੰ ਸੰਕਟ ਤੋਂ ਇਨਕਾਰੀ ਹੈ। ਇਸ ਮਾਮਲੇ ਵਿੱਚ ਲਾਲ ਪਰਚਮ ਦਾ ਭਾਰਤ ਵਿੱਚ ਪੂੰਜੀਵਾਦੀ ਵਿਕਾਸ ਨੂੰ ਤਸਲੀਮ ਕਰਨਾ ਸਵਾਗਤਯੋਗ ਕਦਮ ਹੈ। ਪ੍ਰੰਤੂ ਲਾਲ ਪਰਚਮ ਦੀ ਮਜ਼ਦੂਰ ਘਰਾਂ ਦੇ ਮਸਲੇ ’ਤੇ ਟਿੱਪਣੀ ਨੇ ਜੋ ਮਹੱਤਵਪੂਰਨ ਸਵਾਲ ਉਠਾਏ ਹਨ ਉਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਅਤੇ ਇਹ ਗੰਭੀਰ ਸਿਧਾਂਤਕ ਬਹਿਸ ਦੀ ਮੰਗ ਕਰਦੇ ਹਨ।

‘ਪਰਚਮ’ ਦੀ ਟਿੱਪਣੀ ਤੋਂ ਇਹ ਗੱਲ ਉਭਰਦੀ ਹੈ ਕਿ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਤੇ ਏਂਗਲਜ਼ ਵੱਲੋਂ ਲਿਖੇ ਗਏ ਵਿਚਾਰ, ਅੱਜ ਦੇ ਸਮੇਂ ਵਿੱਚ ਪ੍ਰਸੰਗਿਕ ਨਹੀਂ ਹਨ। ਇਹ ਉਸ ਸਮੇਂ ਲਿਖੇ ਗਏ ਜਦੋਂ ਆਜ਼ਾਦ ਮੁਕਾਬਲੇ ਦਾ ਪੂੰਜੀਵਾਦ ਸੀ। ਕਿਉਂਕਿ ਅੱਜ ਪੂੰਜੀਵਾਦ ਸਾਮਰਾਜ ਵਿੱਚ ਬਦਲ ਗਿਆ ਹੈ ਇਸ ਲਈ ਛੋਟੀ ਮਾਲਕੀ ਦੇ ਸਵਾਲ ’ਤੇ ਕਾਮਰੇਡ ਏਂਗਲਜ਼ ਦਾ ਨਜ਼ਰੀਆ ਵੇਲ਼ਾ ਵਿਹਾ ਚੁੱਕਾ ਹੈ। ਇੱਥੇ ਲੇਖਕ ਨਿੱਕ ਬੁਰਜੂਆ ਵਿਚਾਰਧਾਰਾ ਵਿਰੁੱਧ, ਮਾਰਕਸ, ਏਂਗਲਜ਼ ਅਤੇ ਲੈਨਿਨ ਵੱਲੋਂ ਲਈਆਂ ਗਈਆਂ ਸਿਧਾਂਤਕ ਪੁਜ਼ੀਸ਼ਨਾਂ ਦੇ ਸਵਾਲ ਨੂੰ, ਘਟਾ ਕੇ ਵੇਖ ਰਿਹਾ ਹੈ। ਮਾਰਕਸਵਾਦ, ਨਿੱਕ ਬੁਰਜੂਆ ਵਿਚਾਰਧਾਰਾਵਾਂ ਵਿਰੁੱਧ ਘੋਲ਼ ਵਿੱਚੋਂ, ਜਿੱਤ ਪ੍ਰਾਪਤ ਕਰਕੇ ਹੀ ਮਾਰਕਸਵਾਦ ਬਣਿਆ ਹੈ। ‘ਲਾਲ ਪਰਚਮ’ ਦੀ ਪੁਜ਼ੀਸ਼ਨ, ਨਿੱਕ-ਬੁਰਜੂਆ ਦ੍ਰਿਸ਼ਟੀਕੋਣ ਤੋਂ ਕੀਤੀ ਜਾਣ ਵਾਲ਼ੀ ਮਾਰਕਸਵਾਦ ਦੀ ਪੜਚੋਲ ਹੈ।

ਇਨ੍ਹਾਂ ਮੁਤਾਬਕ ਅੱਜ ਦੇ ਸਾਮਰਾਜੀ ਦੌਰ ਵਿੱਚ ਛੋਟੀ ਮਾਲਕੀ ਦੇ ਚਰਿੱਤਰ ਵਿੱਚ, ਆਜ਼ਾਦ ਮੁਕਾਬਲੇ ਦੇ ਕਲਾਸੀਕਲ ਪੂੰਜੀਵਾਦ ਦੇ ਮੁਕਾਬਲੇ, ਗੁਣਾਤਮਕ ਤਬਦੀਲੀ

ਹੋ ਚੁੱਕੀ ਹੈ। ਕੀ ਅਜਾਰੇਦਾਰ ਪੂੰਜੀ (ਜੋ ਸਾਮਰਾਜਵਾਦ ਦਾ ਆਧਾਰ ਹੈ) ਨੇ ਪੂੰਜੀਪਤੀਆਂ ਵਿੱਚ ਮੁਕਾਬਲੇਬਾਜ਼ੀ ਨੂੰ ਕਿਸੇ ਤਰ੍ਹਾਂ ਵੀ ਹੱਲ ਕਰ ਦਿੱਤਾ ਹੈ ? ਕੀ ਬਾਰ-ਬਾਰ ਛੋਟਾ ਪੱਧਰੀ ਉਤਪਾਦਨ ਪੈਦਾ ਨਹੀਂ ਹੋ ਰਿਹਾ ? ਕੀ ਇਨ੍ਹਾਂ ਦੇ ਕਹਿਣ ਅਨੁਸਾਰ ਭਾਰਤ ਵਿੱਚ ਜਿੱਥੇ ਪੂੰਜੀਵਾਦੀ ਵਿਕਾਸ ਰੋਗ ਗ੍ਰਸਤ, ਅਸਾਵਾਂ ਅਤੇ ਰੁੰਡਿਆ ਮਰੁੰਡਿਆ ਹੈ, ਕੀ ਇੱਥੇ ਛੋਟੇ ਮਾਲਕਾਂ ਦੀ ਬਹੁਤ ਵੱਡੀ ਗਿਣਤੀ ਮੌਜੂਦ ਨਹੀਂ ਜਿਸ ਨੂੰ ਇਹ ਖੁਦ ਵੀ ਤਸਲੀਮ ਕਰਦੇ ਹਨ ? ਜੋ ਛੋਟੇ ਮਾਲਕਾਂ ਦੀ ਬਹੁਤ ਵੱਡੀ ਗਿਣਤੀ ਮੌਜੂਦ ਹੈ ਤਾਂ ਕੀ ਇਨ੍ਹਾਂ ਦੀ ਵਿਚਾਰਧਾਰਾ ਵੀ ਮੌਜੂਦ ਨਹੀਂ ਹੋਵੇਗੀ ? ਇਨ੍ਹਾਂ ਦੇ ਕਹਿਣ ਅਨੁਸਾਰ ਇੱਕ ਪਾਸੇ ਹਰੇ ਇਨਕਲਾਬ ਦੇ ਸਿੱਟੇ ਵਜੋਂ ਖੇਤੀ ਵਿੱਚ ਪੂੰਜੀਵਾਦੀ ਵਿਕਾਸ ਹੋਇਆ ਹੈ ਅਤੇ ਦੂਜੇ ਪਾਸੇ ਖੇਤੀ ਵਿੱਚ ਬਹੁਤ ਹੀ ਪਛੜਿਆਪਣ ਹੀ ਮੌਜੂਦ ਹੈ। ਸ਼ਾਇਦ ਲੇਖਕ ਇਸ ਤੋਂ ਇਹ ਨਤੀਜਾ ਕੱਢਦਾ ਹੈ ਕਿ ਖੇਤੀ ਖੇਤਰ ਵਿੱਚ ਐਸੇ ਖਿੱਤੇ ਮੌਜੂਦ ਹਨ ਜਿੱਥੇ ਅਜੇ ਵੀ ਪੂਰਵ ਪੂੰਜੀਵਾਦੀ ਰਿਸ਼ਤਿਆਂ 'ਤੇ ਅਧਾਰਤ ਉਤਪਾਦਨ ਤੰਤਰ, ਭਾਰਤੀ ਰਾਜਨੀਤਕ-ਆਰਥਿਕ ਪ੍ਰਬੰਧ ਦੀ ਦਿਸ਼ਾ ਨੂੰ ਪ੍ਰਭਾਵਤ ਕਰਨ ਦੀ ਸਥਿਤੀ ਵਿੱਚ ਹੈ। ਇਨ੍ਹਾਂ ਮੁਤਾਬਕ ਖੇਤੀਬਾੜੀ ਦੀ ਪਛੜੇਪਣ ਦੀ ਹਾਲਤ ਤੋਂ ਇਲਾਵਾ, ਹਰੇ ਇਨਕਲਾਬ ਦੇ ਜਿਨ੍ਹਾਂ ਖਿੱਤਿਆਂ ਵਿੱਚ ਮਾੜਾ ਮੋਟਾ ਸਨਅਤੀਕਰਣ ਹੋਇਆ ਹੈ, ਖਾਸ ਕਰਕੇ ਪੰਜਾਬ ਵਿੱਚ, ਉਹ ਵੀ ਮੁੱਕਿਆ ਗਿਆ ਹੈ। ਵੱਡੀ ਪੱਧਰ 'ਤੇ ਖੰਡ ਮਿਲਾਂ ਅਤੇ ਕਤਾਈ ਮਿੱਲਾਂ ਬੰਦ ਹੋ ਚੁੱਕੀਆਂ ਹਨ। ਇਹ ਲਿਖਦੇ ਹਨ "ਹਿੰਦੋਸਤਾਨ ਦਾ ਸਨਅਤੀ ਖੇਤਰ ਜੋ ਬੁਰੀ ਤਰਾਂ ਸੰਕਟ ਦਾ ਸ਼ਿਕਾਰ ਹੈ ਉਹ ਖੇਤੀ 'ਚੋਂ ਵਿਹਲੀ ਹੋਈ ਕਿਰਤ ਸ਼ਕਤੀ ਨੂੰ ਆਪਣੇ ਅੰਦਰ ਸਮੋਂ ਲੈਣ ਦੀ ਸ਼ਕਤੀ ਨਹੀਂ ਰੱਖਦਾ। ਇਹੀ ਕਾਰਨ ਹੈ ਕਿ ਦੇਸ਼ ਦੀ ਕੁੱਲ ਪੈਦਾਵਾਰ 'ਚ ਖੇਤੀ ਬਾੜੀ ਦਾ ਹਿੱਸਾ ਘਟਣ ਦੇ ਬਾਵਜੂਦ ਖੇਤੀ ਵਿੱਚ ਲੱਗੀ ਕਿਰਤ ਸ਼ਕਤੀ ਕੁੱਲ ਕਿਰਤ ਸ਼ਕਤੀ ਦਾ ਅਜੇ ਵੀ 54 ਪ੍ਰਤੀਸ਼ਤ ਹੈ ਅਤੇ ਪੇਂਡੂ ਵਸੋਂ ਦੇਸ਼ ਦੀ ਕੁੱਲ ਵਸੋਂ ਦਾ 65-68 ਪ੍ਰਤੀਸ਼ਤ ਦੇ ਕਰੀਬ ਹੈ।" ਇਨ੍ਹਾਂ ਦੀ ਸਾਰੀ ਮਿਹਨਤ ਇਹ ਸਿੱਧ ਕਰਨ 'ਤੇ ਲਗੀ ਹੈ ਕਿ ਪੂੰਜੀਵਾਦੀ ਵਿਕਾਸ, ਉਸ ਤਰ੍ਹਾਂ ਨਹੀਂ ਹੋਇਆ ਜਿਸ ਤਰ੍ਹਾਂ ਯੂਰਪ ਵਿੱਚ ਹੋਇਆ ਸੀ। ਮਾਰਕਸ ਨੇ 'ਪੂੰਜੀ' ਦੇ ਵਿਸ਼ਲੇਸ਼ਣ ਲਈ, ਪੂੰਜੀਵਾਦ ਦੇ ਕਲਾਸੀਕਲ ਮਾਡਲ ਇੰਗਲੈਂਡ ਨੂੰ ਚੁਣਿਆ। ਪਰੰਤੂ ਪੂੰਜੀਵਾਦ ਵਿੱਚ ਕੰਮ ਕਰਦੀਆਂ ਮੁੱਖ ਵਿਰੋਧਤਾਈਆਂ ਅਤੇ ਪੂੰਜੀਵਾਦ ਦੇ ਵਿਕਾਸ ਦੇ ਨਤੀਜੇ ਵਜੋਂ ਪੈਦਾ ਹੁੰਦੇ ਮੁੱਖ ਰੁਝਾਨ, ਉਨ੍ਹਾਂ ਦੇਸ਼ਾਂ ਵਿੱਚ ਵੀ ਮੌਜੂਦ ਸਨ ਜਿੱਥੇ ਪੂੰਜੀਵਾਦ ਦਾ ਵਿਕਾਸ ਕਲਾਸੀਕਲ ਢੰਗ ਨਾਲ਼ ਨਹੀਂ ਸੀ ਹੋਇਆ। ਹਰੇਕ ਦੇਸ਼ ਦੀਆਂ ਭੌਤਿਕ ਅਤੇ ਇਤਿਹਾਸਕ ਹਾਲਤਾਂ ਦੇ ਵਖਰੇਵੇਂ ਦੇ ਬਾਵਜੂਦ ਆਪਣੀਆਂ-ਆਪਣੀਆਂ ਵਿਸ਼ੇਸ਼ਤਾਵਾਂ ਅਤੇ ਵਿਭਿੰਨਤਾਵਾਂ ਦੇ ਬਾਵਜੂਦ, ਇਤਿਹਾਸਕ ਤੌਰ 'ਤੇ ਹਰ ਜਗਾ ਸਾਮੰਤੀ ਸਬੰਧਾਂ ਨੂੰ, ਪੂੰਜੀਵਾਦੀ ਸਬੰਧਾਂ ਦੁਆਰਾ ਪਛਾੜਿਆ ਜਾ ਰਿਹਾ ਸੀ। ਭਵਿੱਖ ਦੇ ਕਮਿਊਨਿਸਟ ਸਮਾਜ ਦੀ ਸਥਾਪਨਾ ਲਈ ਹੋਣ ਵਾਲ਼ੇ ਮਹਾਨ ਸੰਘਰਸ਼ ਦੀਆਂ ਦੋਵੇਂ ਮੁੱਖ ਧਿਰਾਂ, ਪ੍ਰੋਲੇਤਾਰੀ ਅਤੇ ਬੁਰਜੂਆਜ਼ੀ, ਇਤਿਹਾਸ ਦੇ ਰੰਗ ਮੰਚ 'ਤੇ ਪ੍ਰਗਟ ਹੋ ਰਹੀਆਂ ਸਨ। ਕਿਰਤ ਅਤੇ ਪੂੰਜੀ ਵਿੱਚ ਹੋ ਰਹੇ ਮਹਾਨ ਸੰਘਰਸ਼ ਦੇ ਯੁੱਗ ਵਿੱਚ, ਵੇਲਾ ਵਿਹਾ ਚੁੱਕੀਆਂ ਜਮਾਤਾਂ ਦੀ ਪ੍ਰਤੀਕਿਰਿਆ ਅਤੇ ਵਿਚਾਰਧਾਰਾਵਾਂ, ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਸੰਦਰਭ ਵਿੱਚ,

ਮਜ਼ਦੂਰ ਜਮਾਤ ਦੀ ਵਿਚਾਰਧਾਰਾ ਮਾਰਕਸਵਾਦ ਲੈਨਿਨਵਾਦ ਨੂੰ, ਨਿੱਕ ਬੁਰਜੂਆ ਵਿਚਾਰਧਾਰਾ ਵਿਰੁੱਧ ਲਗਾਤਾਰ ਬੇਕਿਰਕ ਸੰਘਰਸ਼ ਕਰਨਾ ਪਿਆ। ਸੰਸਾਰ ਪੱਧਰ 'ਤੇ, ਮਜ਼ਦੂਰ ਜਮਾਤ ਦੇ ਸੰਘਰਸ਼ ਲਈ, ਪੂੰਜੀਵਾਦ ਦੇ ਕਲਾਸੀਕਲ ਮਾਡਲ ਇੰਗਲੈਂਡ ਵਿੱਚ, ਮਾਰਕਸ ਦੁਆਰਾ ਕੀਤੇ ਗਏ ਅਧਿਐਨ ਦੇ ਨਤੀਜੇ ਵਜੋਂ, ਵਿਕਸਤ ਕੀਤਾ ਗਿਆ ਸਿਧਾਂਤ, ਮੁੱਖ ਰਾਹ ਦਿਖਾਵਾ ਬਣ ਗਿਆ। ਹਰੇਕ ਵਿਗਿਆਨਕ ਪ੍ਰਯੋਗ ਵਾਂਗ, ਸਮਾਜ ਸ਼ਾਸਤਰ ਦੇ ਖੇਤਰ ਵਿੱਚ ਵੀ, ਮਾਰਕਸ ਨੇ ਪੂੰਜੀਵਾਦ ਦੇ ਆਦਰਸ਼ ਦੇਸ਼ ਇੰਗਲੈਂਡ ਨੂੰ ਚੁਣਿਆ। ਹੁਣ ਸਵਾਲ ਪੈਦਾ ਹੁੰਦਾ ਹੈ, ਕੀ ਜਿੱਥੇ ਆਦਰਸ਼ ਹਾਲਤਾਂ ਨਹੀਂ ਹਨ, ਉੱਥੇ ਉਸ ਪ੍ਰਯੋਗ ਦੁਆਰਾ ਕੱਢੇ ਗਏ ਨਤੀਜੇ ਅਪ੍ਰਸੰਗਿਕ ਹੋ ਜਾਂਦੇ ਹਨ ?

ਕਾਮਰੇਡ ਏਂਗਲਜ਼ ਦੇ ਰਿਹਾਇਸ਼ੀ ਘਰਾਂ ਸਬੰਧੀ ਵਿਚਾਰਾਂ ਨੂੰ ਰੱਦ ਕਰਨ ਲਈ, ਸਾਡੇ ਇਹਨਾਂ ਵਿਦਵਾਨ ਸਾਥੀਆਂ ਨੇ ਜੋ ਬਹਾਨਾ ਚੁਣਿਆ ਹੈ, ਕਿ ਇੱਥੇ ਵਿਕਾਸ ਦਾ ਮਾਡਲ, ਆਜ਼ਾਦ ਮੁਕਾਬਲੇ ਦੇ ਪੂੰਜੀਵਾਦ ਵਾਲ਼ਾ ਨਹੀਂ ਯਾਣੀ ਕਿ ਹੂ-ਬ-ਹੂ ਉਸ ਤਰ੍ਹਾਂ ਦਾ ਨਹੀਂ ਜਿਸ ਤਰਾਂ ਦਾ ਏਂਗਲਜ਼ ਦੇ ਸਾਮ੍ਹਣੇ ਸੀ। ਕੀ ਇਸ ਤਰ੍ਹਾਂ ਦੀ ਸਥਿਤੀ ਦੀ ਕਲਪਨਾ ਕੀਤੀ ਜਾ ਸਕਦੀ ਹੈ ? ਕੀ ਫਰਾਂਸ ਵਿੱਚ ਖੇਤੀਬਾੜੀ ਵਿਕਾਸ, ਇੰਗਲੈਂਡ ਤੋਂ ਬਿਲਕੁਲ ਅਲੱਗ ਤਰ੍ਹਾਂ ਨਹੀਂ ਸੀ ? ਕੀ ਜਰਮਨੀ ਅਤੇ ਰੂਸ ਵਿੱਚ ਪੂੰਜੀਵਾਦ ਦੀਆਂ ਆਪਣੀਆਂ ਵੱਖਰੀਆਂ ਹਾਲਤਾਂ ਕਰਕੇ, ਖੇਤੀ ਖੇਤਰ ਵਿੱਚ, ਛੋਟੇ ਮਾਲਕਾਂ ਦੀ ਬਹੁਤ ਵੱਡੀ ਗਿਣਤੀ ਮੌਜੂਦ ਨਹੀਂ ਸੀ ? ਕੀ ਇਨ੍ਹਾਂ ਵਿਭਿੰਨਤਾਵਾਂ ਤੋਂ ਇਹ ਨਤੀਜਾ ਕੱਢਿਆ ਜਾਏ ਕਿ ਫਰਾਂਸ, ਜਰਮਨੀ ਜਾਂ ਰੂਸ ਵਿੱਚ ਮਾਰਕਸ ਏਂਗਲਜ਼ ਵੱਲੋਂ ਵਿਕਸਿਤ, ਛੋਟੀ ਮਾਲਕੀ ਦੇ ਚਰਿੱਤਰ ਸਬੰਧੀ ਵਿਚਾਰ ਲਾਗੂ ਨਹੀਂ ਹੁੰਦੇ ? ਸਾਰੀਆਂ ਵਿਭਿੰਨਤਾਵਾਂ ਦੇ ਬਾਵਜੂਦ, ਪੂਰੇ ਪੂੰਜੀਵਾਦੀ ਦੌਰ ਵਿੱਚ ਜੋ ਚੀਜ਼ ਸਾਂਝੀ ਹੈ, ਉਹ ਹੈ ਪੂੰਜੀਵਾਦ ਦੁਆਰਾ, ਹਰ ਖੇਤਰ ਵਿੱਚ ਸਮੰਤੀ ਪ੍ਰਬੰਧ ਦਾ ਭੋਗ ਪਾਉਣਾ। ਪੂੰਜੀਵਾਦ ਦੇ ਇਸ ਬੇਕਿਰਕ ਵਿਕਾਸ ਦੇ ਦੌਰਾਨ, ਜਿੱਥੇ ਇੱਕ ਪਾਸੇ ਨਿੱਕ-ਬੁਰਜੂਆ ਜਮਾਤਾਂ ਦੇ ਉਜਾੜੇ ਦੀ ਪ੍ਰਕਿਰਿਆ ਲਗਾਤਾਰ ਚਲਦੀ ਹੈ। ਉੱਥੇ ਪੂੰਜੀਵਾਦੀ ਉਤਪਾਦਕ ਪ੍ਰਕ੍ਰਿਆ ਦੇ ਆਪਣੇ ਤਰਕ ਅਨੁਸਾਰ ਹੀ, ਬਾਰ-ਬਾਰ ਨਵੀਂ ਕਿਸਮ ਦਾ ਛੋਟਾ ਪੱਧਰੀ ਉਤਪਾਦਕ ਵੀ ਪੈਦਾ ਹੁੰਦਾ ਰਹਿੰਦਾ ਹੈ। ਛੋਟੇ ਮਾਲਕਾਂ ਦੀ ਵਿਚਾਰਧਾਰਾ ਦੇ ਖਿਲਾਫ ਮਾਰਕਸ, ਲੈਨਿਨ ਅਤੇ ਮਾਓ ਨੂੰ ਵਾਰ-ਵਾਰ ਕਿਉਂ ਲੜਨਾ ਪਿਆ ਕਿਉਂਕਿ ਛੋਟੇ ਮਾਲਕ ਅਤੇ ਮਜ਼ਦੂਰ ਨਾਲ਼ ਨਾਲ਼ ਰਹਿੰਦੇ ਹਨ। ਮਜ਼ਦੂਰ ਜਮਾਤ ਵਾਰ-ਵਾਰ ਛੋਟੇ ਮਾਲਕਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੁੰਦੀ ਹੈ। ਅਸੀਂ ਸ਼੍ਰੀ ਮਾਨ ਜੀ ਤੋਂ ਆਸ ਕਰਦੇ ਹਾਂ ਕਿ ਉਹ ਦੱਸਣ ਕਿ ਉਹ ਕਿਹੜੀਆਂ ਤਬਦੀਲੀਆਂ ਹਨ ਜਿੰਨਾ ਸਦਕਾ ਅੱਜ ਛੋਟੇ ਮਾਲਕਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਸਬੰਧੀ ਮਾਰਕਸ, ਏਂਗਲਜ਼, ਲੈਨਿਨ ਅਤੇ ਮਾਓ ਦੇ ਵਿਚਾਰਾਂ ਨੂੰ ਸੋਧਣ ਦੀ ਲੋੜ ਆ ਪਈ ਹੈ ?

ਇਸ ਸਾਰੇ ਵਿਚਾਰ ਮੰਥਨ ਤੋਂ ਲਾਲ ਪਰਚਮ ਦੇ ਸਾਥੀ ਸਿੱਟਾ ਕੱਢਦੇ ਹਨ ਕਿ "ਪੰਜਾਬ ਅੰਦਰ ਪੇਂਡੂ ਮਜ਼ਦੂਰਾਂ ਨੂੰ ਪਲਾਟਾਂ ਦੀ ਮੰਗ ਉੱਪਰ ਲਾਮਬੰਦ ਕਰਦੇ ਹੋਏ, ਇਸ ਸੰਘਰਸ਼ ਨੂੰ ਮਜ਼ਦੂਰ ਜਮਾਤ ਦੇ ਅੰਤਮ ਨਿਸ਼ਾਨੇ ਭਾਵ ਇਨਕਲਾਬ ਕਰਦੇ ਹੋਏ ਲੁੱਟ ਰਹਿਤ

ਪ੍ਰਬੰਧ ਦੀ ਸਥਾਪਨਾ ਕਰਨ ਦੇ ਕਾਰਜ ਨਾਲ਼ ਜੋੜਨ ਦੀ ਸਰਗਰਮੀ ਮਜ਼ਦੂਰ ਜਮਾਤ ਦੀ ਲਹਿਰ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਉਣ ਲਈ ਇੱਕ ਜ਼ਰੂਰੀ ਸਰਗਰਮੀ ਹੈ। ਪੇਂਡੂ ਮਜ਼ਦੂਰਾਂ ਦੀ ਪਲਾਟਾਂ ਦੀ ਮੰਗ ਅਤੇ ਅਜਿਹੀਆਂ ਹੋਰ ਫੌਰੀ ਮੰਗਾਂ ਉੱਪਰ ਮਜ਼ਦੂਰਾਂ ਨੂੰ ਲਾਮਬੰਧ ਕਰਨ ਦੇ ਕਾਰਜ ਨੂੰ ਅੱਖੋਂ ਪਰੋਖੇ ਕਰਕੇ, ਇਨਕਲਾਬ ਦਾ ਫੋਕਾ ਰਾਗ ਤਾਂ ਅਲਾਪਿਆ ਜਾ ਸਕਦਾ ਹੈ, ਪਰ ਇਸ ਦੀ ਸੇਵਾ ਕਦੇ ਵੀ ਨਹੀਂ ਕੀਤੀ ਜਾਂ ਸਕਦੀ।"

ਕੀ ਆਰਥਿਕ ਮੰਗਾਂ 'ਤੇ ਮਜ਼ਦੂਰਾਂ ਦੀ ਲਾਮਬੰਦੀ ਆਪਣੇ ਆਪ ਸਮਾਜਵਾਦੀ ਇਨਕਲਾਬ ਲਈ ਸਿਧਾਂਤਕ ਚੇਤਨਾ ਦੇ ਪੱਧਰ ਤੱਕ, ਮਜ਼ਦੂਰ ਅੰਦੋਲਨ ਨੇ ਉੱਚਾ ਚੁੱਕ ਸਕਦੀ ਹੈ? ਇਸ ਸਬੰਧੀ ਕਾਮਰੇਡ ਲੈਨਿਨ ਨੇ ਮਾਰਤੀਨੋਵ ਦੇ ਥੀਸਸ ਕਿ 'ਯਥਾਰਥਕ ਲਹਿਰ ਦਾ ਹਰ ਕਦਮ ਦਰਜਨਾਂ ਕਾਰਜ-ਕ੍ਰਮਾਂ ਨਾਲ਼ੋਂ ਵਧੇਰੇ ਮਹੱਤਵਪੂਰਣ ਹੈ' ਦੇ ਅਰਥਵਾਦੀ ਚਰਿੱਤਰ ਦੀ ਸਖਤ ਆਲੋਚਨਾ ਕਰਦੇ ਹੋਏ ਲਿਖਿਆ ਸੀ, "ਖੁਦ ਆਰਥਕ ਘੋਲ਼ ਨੂੰ ਰਾਜਸੀ ਖਾਸਾ ਦੇਣ ਸਬੰਧੀ ਵਾਕੰਸ਼ ਜਿਹੜਾ 'ਇੰਨਾਂ' ਗੰਭੀਰ ਅਤੇ ਇਨਕਲਾਬੀ ਜਾਪਦਾ ਹੈ, ਅਸਲ ਵਿੱਚ ਸੋਸ਼ਲ ਡੈਮੋਕਰੇਟਿਕ ਰਾਜਨੀਤੀ ਨੂੰ ਟਰੇਡ ਯੂਨੀਅਨ ਦੀ ਪੱਧਰ ਤੱਕ ਡੇਗਣ ਦੀ ਪ੍ਰੰਪਰਾਗਤ ਲੁੱਛਣਾ ਹੈ। "ਇਸਕਰਾ" ਦੇ ਇੱਕ-ਪਾਸੜਪੁਣੇ ਨੂੰ ਠੀਕ ਕਰਨ ਦੇ ਪਰਦੇ ਹੇਠ, ਜਿਹੜਾ ਕਿ ਇਹ ਕਿਹਾ ਜਾਂਦਾ ਹੈ, "ਨਿਸ਼ਚੇ ਨੂੰ ਬਣਾਉਣ ਨੂੰ ਜੀਵਨ ਨੂੰ ਇਨਕਲਾਬੀ ਬਣਾਉਣ ਤੋਂ ਉੱਪਰ ਰੱਖਦਾ ਹੈ", **ਆਰਥਕ ਸੁਧਾਰਾਂ ਲਈ ਘੋਲ਼** ਸਾਡੇ ਸਾਮ੍ਹਣੇ ਇਉਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਕੋਈ ਨਵੀਂ ਗੱਲ ਹੋਵੇ। ਖੁਦ ਵਾਕੰਸ਼ "ਆਰਥਿਕ ਘੋਲ਼ ਨੂੰ ਰਾਜਸੀ ਖਾਸਾ ਦੇਣ" ਦੇ ਅਰਥ, ਆਰਥਕ ਸੁਧਾਰਾਂ ਲਈ ਘੋਲ਼ ਤੋਂ ਬਿਨਾਂ ਕੁੱਝ ਨਹੀਂ। ਜੇ ਉਹਨੇ ਆਪਣੇ ਸ਼ਬਦਾਂ ਦੀ ਮਹੱਤਤਾ ਉੱਤੇ ਵਿਚਾਰ ਕੀਤੀ ਹੁੰਦੀ ਤਾਂ ਸ਼ਾਇਦ ਮਾਰਤੀਨੋਵ ਆਪ ਇਸ ਸਿੱਟੇ ਉੱਤੇ ਅਪੜ ਗਿਆ ਹੁੰਦਾ। ਆਪਣੀਆਂ ਸਭ ਤੋਂ ਭਾਰੀਆਂ ਤੋਪਾਂ ਦਾ ਰੁਖ "ਇਸਕਰਾ" ਵੱਲ ਕਰਦੇ ਹੋਏ ਉਹ ਕਹਿੰਦਾ ਹੈ, "ਸਾਡੀ ਪਾਰਟੀ ਨੂੰ ਚਾਹੀਦਾ ਸੀ ਕਿ ਉਹ ਹਕੂਮਤ ਤੋਂ ਆਰਥਕ ਲੁੱਟ ਚੋਂਘ, ਬੇਕਾਰੀ, ਕਾਲ ਆਦਿ, ਵਿਰੁੱਧ ਕਾਨੂੰਨੀ ਅਤੇ ਪ੍ਰਬੰਧਕੀ ਕੰਮਾਂ ਦੀ ਮੰਗ ਪੇਸ਼ ਕਰਦੀ ਅਤੇ ਉਹਨੂੰ ਕਰਨੀ ਚਾਹੀਦੀ ਸੀ" ('ਰਾਬੋਚੇਏ ਦੋਲੇ', ਅੰਕ 10, ਪੰਨੇ 42-43)। ਕਦਮਾਂ ਲਈ ਠੋਸ ਮੰਗਾਂ ਕੀ ਇਸ ਦਾ ਅਰਥ ਸਮਾਜੀ ਸੁਧਾਰਾਂ ਲਈ ਮੰਗ ਨਹੀਂ? ਅਸੀਂ ਇੱਕ ਵਾਰ ਫਿਰ ਨਿਰਪੱਖ ਪਾਠਕ ਤੋਂ ਪੁੱਛਦੇ ਹਾਂ, ਕੀ ਅਸੀਂ 'ਰਾਬੋਚੇਏ ਦੇਲੋ' ਵਾਦੀਆਂ (ਸ਼ਾਲਾ ਮੈਨੂੰ ਇਸ ਅੱਜ ਕਲ ਪ੍ਰਚਲਤ ਨਾਂ ਵਰਤਣ ਲਈ ਖਿਮਾ ਕੀਤਾ ਜਾਵੇ) ਵਿਰੁੱਧ ਭੰਡੀ ਪ੍ਰਚਾਰ ਕਰ ਰਹੇ ਹਾਂ ਜਦੋਂ ਅਸੀਂ ਉਨ੍ਹਾਂ ਨੂੰ ਗੁੱਝੇ ਬਰਨਸਟਾਈਨਵਾਦੀ ਕਹਿੰਦੇ ਹਾਂ, ਜਦੋਂ ਇਸਕਰਾ ਨਾਲ਼ ਆਪਣੇ **ਮਤਭੇਦ** ਦੇ ਬਿੰਦੂ ਵਜੋਂ ਉਹ ਆਰਥਕ ਸੁਧਾਰਾਂ ਲਈ ਘੋਲ਼ ਕਰਨ ਦਾ ਆਪਣਾ ਥੀਸਸ ਪੇਸ਼ ਕਰਦੇ ਹਨ?

ਇਨਕਲਾਬੀ ਸੋਸ਼ਲ ਡੈਮੋਕਰੇਸੀ ਨੂੰ ਸੁਧਾਰਾਂ ਲਈ ਘੋਲ਼ ਨੂੰ ਸਦਾ ਆਪਣੀਆਂ ਸਰਗਰਮੀਆਂ ਵਿੱਚ ਸ਼ਾਮਲ ਕੀਤਾ ਹੈ। ਪਰ ਉਹ "ਆਰਥਕ"ਐਜੀਟੇਸ਼ਨ ਨੂੰ ਹਕੂਮਤ ਅੱਗੇ, ਕੇਵਲ ਹਰ ਤਰਾਂ ਦੇ ਕਦਮਾਂ ਲਈ ਮੰਗਾਂ ਪੇਸ਼ ਕਰਨ ਲਈ ਨਹੀਂ ਸਗੋਂ (ਅਤੇ ਬੁਨਿਆਦੀ ਤੌਰ 'ਤੇ) ਇਹ ਮੰਗ ਪੇਸ਼ ਕਰਨ ਲਈ ਵਰਤਦੀ ਹੈ ਕਿ ਉਹ ਇੱਕ ਆਪ-ਹੁਦਰੀ ਹਕੂਮਤ ਹੋਣਾ

ਤਿਆਗ ਦੇਵੇ। ਇਸ ਤੋਂ ਵੱਧ, ਉਹ ਇਸ ਗੱਲ ਨੂੰ ਆਪਣਾ ਕਰਤੱਵ ਸਮਝਦੀ ਹੈ ਕਿ ਉਹ ਇਹ ਮੰਗ ਹਕੂਮਤ ਅੱਗੇ **ਕੇਵਲ** ਆਰਥਿਕ ਘੋਲ਼ ਦੇ ਆਧਾਰ ਉੱਤੇ ਹੀ **ਨਹੀਂ** ਸਗੋਂ ਆਮ ਤੌਰ ਉੱਤੇ ਸਰਵਜਨਕ ਅਤੇ ਰਾਜਸੀ ਜੀਵਨ ਦੇ ਸਾਰੇ ਪ੍ਰਗਟਾਵਾਂ ਦੇ ਆਧਾਰ ਉੱਤੇ ਪੇਸ਼ ਕਰੇ। ਮੁਕਦੀ ਗੱਲ, ਇਹ ਸੁਧਾਰਾਂ ਲਈ ਘੋਲ਼ ਨੂੰ, ਸਮੂਹ ਦੇ ਹਿੱਸੇ ਵਜੋਂ, ਆਜ਼ਾਦੀ ਅਤੇ ਸੋਸ਼ਲਿਜ਼ਮ ਲਈ ਘੋਲ਼ ਦੇ ਅਧੀਨ ਕਰਦੀ ਹੈ।" (ਲੈਨਿਨ ਚੋਣਵੀਆਂ ਕਿਰਤਾਂ ਬਾਰਾਂ ਸੰਚੀਆਂ ਵਿੱਚ (ਪੰਜਾਬੀ), ਸੈਂਚੀ ਪਹਿਲੀ ਪੰਨਾ 209-210) ਅੱਗੇ ਚਲਕੇ ਇਸੇ ਰਚਨਾ ਵਿੱਚ ਕਾਮਰੇਡ ਲੈਨਿਨ ਲਿਖਦੇ ਹਨ, "ਹੋਰ ਅੱਗੇ ਚਲਦੇ ਹੋਏ। ਲੱਜਿਤ ਢੰਗ ਨਾਲ਼ ਸੁਧਾਰਾਂ ਲਈ ਘੋਲ਼ ਨੂੰ "ਖੁਦ ਆਰਥਕ ਘੋਲ ਨੂੰ ਰਾਜਸੀ ਖਾਸਾ ਦੇਣ" ਦੇ ਬੜਬੋਲੇ ਥੀਸਸ ਪਿੱਛੇ ਲੁਕਾਉਂਦੇ ਹੋਏ, ਮਾਰਤੀਨੋਵ ਨੇ **ਅਨੰਨ ਤੌਰ 'ਤੇ ਆਰਥਕ (ਅਸਲ ਵਿੱਚ ਕਾਰਖਾਨਾ) ਸੁਧਾਰ** ਇਉਂ ਪੇਸ਼ ਕੀਤੇ ਹਨ ਜਿਵੇਂ ਉਹ ਨਵਾਂ ਨੁਕਤਾ ਹੋਣ। ਅਤੇ ਜਿੱਥੋਂ ਤੱਕ ਉਹਦੇ ਅਜਿਹਾ ਕਰਨ ਦਾ ਕਾਰਨ ਹੈ, ਅਸੀਂ ਇਹ ਨਹੀਂ ਜਾਣਦੇ। ਸ਼ਾਇਦ, ਬੇਧਿਆਨੀ? ਇਹਦੇ ਬਾਵਜੂਦ ਜੇ ਉਹਦੇ ਮਨ ਵਿੱਚ 'ਕਾਰਖਾਨਾ' ਸੁਧਾਰਾਂ ਤੋਂ ਬਿਨਾਂ ਕੁੱਝ ਹੋਰ ਹੈ ਤਾਂ, ਉਹਦਾ ਥੀਸਸ ਜਿਸਦੀ ਅਸਾਂ ਟੂਕ ਦਿੱਤੀ ਹੈ ਸਾਰਾ ਅਰਥ ਗੁਆ ਬਹਿੰਦਾ ਹੈ। ਸ਼ਾਇਦ ਉਹਨੇ ਅਜਿਹਾ ਇਸ ਲਈ ਕੀਤਾ ਕਿ ਉਹ ਇਸ ਗੱਲ ਨੂੰ ਸੰਭਵ ਅਤੇ ਸੰਭਾਵੀ ਸਮਝਦਾ ਹੈ ਕਿ ਹਕੂਮਤ ਕੇਵਲ ਆਰਥਿਕ ਖੇਤਰ ਵਿੱਚ "ਰਿਆਇਤਾਂ" ਦੇਵੇਗੀ? ਜੇ ਅਜਿਹਾ ਹੈ ਤਾਂ ਇਹ ਇੱਕ ਅਜੀਬ ਭਰਮ ਹੈ। ਕੋੜੇ ਮਾਰਨ, ਪਾਸਪਾਰਟਾਂ, ਭੋਂ ਦੇ ਨਿਸਤਾਰੇ ਲਈ ਅਦਾਇਗੀਆਂ, ਧਾਰਮਿਕ ਸੰਪ੍ਰਦਾਵਾਂ, ਸੈਂਸਰਸ਼ਿਪ, ਇਤਿ-ਆਦਿ ਦੇ ਖੇਤਰਾਂ ਵਿੱਚ ਰਿਆਇਤਾਂ ਸੰਭਵ ਹਨ ਅਤੇ ਦਿੱਤੀਆਂ ਜਾਂਦੀਆਂ ਹਨ। "ਆਰਥਿਕ" ਰਿਆਇਤਾਂ (ਜਾਂ ਨਕਲੀ ਰਿਆਇਤਾਂ), ਨਿਰਸੰਦੇਹ, ਹਕੂਮਤ ਦੇ ਦ੍ਰਿਸ਼ਟੀਕੋਣ ਤੋਂ ਸਭ ਤੋਂ ਸਸਤੀਆਂ ਅਤੇ ਸਭ ਤੋਂ ਲਾਹੇਵੰਦੀਆਂ ਹਨ, ਕਿਉਂਕਿ ਉਨ੍ਹਾਂ ਰਾਹੀਂ ਇਹ ਕਿਰਤੀ ਜਨਤਾ ਦਾ ਭਰੋਸਾ ਜਿੱਤਣ ਦੀ ਆਸ ਰੱਖਦੀ ਹੈ। ਐਨ ਇਸੇ ਕਾਰਨ, **ਇਹ ਲਾਜ਼ਮੀ ਹੈ** ਕਿ ਅਸੀਂ ਸੋਸ਼ਲ ਡੈਮੋਕਰੈਟ ਕਿਸੇ ਹਾਲਤ ਵਿੱਚ ਵੀ ਇਸ ਨਿਸ਼ਚੇ (ਜਾਂ ਭੁਲੇਖੇ) ਲਈ ਆਧਾਰ **ਨਾ ਦੇਵੀਏ** ਕਿ ਅਸੀਂ ਆਰਥਕ ਸੁਧਾਰਾਂ ਨੂੰ ਵਧੇਰੇ ਮਹੱਤਤਾ ਦੇਂਦੇ ਹਾਂ ਜਾਂ ਇਹ ਕਿ ਅਸੀਂ ਉਹਨਾਂ ਨੂੰ ਵਿਸ਼ੇਸ਼ ਤੌਰ ਉੱਤੇ ਮਹੱਤਵਪੂਰਨ ਸਮਝਦੇ ਹਾਂ, ਆਦਿ।" (ਉਪਰੋਕਤ ਪੰਨਾ 210-211)

ਅਸੀਂ ਲੰਬੇ ਹਵਾਲਿਆਂ ਲਈ ਪਾਠਕਾਂ ਤੋਂ ਖਿਮਾ ਚਾਹੁੰਦੇ ਹਾਂ। ਪਰੰਤੂ ਸਿਧਾਂਤਕ ਸਵਾਲਾਂ 'ਤੇ ਸਪਸ਼ਟਤਾ ਲਈ, ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕਾਂ ਦੇ ਲੰਬੇ ਹਵਾਲੇ ਦੇਣੇ ਜ਼ਰੂਰੀ ਹਨ ਜਿੰਨ੍ਹਾਂ ਮੁਤਾਬਕ ਅਰਥਵਾਦ ਮਜ਼ਦੂਰ ਜਮਾਤ ਦੀ ਬੁਰਜੂਆ ਰਾਜਨੀਤੀ ਹੈ।

ਸਮਾਜਵਾਦੀ ਇਨਕਲਾਬ ਲਈ ਮਜ਼ਦੂਰ ਜਮਾਤ ਦਾ ਸੰਘਰਸ਼ ਅੰਤ ਮਜ਼ਦੂਰ ਜਮਾਤ ਦੇ ਆਰਥਿਕ ਘੋਲ਼ਾਂ ਵਿੱਚ ਸਬੰਧਾਂ ਦਾ ਸਵਾਲ ਗੰਭੀਰ ਵਿਚਾਰ ਮੰਥਨ ਦੀ ਮੰਗ ਕਰਦਾ ਹੈ। ਇਹ ਠੀਕ ਹੈ ਕਿ ਮਾਰਕਸ-ਏਂਗਲਜ਼ ਦੇ ਸਮੇਂ ਤੋਂ ਲੈਕੇ ਅੱਜ ਤੱਕ, ਬਹੁਤ ਕੁੱਝ ਤਬਦੀਲ ਹੋ ਚੁੱਕਾ ਹੈ। ਇਸ ਸਾਰੇ ਦੌਰ ਵਿੱਚ ਪੂੰਜੀਵਾਦ ਜੋ ਆਪਣੀ ਅੰਤਮ ਮੰਜਲ ਸਾਮਰਾਜਵਾਦ ਦੇ ਦੌਰ ਵਿੱਚ, ਮਰਨ-ਆਸਣ ਅਵਸਥਾ ਵਿੱਚ ਸੀ, ਨੇ ਆਪਣੇ ਬੁੱਢੇ ਸਰੀਰ ਨੂੰ ਮਰਨ ਤੋਂ ਬਚਾਉਣ ਲਈ, ਜਿੱਥੇ ਇੱਕ ਪਾਸੇ ਕਈ ਨਵੇਂ ਨੁਸਖੇ ਇਜਾਦ ਕਰਕੇ (ਆਰਥਿਕ

ਅਤੇ ਰਾਜਨੀਤਕ ਦੋਹਾਂ ਪੱਧਰਾਂ ’ਤੇ ), ਆਸ ਨਾਲ਼ੋਂ ਵੱਧ ਹੰਢਣਸਾਰਤਾ ਵਿਖਾਈ ਹੈ, ਉਥੇ ਦੂਜੇ ਪਾਸੇ, ਮਜ਼ਦੂਰ ਅੰਦੋਲਨ ਅਤੇ ਖਾਸ ਕਰਕੇ ਮਜ਼ਦੂਰ ਵਿਚਾਰਧਾਰਾ ਅਤੇ ਫਲਸਫ਼ੇ ਦੇ ਖੇਤਰ ਵਿੱਚ ਸੋਧਵਾਦੀ ਅਤੇ ਨਿਮਨ-ਬੁਰਜੂਆ ਭਟਕਾਅ ਵੀ ਪੂੰਜੀਵਾਦ ਨੂੰ ਜ਼ਿੰਦਾ ਰੱਖਣ ਵਿੱਚ ਮਦਦਗਾਰ ਸਾਬਤ ਹੋਏ ਹਨ। ਸੋਵੀਅਤ ਸੰਘ ਵਿੱਚ ਪੂੰਜੀਵਾਦ ਦੀ ਬਹਾਲੀ ਅਤੇ ਚੀਨ ਵਿੱਚ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੀ ਹਾਰ ਦੇ ਕਾਰਨਾਂ ਵਿੱਚ, ਵਿਸ਼ਵ ਪੂੰਜੀਵਾਦ ਦੇ ਪੈਂਤੜੇ ਅਤੇ ਇਤਿਹਾਸਕ ਹਾਲਤਾਂ ਬੇਸ਼ੱਕ ਬੁਹਤ ਮਹੱਤਵਪੂਰਨ ਹਨ ਪਰੰਤੂ ਵਿਚਾਰਧਾਰਾ ਦੇ ਖੇਤਰ ਵਿੱਚ ਵੱਡੀ ਗਿਣਤੀ ਵਿੱਚ, ਨਿੱਕ-ਬੁਰਜੂਆ ਵਿਚਾਰਧਾਰਾ ਅਤੇ ਉਹਨਾਂ ਦੇ ਨੁਮਾਇੰਦਿਆਂ ਦੇ ਰੂਪ ਵਿੱਚ, ਪੂੰਜੀਪਤੀ ਮਾਰਗੀਆਂ ਦੇ ਮਜ਼ਦੂਰ ਜਮਾਤ ਦੀਆਂ ਪਾਰਟੀਆਂ ’ਤੇ ਕਬਜ਼ੇ ਨੇ, ਪੂੰਜੀਵਾਦ ਦੀ ਮੁੜ ਬਹਾਲੀ ਲਈ ਰਾਹ ਪੱਧਰਾ ਕੀਤਾ। ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕਾਂ ਦੇ ਤਜ਼ਰਬੇ ਨੂੰ ਅੱਜ ਦੀਆਂ ਹਾਲਤਾਂ ਵਿੱਚ ਲਾਗੂ ਕਰਨ ਵੇਲ਼ੇ ਜਿੱਥੇ ਅੱਜ ਦੀਆਂ ਬਦਲੀਆਂ ਹਾਲਤਾਂ ਦੇ ਗੰਭੀਰ ਅਧਿਐਨ ਦੀ ਲੋੜ ਹੈ ਉੱਥੇ ਇਸ ਗੱਲ ਦੀ ਹੋਰ ਵੀ ਜ਼ਰੂਰਤ ਹੈ ਕਿ ਬਦਲੀਆਂ ਹਾਲਤਾਂ ਦੇ ਨਾਂ ’ਤੇ ਮਾਰਕਸਵਾਦ, ਲੈਨਿਨਵਾਦ ਅਤੇ ਮਾਓਵਾਦ ਦੇ ਬੁਨਿਆਦੀ ਸਿਧਾਂਤਾਂ ਜਿੰਨ੍ਹਾਂ ਦੀ ਇਤਿਹਾਸ ਨੇ ਵਾਰ-ਵਾਰ ਪੁਸ਼ਟੀ ਕੀਤੀ ਹੈ, ਨੂੰ ਸੋਧਣ ਦੀ ਬਜਾਏ, ਉਨ੍ਹਾਂ ਅੰਦਰਲੀ ਮੁੱਖ ਗਿਰੀ ਨੂੰ ਆਤਮਸਾਤ ਕੀਤਾ ਜਾਏ।

ਮਾਰਕਸਵਾਦ-ਲੈਨਿਨਵਾਦ ਹੀ ਨਹੀਂ, ਹਰੇਕ ਵਿਗਿਆਨਕ ਸਿਧਾਂਤ ਦਾ ਪ੍ਰਸੰਗ ਨਾਲ਼ੋਂ ਤੋੜ ਕੇ ਰਟਣ ਮੰਤਰ ਕਰਨਾ, ਕੱਠਮੁਲਾਵਾਦ ਹੈ। ਪ੍ਰੰਤੂ ਕਠਮੁੱਲਾਵਾਦ ਦਾ ਇਲਜ਼ਾਮ ਲਾ ਕੇ, ਆਪਣੇ ਸੀਮਤ ਅਨੁਭਵਾਂ ਦੇ ਆਧਾਰ ’ਤੇ ਬਣਾਈਆਂ ਅੰਤਰਮੁਖੀ ਧਾਰਨਾਵਾਂ ਨੂੰ, ਗੰਭੀਰ ਵਿਗਿਆਨਕ ਸਿਧਾਂਤਾਂ ਦੇ ਤੁੱਲ ਰੱਖਣਾ, ਮਾਰਕਸਵਾਦ ਦਾ ਵਿਕਾਸ ਨਹੀਂ ਸਗੋਂ ਗੰਭੀਰ ਭਟਕਾਅ ਹੈ। ਹਰੇਕ ਵਿਗਿਆਨਕ ਸਿਧਾਂਤ ਦੀ ਜੀਵਨ ਦੇ ਅਨੁਭਵ ਅਤੇ ਅਭਿਆਸ ਵਿੱਚ ਪੁਸ਼ਟੀ ਹੁੰਦੀ ਹੈ, ਅਭਿਆਸ ਦੇ ਦੌਰਾਨ ਹੀ ਇਹ ਸਿਧਾਂਤ ਅਤੇ ਫਲਸਫਾ ਵਿਕਸਿਤ ਹੁੰਦੇ ਹਨ। ਸਿਧਾਂਤ ਅਤੇ ਅਭਿਆਸ ਦੇ ਦਵੰਦਵਾਦੀ ਸਬੰਧਾਂ ਨੂੰ ਸਮਝੇ ਬਿਨਾਂ, ਵਿਗਿਆਨ, ਫਲਸਫਾ ਅਤੇ ਵਿਚਾਰਧਾਰਾ ਵੀ ਜੜ੍ਹਸੂਤਰ ਬਣ ਜਾਂਦੇ ਹਨ। ਵਿਗਿਆਨ ਦੀ ਮਿਸਾਲ ਲੈਂਦੇ ਹਾਂ। ਵਿਗਿਆਨੀ ਲੰਬੇ ਅਤੇ ਗੁੰਝਲਦਾਰ ਪ੍ਰਯੋਗਾਂ ਦੇ ਅਮਲ ਵਿੱਚ ਇੱਕ ਸਿਧਾਂਤ ਵਿਕਸਿਤ ਕਰਦਾ ਹੈ ਅਤੇ ਉਹ ਸਿਧਾਂਤ ਵਿਗਿਆਨ ਦੇ ਉਸ ਵਿਸ਼ੇਸ਼ ਖੇਤਰ ਵਿੱਚ ਉਨੀ ਦੇਰ ਤੱਕ ਅਗਵਾਈ ਕਰਦਾ ਹੈ ਜਿੰਨੀ ਦੇਰ ਤੱਕ ਕੁੱਝ ਐਸੇ ਨਵੇਂ ਤੱਥ ਅਤੇ ਬਾਹਰਮੁਖੀ ਸਮੱਸਿਆਵਾਂ ਪੈਦਾ ਨਹੀਂ ਹੋ ਜਾਂਦੀਆਂ, ਜਿੰਨ੍ਹਾਂ ਦਾ ਹੱਲ, ਉਸ ਸਿਧਾਂਤਕ ਚੌਖਟੇ ਵਿੱਚ ਸੰਭਵ ਨਹੀਂ ਰਹਿੰਦਾ। ਐਸੀ ਸਥਿਤੀ ਆ ਜਾਂਦੀ ਹੈ ਜੋ ਗੁਣਾਤਮਕ ਤੌਰ ’ਤੇ ਉਸ ਪਹਿਲੀ ਸਿਥਤੀ ਤੋਂ ਭਿੰਨ ਹੁੰਦੀ ਹੈ ਜਿਸ ਵਿੱਚ ਪਹਿਲਾ ਸਿਧਾਂਤ ਵਿਕਸਿਤ ਹੋਇਆ ਹੁੰਦਾ ਹੈ। ਇਸ ਨਵੀਂ ਸਥਿਤੀ ਵਿਚਲੀਆਂ ਵਿਰੋਧਤਾਈਆਂ ਦਾ ਹੱਲ ਤਾਂ ਹੀ ਸੰਭਵ ਹੁੰਦਾ ਹੈ ਜੋ ਪਹਿਲਾਂ ਮੌਜੂਦ ਵਿਗਿਆਨਕ ਸਿਧਾਂਤ ਦੇ ਆਧਾਰ ’ਤੇ ਹੀ, ਨਵੀਆਂ ਹਾਲਤਾਂ ਮੁਤਾਬਕ ਸਿਧਾਂਤ ਦਾ ਵਿਕਾਸ ਹੋਵੇ। ਸਿਧਾਂਤ ਵਿੱਚ ਵਿਕਾਸ ਦੇ, ਵਸਤੂਗਤ ਹਾਲਾਤ ਮੌਜੂਦ ਹੋਣ ਦੇ ਬਾਵਜੂਦ, ਉਸ ਵਿੱਚ ਵਿਕਾਸ ਤਾਂ ਹੀ

ਸੰਭਵ ਹੈ ਜੇ ਵਿਗਿਆਨੀ ਉਸ ਤੋਂ ਵੀ ਵੱਡੇ ਅਤੇ ਸਿਧਾਂਤਕ ਪੱਧਰ 'ਤੇ ਉਚੇਰੇ ਪੱਧਰ ਦੇ ਪ੍ਰਯੋਗ ਵਿੱਚ ਪੈਣ।

ਇਸੇ ਤਰ੍ਹਾਂ ਮਾਰਕਸਵਾਦ 19ਵੀਂ ਸਦੀ ਦੀ ਫਲਸਫੇ ਦੇ ਖੇਤਰ ਵਿੱਚ ਇੱਕ ਮਹਾਨ ਉਪਲਭਧੀ ਹੈ। ਪੈਰਿਸ ਕਮਿਊਨ ਵਿਚਲੇ ਪਹਿਲੇ ਮਜ਼ਦੂਰ ਇਨਕਲਾਬ ਨੇ, ਇਸ ਨੂੰ ਅਮੀਰ ਕੀਤਾ। ਰੂਸ ਦੀ ਬਾਲਸ਼ਵਿਕ ਪਾਰਟੀ ਦੀ ਅਗਵਾਈ ਵਿੱਚ, ਮਹਾਨ ਅਕਤੂਬਰ ਇਨਕਲਾਬ ਦੇ ਪ੍ਰਯੋਗ ਦੌਰਾਨ, ਕਾਮਰੇਡ ਲੈਨਿਨ ਨੇ ਮਾਰਕਸਵਾਦ ਦਾ ਵਿਕਾਸ ਕੀਤਾ ਅਤੇ ਨਤੀਜੇ ਵਜੋਂ 20ਵੀਂ ਸਦੀ ਸਮਾਜਵਾਦੀ ਇਨਕਲਾਬਾਂ ਦੇ ਪਹਿਲੇ ਪ੍ਰਯੋਗਾਂ ਦੀ ਸਦੀ ਬਣ ਗਈ। ਅੱਗੇ ਜਾ ਕੇ ਸਮਾਜਵਾਦੀ ਦੇਸ਼ਾਂ ਵਿੱਚ ਇਨਕਲਾਬ ਨੂੰ ਜਾਰੀ ਰੱਖਣ ਦੇ, ਗੁਣਾਤਮਕ ਤੌਰ 'ਤੇ ਵੱਖਰੇ ਕਾਰਜ ਦਾ ਸਾਮ੍ਹਣਾ ਹੋਣ 'ਤੇ ਮਜ਼ਦੂਰ ਜਮਾਤ ਦੇ ਮਹਾਨ ਆਗੂ ਕਾਮਰੇਡ ਮਾਓ ਦੀ ਅਗਵਾਈ ਵਿੱਚ, ਮਹਾਨ ਸਭਿਆਚਾਰਕ ਇਨਕਲਾਬ ਦੇ ਰੂਪ ਵਿੱਚ, ਸਮਾਜਵਾਦੀ ਲਹਿਰ, ਅਰਥਸ਼ਾਸਤਰ ਅਤੇ ਫਲਸਫੇ ਦੇ ਖੇਤਰ ਵਿੱਚ ਮਹਾਨ ਪ੍ਰਯੋਗ ਹੋਏ ਜਿਨਾਂ ਵਿੱਚ, ਮਾਰਕਸਵਾਦ ਲੈਨਿਨਵਾਦ ਦਾ ਵਿਕਾਸ ਹੋਇਆ। ਅਸੀਂ ਕਹਿ ਸਕਦੇ ਹਾਂ ਕਿ ਮਾਓਵਾਦ, ਅੱਜ ਦੇ ਯੁੱਗ ਦਾ ਮਾਰਕਸਵਾਦ ਲੈਨਿਨਵਾਦ ਹੈ। ਮਾਰਕਸਵਾਦ ਕੋਈ ਜੜ ਸੂਤਰ ਨਹੀਂ ਹੈ। ਇਹ ਲਗਾਤਾਰ ਵਿਕਸਿਤ ਹੋਣ ਵਾਲ਼ਾ ਵਿਗਿਆਨ ਹੈ। ਵਿਗਿਆਨ ਦੇ ਹਰੇਕ ਖੇਤਰ ਵਾਂਗ, ਇਸ ਵਿੱਚ ਵਿਕਾਸ ਲਈ ਵੀ, ਪਹਿਲੇ ਇਨਕਲਾਬਾਂ ਤੋਂ ਵੀ ਵੱਡੇ ਇਨਕਲਾਬਾਂ ਦੇ ਪ੍ਰਯੋਗ ਦਰਕਾਰ ਹਨ। ਇਸ ਤੋਂ ਘੱਟ ਮਾਰਕਸਵਾਦ ਦੀ ਪੜਚੋਲ, ਮਾਰਕਸਵਾਦ ਵਿੱਚ ਵਿਕਾਸ ਦੀ ਬਜਾਏ, ਨਿੱਕ-ਬੁਰਜੂਆ ਭਟਕਾਅ ਦੇ ਰੂਪ ਵਿੱਚ ਹੀ ਸੰਭਵ ਹੈ। ਜਿਵੇਂ ਕਿ ਸਾਡੇ ਇਸ ਲੇਖ ਵਿੱਚ ਪਹਿਲਾਂ ਵੀ ਜਿਕਰ ਕੀਤਾ ਗਿਆ ਹੈ ਕਿ ਅਰਥਵਾਦੀ ਪੈਂਤੜੇ ਤੋਂ ਲੜੇ ਜਾਣ ਵਾਲ਼ੇ ਮਜ਼ਦੂਰ ਅੰਦੋਲਨਾਂ ਨੂੰ, ਕਾਮਰੇਡ ਲੈਨਿਨ ਨੇ ਮਜ਼ਦੂਰ ਜਮਾਤ ਦੀ ਬੁਰਜੂਆ ਰਾਜਨੀਤੀ ਕਿਹਾ ਹੈ। ਮਜ਼ੂਦਰ ਜਮਾਤ ਵਿੱਚ ਰਾਜਨੀਤਕ ਚੇਤਨਾ ਦੇ ਵਿਕਾਸ ਦਾ ਇਨਕਲਾਬੀ ਕੰਮ, ਮਜ਼ਦੂਰ ਜਮਾਤ ਦੇ ਹਰਾਵਲ ਦਸਤੇ ਵਜੋਂ, ਮਜ਼ਦੂਰ ਜਮਾਤ ਦੀ ਪਾਰਟੀ ਦੀ ਮੁੱਖ ਤਰਜੀਹ ਹੋਣਾ ਚਾਹੀਦਾ ਹੈ ਕਿਉਂਕਿ ਮਜ਼ਦੂਰ ਜਮਾਤ ਆਪਣੇ ਆਰਥਿਕ ਸੰਘਰਸ਼ਾਂ ਦੌਰਾਨ ਆਪਣੇ ਆਪ, ਇਹ ਚੇਤਨਾ ਗ੍ਰਹਿਣ ਨਹੀਂ ਕਰ ਸਕਦੀ। ਇਸ ਮਹਤੱਵਪੂਰਨ ਕਾਰਜ ਨੂੰ ਘਟਾ ਕੇ ਵੇਖਣ ਕਾਰਨ, ਕਾਮਰੇਡ ਲੈਨਿਨ, ਰੂਸ ਵਿਚਲੇ ਮਾਰਕਸਵਾਦ ਦੇ ਪੜਚੋਲੀਆਂ ਨੂੰ ਸੰਬੋਧਤ ਹੁੰਦੇ ਲਿਖਦੇ ਹਨ, "ਆਸਟਰੀਆ ਦੀ ਸੋਸ਼ਲ ਡੈਮੋਕਰੈਟਕ ਪਾਰਟੀ ਦੇ ਨਵੇਂ ਕਾਰਜਕ੍ਰਮ ਦੇ ਖਰੜੇ ਸਬੰਧੀ ਕਾਰਲ ਕਾਊਟਸਕੀ ਦੇ ਡੂੰਘੀ ਤਰ੍ਹਾਂ ਸੱਚੇ ਅਤੇ ਮਹਤੱਵਪੂਰਨ ਸ਼ਬਦਾਂ ਦੀ ਟੂਕ ਦਿੰਦੇ ਹਾਂ।

ਸਾਡੇ ਬਹੁਤ ਸਾਰੇ ਸੋਧਵਾਦੀ ਪੜਚੋਲੀਆਂ ਦਾ ਨਿਸ਼ਚਾ ਹੈ ਕਿ ਮਾਰਕਸ ਨੇ ਕਿਹਾ ਸੀ ਕਿ ਆਰਥਕ ਵਿਕਾਸ ਅਤੇ ਸ਼੍ਰੇਣੀ ਘੋਲ਼ ਨਾ ਕੇਵਲ ਸੋਸ਼ਲਿਸਟ ਉਤਪਾਦਨ ਲਈ ਹਾਲਤਾਂ ਪੈਦਾ ਕਰਦੇ ਹਨ ਸਗੋਂ ਅਤੇ ਸਿੱਧੀ ਤਰ੍ਹਾਂ, ਇਹਦੀ ਲੋੜ ਲਈ **ਚੇਤਨਤਾ** (ਸ਼ਬਦ ਉੱਤੇ ਜ਼ੋਰ ਕਾਊਟਸਕੀ ਨੇ ਦਿੱਤਾ ਹੈ) ਵੀ ਪੈਦਾ ਕਰਦੇ ਹਨ। ਅੰਤ ਇਹ ਪੜਚੋਲੀਏ ਦਾਅਵਾ ਕਰਦੇ ਹਨ ਕਿ ਇੰਗਲੈਂਡ, ਸਰਮਾਏਦਾਰ ਤੌਰ 'ਤੇ ਸਭ ਤੋਂ ਵੱਧ ਵਿਕਸਿਤ ਦੇਸ਼, ਕਿਸੇ ਹੋਰ

ਨਾਲ਼ੋਂ ਇਸ ਚੇਤਨਤਾ ਤੋਂ ਵਧੇਰੇ ਦੂਰ ਹੈ। ਖਰੜੇ ਤੋਂ ਅੰਦਾਜ਼ਾ ਲਾਉਂਦੇ ਹੋਏ, ਬੰਦਾ ਇਹ ਫਰਜ਼ ਕਰ ਸਕਦਾ ਸੀ ਕਿ ਇਹ ਅਖੌਤੀ ਸਨਾਤਕੀ ਮਾਰਕਸਵਾਦੀ ਵਿਚਾਰ, ਜਿਸਨੂੰ ਇਉਂ ਰੱਦ ਕੀਤਾ ਗਿਆ ਹੈ, ਵਿੱਚ ਉਹ ਕਮੇਟੀ ਭਿਆਲ ਸੀ ਜਿਸਨੇ ਆਸਟਰਵੀ ਕਾਰਜ-ਕ੍ਰਮ ਦਾ ਖਰੜਾ ਤਿਆਰ ਕੀਤਾ। ਕਾਰਜਕ੍ਰਮ ਦੇ ਖਰੜੇ ਵਿੱਚ ਕਿਹਾ ਗਿਆ ਹੈ, ਜਿੰਨਾ ਵਧੇਰੇ ਸਰਮਾਏਦਾਰ ਉਤਪਾਦਨ ਪ੍ਰੋਲੇਤਾਰੀ ਦੀ ਗਿਣਤੀ ਵਧਾਉਂਦਾ ਹੈ ਉੱਨਾ ਵਧੇਰੇ ਪ੍ਰੋਲੇਤਾਰੀ ਸਰਮਾਏਦਾਰੀ ਵਿਰੁੱਧ ਲੜਨ ਲਈ ਮਜਬੂਰ ਹੋ ਜਾਂਦਾ ਹੈ ਅਤੇ ਲੜਨ ਯੋਗ ਹੋ ਜਾਂਦਾ ਹੈ। ਪ੍ਰੋਲੇਤਾਰੀ ਸੋਸ਼ਲਿਜ਼ਮ ਦੀ ਸੰਭਾਵਨਾ ਅਤੇ ਲੋੜ ਸਬੰਧੀ ਚੇਤੰਨ ਹੋ ਜਾਂਦਾ ਹੈ। ਇਸ ਸਬੰਧ ਵਿੱਚ ਸੋਸ਼ਲਿਸਟ ਚੇਤਨਾ ਪ੍ਰੋਲੇਤਾਰੀ ਸ਼੍ਰੇਣੀ ਘੋਲ਼ ਦਾ ਜ਼ਰੂਰੀ ਅਤੇ ਸਿੱਧਾ ਸਿੱਟਾ ਜਾਪਦੀ ਹੈ। ਪਰ ਇਹ ਗੱਲ ਉੱਕਾ ਹੀ ਗਲਤ ਹੈ। ਨਿਰਸੰਦੇਹ, ਇੱਕ ਸਿਧਾਂਤ ਵਜੋਂ ਸੋਸ਼ਲਿਜ਼ਮ ਦੀਆਂ ਜੜ੍ਹਾਂ ਨਵੀਨ ਆਰਥਿਕ ਰਿਸ਼ਤਿਆਂ ਵਿੱਚ ਹਨ, ਐਨ ਉਸੇ ਤਰ੍ਹਾਂ ਜਿਵੇਂ ਪ੍ਰੋਲੇਤਾਰੀ ਦੇ ਸ਼੍ਰੇਣੀ ਘੋਲ਼ ਦੀਆਂ ਹਨ, ਅਤੇ ਪਿਛਲੇਰੇ ਵਾਂਗ ਇਹ ਸਰਮਾਏਦਾਰਾਂ ਵੱਲੋਂ ਪੈਦਾ ਕੀਤੀ ਜਨਤਾ ਦੀ ਗਰੀਬੀ ਅਤੇ ਬਦਹਾਲੀ ਵਿੱਚੋਂ ਉਗੰਮਦਾ ਹੈ। ਪਰ ਸੋਸ਼ਲਿਜ਼ਮ ਅਤੇ ਸ਼੍ਰੇਣੀ ਘੋਲ਼ ਨਾਲ਼ ਨਾਲ਼ ਉੱਭਰਦੇ ਹਨ ਅਤੇ ਇੱਕ ਦੂਜੇ ਵਿੱਚੋਂ ਨਹੀਂ ਪੈਦਾ ਹੁੰਦੇ; ਹਰ ਇੱਕ ਵਖਰੀਆਂ ਹਾਲਤਾਂ ਅਧੀਨ ਉੱਭਰਦਾ ਹੈ। ਨਵੀਨ ਸੋਸ਼ਲਿਸਟ ਚੇਤਨਤਾ ਕੇਵਲ ਡੂੰਘੇ ਵਿਗਿਆਨਕ ਗਿਆਨ ਵਿਚੋਂ ਹੀ ਉਭਰ ਸਕਦੀ ਹੈ। ਨਿਰਸੰਦੇਹ ਨਵੀਨ ਆਰਥਕ ਵਿਗਿਆਨ ਉਸੇ ਤਰ੍ਹਾਂ ਸੋਸ਼ਲਿਸਟ ਉਤਪਾਦਨ ਲਈ ਸ਼ਰਤ ਹੈ ਜਿਵੇਂ, ਉਦਾਹਰਣ ਵਜੋਂ ਨਵੀਨ ਟੈਕਨਾਲੋਜੀ ਅਤੇ ਭਾਵੇਂ ਉਹ ਇਹਨਾਂ ਨੂੰ ਸਿਰਜਣ ਦਾ ਕਿੰਨਾ ਇੱਛਕ ਨਾ ਹੋਵੇ ਪ੍ਰੋਲੇਤਾਰੀ ਨਾ ਇੱਕ ਨੂੰ ਸਿਰਜ ਸਕਦਾ ਹੈ ਨਾ ਦੂਜੇ ਨੂੰ; ਦੋਵੇਂ ਨਵੀਨ ਸਮਾਜੀ ਅਮਲ ਤੋਂ ਪੈਦਾ ਹੁੰਦੇ ਹਨ। ਵਿਗਿਆਨ ਦਾ ਵਾਹਕ ਪ੍ਰੋਲੇਤਾਰੀ ਨਹੀਂ ਸਗੋਂ **ਬੁਰਜੂਆ ਬੁੱਧੀਜੀਵੀ** ਹਨ (ਸ਼ਬਦਾਂ ਉੱਤੇ ਜ਼ੋਰ ਕਾਉਟਸਕੀ ਨੇ ਦਿੱਤਾ ਹੈ), ਇਸ ਪਰਤ ਦੇ ਵਿਅਕੀਗਤ ਜੀਆਂ ਦੇ ਮਨਾਂ ਵਿੱਚ ਹੀ ਨਵੀਨ ਸੋਸ਼ਲਿਜ਼ਮ ਦਾ ਆਦਿ ਹੋਇਆ ਅਤੇ ਉਹਨਾਂ ਹੀ ਬੌਧਕ ਪੱਖ ਤੋਂ ਵਿਕਸਿਤ ਪ੍ਰੋਲੇਤਾਰੀਆਂ ਤੱਕ ਇਹ ਪਹੁੰਚਾਇਆ, ਜਿਹੜੇ, ਆਪਣੀ ਵਾਰੀ, ਜਿੱਥੇ ਕਿਧਰੇ ਹਾਲਤਾਂ ਇਹਦੀ ਆਗਿਆ ਦੇਂਦੀਆਂ ਹਨ ਇਹਨੂੰ ਪ੍ਰੋਲੇਤਾਰੀ ਸ਼੍ਰੇਣੀ ਘੋਲ਼ ਵਿੱਚ ਲਾਗੂ ਕਰਦੇ ਹਨ। ਸੋਸ਼ਲਿਸਟ ਚੇਤਨਤਾ ਪ੍ਰੋਲੇਤਾਰੀ ਸ਼੍ਰੇਣੀ ਘੋਲ਼ ਵਿੱਚ ਬਾਹਰੋਂ ਦਾਖਲ ਕੀਤੀ ਹੋਈ ਸ਼ੈਅ ਹੈ ਅਤੇ ਕੋਈ ਅਜੇਹੀ ਸ਼ੈਅ ਨਹੀਂ ਜਿਹੜੀ ਇਸ ਦੇ ਵਿੱਚੋਂ ਆਪ ਮੁਹਾਰੇ ਤੌਰ 'ਤੇ ਉਭਰੀ ਹੈ।" ਇਸੇ ਲੇਖ ਵਿੱਚ ਕਾਮਰੇਡ ਲੈਨਿਨ ਲਿਖਦੇ ਹਨ, "ਕਿਉਂਕਿ ਲਹਿਰ ਦੇ ਅਮਲ ਦੌਰਾਨ ਕਿਰਤੀ ਜਨਤਾ ਵੱਲੋਂ ਸੁਤੰਤਰ ਵਿਚਾਰਧਾਰਾ ਸੂਤਰਬੱਧ ਕਰਨ ਦੀ ਕੋਈ ਗੱਲ ਨਹੀਂ ਹੋ ਸਕਦੀ, **ਇੱਕੋ ਇੱਕ** ਚੋਣ ਹੈ —ਬੁਰਜੂਆ ਜਾਂ ਸੋਸ਼ਲਿਸਟ ਵਿਚਾਰਧਾਰਾ। ਕੋਈ ਦਰਮਿਆਨਾ ਰਾਹ ਨਹੀਂ। (ਕਿਉਂਕਿ ਮਨੁੱਖਜਾਤੀ ਨੇ "ਤੀਜੀ" ਵਿਾਚਰਧਾਰਾ ਨਹੀਂ ਸਿਰਜੀ, ਅਤੇ ਨਾਲ਼ੇ ਸ਼੍ਰੇਣੀ ਵਿਰੋਧਾਂ ਕਾਰਨ ਲੀਰੋ-ਲੀਰ ਹੋਏ ਸਮਾਜ ਵਿੱਚ ਕੋਈ ਗੈਰ ਸ਼੍ਰੇਣੀ ਜਾਂ ਪਰਾ ਸ਼੍ਰੇਣੀ ਵਿਚਾਰਧਾਰਾ ਨਹੀਂ ਹੋ ਸਕਦੀ)। ਇਸ ਲਈ ਸੋਸ਼ਲਿਸਟ ਵਿਚਾਰਧਾਰਾ ਨੂੰ **ਕਿਸੇ ਵੀ ਤਰ੍ਹਾਂ** ਛੁਟਿਆਉਣ, **ਘੱਟ ਤੋਂ ਘੱਟ ਹੱਦ ਤੱਕ ਇਹਦੇ ਤੋਂ ਇੱਕ ਪਾਸੇ ਜਾਣ** ਦੇ ਅਰਥ ਹਨ ਬੁਰਜੂਆ ਵਿਚਾਰਧਾਰਾ ਨੂੰ ਮਜ਼ਬੂਤ ਬਣਾਉਣਾ। ਆਪ ਮੁਹਾਰਤਾ

ਸਬੰਧੀ ਬਹੁਤ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਕਿਰਤ-ਸ਼੍ਰੇਣੀ ਲਹਿਰ ਦੇ **ਆਪ-ਮੁਹਾਰੇ** ਵਿਕਾਸ ਦਾ ਸਿੱਟਾ ਇਹਦੀ ਬੁਰਜੂਆ ਵਿਚਾਰਧਾਰਾ ਦੀ ਅਧੀਨਗੀ ਹੁੰਦਾ ਹੈ, ਇਹਦਾ "Credo" ਦੇ **ਕਾਰਜ-ਕ੍ਰਮ ਅਨੁਸਾਰ ਵਿਕਾਸ ਹੁੰਦਾ ਹੈ**; ਕਿਉਂਕਿ ਆਪ ਮੁਹਾਰੀ ਕਿਰਤੀ-ਸ਼੍ਰੇਣੀ ਲਹਿਰ ਟਰੇਡ ਯੂਨੀਅਨਵਾਦ ਹੈ ਅਤੇ ਟਰੇਡ-ਯੂਨੀਅਨ ਵਾਦ ਦੇ ਅਰਥ ਹਨ ਬੁਰਜੂਆਜ਼ੀ ਵੱਲੋਂ ਕਿਰਤੀਆਂ ਨੂੰ ਗੁਲਾਮ ਬਣਾਉਣਾ। ਇਸ ਲਈ ਸਾਡਾ ਕਾਰਜ, ਸੋਸ਼ਲ ਡੈਮੋਕਰੇਸੀ ਦਾ ਕਾਰਜ, **ਆਪ ਮੁਹਾਰਤਾ ਦਾ ਮੁਕਾਬਲਾ ਕਰਨਾ**; ਕਿਰਤੀ ਸ਼੍ਰੇਣੀ ਲਹਿਰ ਨੂੰ ਇਸ ਆਪ ਮੁਹਾਰੀ, ਟਰੇਡ-ਯੂਨੀਅਨਵਾਦੀ ਬੁਰਜੂਆਜ਼ੀ ਦੀ ਛਤਰ-ਛਾਇਆ ਹੇਠ ਆਉਣ ਦੀ ਤਾਂਘ ਤੋਂ **ਇੱਕ ਪਾਸੇ ਲਿਜਾਣਾ** ਅਤੇ ਇਹਨੂੰ ਇਨਕਲਾਬੀ ਸੋਸ਼ਲ ਡੈਮੋਕ੍ਰੇਸੀ ਦੀ ਛਤਰ ਛਾਇਆ ਹੇਠ ਲਿਆਉਣਾ ਹੈ।" (ਉਪਰੋਕਤ, ਪੰਨਾ 181-184)। ਇਸੇ ਦੇ ਫੁੱਟ ਨੋਟ ਵਿੱਚ ਲਿਖਿਆ ਹੈ, "ਨਿਰਸੰਦੇਹ ਇਹਦੇ ਅਰਥ ਇਹ ਨਹੀਂ ਕਿ ਕਿਰਤੀਆਂ ਦਾ ਅਜਿਹੀ ਵਿਚਾਰਧਾਰਾ ਸਿਰਜਣ ਵਿੱਚ ਕੋਈ ਹਿੱਸਾ ਨਹੀਂ ਹੁੰਦਾ। ਪਰ ਉਹ ਕਿਰਤੀਆਂ ਵਜੋਂ ਨਹੀਂ ਸਗੋਂ ਸੋਸ਼ਲਿਸਟ ਸਿਧਾਂਤਕਾਰਾਂ ਵਜੋਂ ਹਿੱਸਾ ਲੈਂਦੇ ਹਨ।"

ਪ੍ਰਤੀਬੱਧ ਅਤੇ ਲਾਲ ਪਰਚਮ ਦੀ ਬਹਿਸ ਵਿੱਚੋਂ ਜੋ ਮਹੱਤਵਪੂਰਨ ਸਵਾਲ ਉੱਭਰ ਕੇ ਸਾਮ੍ਹਣੇ ਆਏ ਹਨ, ਇਨ੍ਹਾਂ ਸਬੰਧੀ ਖੱਬੇ ਪੱਖੀ ਲਹਿਰ ਵਿੱਚ ਪਾਏ ਜਾਂਦੇ ਭਰਮ-ਭੁਲੇਖਿਆਂ ਨੂੰ, ਦੂਰ ਕਰਨ ਲਈ ਸਾਨੂੰ ਮਜ਼ਦੂਰ ਇਨਕਲਾਬਾਂ ਦੇ ਅਨੁਭਵ ਦੀ ਰੋਸ਼ਨੀ ਵਿੱਚ, ਅੱਜ ਦੀਆਂ ਠੋਸ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਲਾਲ ਪਰਚਮ ਦੇ ਲੇਖਕ ਜਿੱਥੇ ਘਰਾਂ ਦੇ ਸਵਾਲ 'ਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਨਾਉਣ ਦੀ ਬਜਾਏ ਭਾਵੁਕ ਰੁਖ ਅਪਣਾਉਂਦੇ ਹਨ ਉੱਥੇ ਮਜ਼ਦੂਰ ਜਮਾਤ ਦੀ ਇਨਕਲਾਬੀ ਰਾਜਨੀਤੀ ਅਤੇ ਟਰੇਡਯੂਨੀਅਨਵਾਦੀ ਰਾਜਨੀਤੀ ਵਿਚਲੇ ਫਰਕ ਦੀ ਅਣਦੇਖੀ ਕਰਦੇ ਹਨ। ਆਸ ਕਰਦੇ ਹਾਂ ਕਿ ਖੱਬੇ ਪੱਖੀ ਇਨਕਲਾਬੀ ਰਾਜਨੀਤੀ ਨਾਲ਼ ਸਬੰਧਤ ਸਾਥੀ ਅਤੇ ਬੁੱਧੀਜੀਵੀ ਇਨ੍ਹਾਂ ਗੰਭੀਰ ਸਵਾਲਾਂ 'ਤੇ ਨਿੱਕ-ਬੁਰਜੂਆ ਵਿਚਾਰਧਾਰਾਵਾਂ ਵਿਰੁੱਧ ਦ੍ਰਿੜਤਾ ਵਿਖਾਉਂਦੇ ਹੋਏ, ਮਾਰਕਸਵਾਦੀ-ਲੈਨਿਨਵਾਦੀ ਪੁਜ਼ੀਸ਼ਨਾਂ ਦੀ ਰਾਖੀ ਕਰਨਗੇ।

**24-6-10**

(**'ਪ੍ਰਤੀਬੱਧ'**, **ਜੁਲਾਈ**, 2010)

# ਪ੍ਰਤੀਬੱਧ ਦੀ ਸਮਝ, ਗੈਰ ਪ੍ਰੋਲੇਤਾਰੀ ਨਜ਼ਰੀਏ ਦਾ 'ਸਿੱਕੇਬੰਦ' ਨਮੂਨਾ

ਮਜ਼ਦੂਰਾਂ ਦੇ ਘਰਾਂ ਦੇ ਸੁਆਲ 'ਤੇ ਲਾਲ ਪਰਚਮ ਅਤੇ ਸਮਕਾਲੀ ਲੋਕ ਮੋਰਚਾ ਵਿਚਕਾਰ ਚੱਲ ਰਹੀ ਬਹਿਸ ਅੰਦਰ ਅਦਾਰਾ ਪ੍ਰਤੀਬੱਧ ਆਪਣੇ ਜਨਵਰੀ 2010 ਦੇ ਅੰਕ ਵਿੱਚ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਟਿੱਪਣੀ ਕਰਕੇ ਸ਼ਾਮਲ ਹੋ ਗਿਆ ਸੀ। ਅਸੀਂ ਲਾਲ ਪਰਚਮ ਦੇ ਮਈ-ਜੂਨ 2010 ਦੇ ਅੰਕ ਵਿੱਚ ਇਸ ਟਿੱਪਣੀ ਉੱਤੇ ਆਪਣਾ ਪ੍ਰਤੀਕਰਮ ਦਿੱਤਾ ਸੀ। ਇਸ ਦੇ ਜੁਆਬ ਵਿੱਚ ਪ੍ਰਤੀਬੱਧ ਦੇ ਜੁਲਾਈ 2010 ਦੇ ਅੰਕ ਵਿੱਚ ਦੋ ਟਿੱਪਣੀਆਂ ਛਪੀਆਂ ਸਨ। ਅਸੀਂ ਇਨ੍ਹਾਂ ਟਿੱਪਣੀਆਂ ਦਾ ਜਵਾਬ ਪਛੜਕੇ ਦੇ ਰਹੇ ਹਾਂ। ਇਸ ਦੇਰੀ ਦਾ ਇੱਕ ਕਾਰਨ ਤਾਂ ਇਹ ਹੋਇਆ ਕਿ ਅਸੀਂ ਇਸ ਮਸਲੇ ਉਪਰ ਆਪਣਾ ਪੱਖ ਪੂਰੀ ਤਰ੍ਹਾਂ ਰੱਖ ਚੁੱਕੇ ਸਾਂ ਅਤੇ ਇਸ ਨੂੰ ਦੁਹਰਾਉਣਾ ਨਹੀਂ ਸੀ ਚਾਹੁੰਦੇ। ਦੂਸਰਾ ਪ੍ਰਤੀਬੱਧ ਦੀਆਂ ਜੁਲਾਈ 2010 ਦੇ ਅੰਕ ਦੀਆਂ ਟਿੱਪਣੀਆਂ ਖਾਸ ਕਰਕੇ ਇਸ ਦੀ ਪਹਿਲੀ ਟਿੱਪਣੀ ਵਿੱਚ ਤਰ੍ਹਾਂ ਤਰ੍ਹਾਂ ਦੇ ਭੱਦੇ ਵਿਸ਼ੇਸ਼ਣਾਂ ਦੀ ਵਰਤੋਂ ਕਰਕੇ ਬਹਿਸ ਨੂੰ ਗੈਰ ਉਪਜਾਊ ਬਨਾਉਣ ਦੀ ਜੋ ਪਹੁੰਚ ਅਖ਼ਤਿਆਰ ਕੀਤੀ ਗਈ ਉਸ ਕਰਕੇ ਪਰਚਮ ਦੇ ਪਾਠਕਾਂ ਦਾ ਵਿਸ਼ਾਲ ਹਿੱਸਾ ਇਸ ਮਸਲੇ ਉੱਪਰ ਹੋਰ ਬਹਿਸ ਅੱਗੇ ਵਧਾਉਣ ਵਿੱਚ ਕੋਈ ਦਿਲਚਸਪੀ ਨਹੀਂ ਸੀ ਦਿਖਾ ਰਿਹਾ। ਹੁਣ ਸਾਡੇ ਧਿਆਨ ਵਿੱਚ ਆਇਆ ਹੈ ਕਿ ਪਰਚਮ ਦੇ ਘੇਰੇ ਤੋਂ ਬਾਹਰ ਇਨਕਲਾਬੀ ਖੇਮੇ ਦਾ ਇੱਕ ਛੋਟਾ ਹਿੱਸਾ ਅਜੇ ਵੀ ਇਸ ਮਸਲੇ ਉੱਪਰ ਭੰਬਲਭੂਸੇ ਦਾ ਸ਼ਿਕਾਰ ਹੈ ਅਤੇ ਪ੍ਰਤੀਬੱਧ ਦੀਆਂ ਟਿੱਪਣੀਆਂ ਉੱਪਰ ਪਰਚਮ ਦਾ ਜੁਆਬ ਉਡੀਕ ਰਿਹਾ ਹੈ। ਇਸ ਤੋਂ ਇਲਾਵਾ ਪ੍ਰਤੀਬੱਧ ਧਿਰ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਉੱਪਰ ਅਧਾਰਿਤ "ਮੰਗ-ਪੱਤਰ 2011" ਬਣਾਕੇ ਸਰਗਰਮੀ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਇਸ ਸਰਗਰਮੀ ਨੇ ਮਜ਼ਦੂਰਾਂ ਘਰਾਂ ਦੇ ਮਸਲੇ ਉੱਪਰ ਬਹਿਸ ਨੂੰ ਕਾਫ਼ੀ ਦਿਲਚਸਪ ਮੋੜ ਦੇ ਦਿੱਤਾ ਹੈ। ਇਨ੍ਹਾਂ ਕਾਰਨਾਂ ਕਰਕੇ ਪ੍ਰਤੀਬੱਧ ਵੱਲੋਂ ਕੀਤੀਆਂ ਟਿੱਪਣੀਆਂ ਦਾ ਜੁਆਬ ਦੇਣ ਅਤੇ ਉਨ੍ਹਾਂ ਦੀ ਸਵੈ ਵਿਰੋਧੀ ਸਮਝ ਬਾਰੇ ਚਰਚਾ ਕਰਨ ਦੀ ਲੋੜ ਨੂੰ ਸੰਬੋਧਤ ਹੋ ਰਹੇ ਹਾਂ।

ਪ੍ਰਤੀਬੱਧ ਦੇ ਜੁਲਾਈ 2010 ਦੇ ਅੰਕ ਵਿੱਚ ਮਜ਼ਦੂਰ ਘਰਾਂ ਦੇ ਮਸਲੇ ਬਾਰੇ ਸਾਡੀ ਸਮਝ ਦੇ ਜੁਆਬ ਵਿੱਚ ਲਿਖੇ ਦੋਨਾਂ ਲੇਖਾਂ ਵਿੱਚ ਸਾਡੀ ਸਮਝ ਨੂੰ "ਨਿੱਕ-ਬੁਰਜੂਆ" ਹੋਣ ਦਾ ਫ਼ਤਵਾ ਦਿੱਤਾ ਗਿਆ। ਇਸ ਦੇ ਪਹਿਲੇ ਲੇਖ ਦੇ ਲੇਖਕ ਨੂੰ ਤਾਂ ਇਸ ਨਾਲ਼ ਵੀ ਸੰਤੁਸ਼ਟੀ ਨਹੀਂ ਹੋਈ। ਉਸ ਨੇ ਹੋਰ ਅੱਗੇ ਵਧ ਕੇ ਆਪਣੇ ਅੰਦਰ ਚਿਰੋਕਣੀ ਜਮਾਂ ਹੋਈ ਭੜਾਸ ਨੂੰ ਬਾਹਰ ਕੱਢਦਿਆਂ ਸਾਨੂੰ "ਉੱਤਰ-ਆਧੁਨਿਕਵਾਦੀ", "ਦਲਿਤਵਾਦੀ",

"ਮਾਰਕਸਵਾਦ-ਲੈਨਿਨਵਾਦ-ਮਾਓਵਾਦ ਦਾ ਫੱਟਾ ਟੰਗ ਕੇ ਪਰੂਧੋਂਵਾਦ ਦਾ ਵਣਜ ਵਪਾਰ ਕਰਨ ਵਾਲ਼ੇ" ਕਰਾਰ ਦਿੱਤਾ ਹੈ। ਅਸੀਂ ਉਸਦੇ ਝੱਲੇ ਹੋ ਜਾਣ ਅਤੇ ਗ਼ਾਲਾਂ 'ਤੇ ਉਤਰ ਆਉਣ ਦਾ ਜੁਆਬ ਉਸ ਦੀ ਭਾਸ਼ਾ ਵਿੱਚ ਦੇਣ ਦੀ ਬਜਾਏ ਉਸ ਦੀ ਭੜਕਾਹਟ ਦੇ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਇਸ ਦਾ ਤਰਕਪੂਰਵਕ ਉੱਤਰ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ।

ਪ੍ਰਤੀਬੱਧ ਦੇ ਲੇਖਕ ਨੂੰ ਧੀਰਜ ਨਾਲ਼ ਸਮਝਣ ਅਤੇ ਉਸ ਦੀ ਸਮਝ ਦਾ ਵਿਸ਼ਲੇਸ਼ਣ ਕਰਨ ਪਿੱਛੋਂ ਉਸ ਦੇ ਅੱਗ ਬਬੂਲੇ ਹੋਣ ਦਾ ਕਾਰਨ ਇਹ ਹੈ ਕਿ ਅਸੀਂ ਮਜ਼ਦੂਰ ਘਰਾਂ ਦੇ ਮਸਲੇ ਉਪਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਜਦੋਂ ਏਂਗਲਜ਼ ਇਸ ਮਸਲੇ ਨੂੰ ਨਜਿੱਠ ਰਹੇ ਸਨ ਤਾਂ ਉਹ ਸਮਾਂ ਪੂੰਜੀਵਾਦ ਦੇ ਖੁੱਲ੍ਹੇ ਮੁਕਾਬਲੇ ਦਾ ਸਮਾਂ ਸੀ, ਹੁਣ ਸਾਮਰਾਜਵਾਦ ਦਾ ਯੁੱਗ ਹੈ। ਬਦਲੀਆਂ ਹਾਲਤਾਂ ਵਿੱਚ ਏਂਗਲਜ਼ ਦੇ ਦਰੁਸਤ ਵਿਚਾਰਾਂ ਨੂੰ ਕੱਟੜਪੁਣੇ ਨਾਲ਼ ਲਾਗੂ ਕਰਨ ਦੀ ਬਜਾਏ ਉਸਾਰੂ ਢੰਗ ਨਾਲ਼ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸਾਡੇ ਇਨ੍ਹਾਂ ਵਿਚਾਰਾਂ ਨੂੰ ਪ੍ਰਤੀਬੱਧ ਦੀਆਂ ਟਿੱਪਣੀਆਂ ਦੇ ਦੋਵਾਂ ਲੇਖਕਾਂ ਨੇ ਠੀਕ ਢੰਗ ਨਾਲ਼ ਸਮਝਣ ਦੀ ਕੋਸ਼ਿਸ਼ ਕਰਨ ਦੀ ਬਜਾਏ ਇਨ੍ਹਾਂ ਪ੍ਰਤੀ ਉਕਸਾਹਟ ਭਰਿਆ ਰਵੱਈਆ ਅਖ਼ਤਿਆਰ ਕੀਤਾ ਹੈ ਅਤੇ ਸਾਡੇ ਉੱਤੇ ਭਾਂਤ-ਭਾਂਤ ਦੇ ਵਿਸ਼ੇਸ਼ਣਾਂ ਦੀ ਝੜੀ ਲਾ ਦਿੱਤੀ ਹੈ। ਉਹ ਸਾਡੀ ਪੋਜ਼ੀਸ਼ਨ ਦਾ ਆਪ ਮੁਖੀ ਢੰਗ ਨਾਲ਼ ਇਹ ਅਰਥ ਕੱਢਦੇ ਹਨ ਕਿ ਸਾਡੇ ਕਹਿਣ ਦਾ ਅਰਥ ਏਂਗਲਜ਼ ਦੇ ਵਿਚਾਰਾਂ ਨੂੰ ਯੁੱਗ ਬਦਲਣ ਦੇ ਬਹਾਨੇ "ਅਪ੍ਰਸੰਗਕ" ਕਰਾਰ ਦੇਣਾ ਹੈ। ਸਾਡੀ ਪੋਜ਼ੀਸ਼ਨ ਵਿੱਚੋਂ ਅਜਿਹਾ ਅਰਥ ਹਰਗਿਜ਼ ਨਹੀਂ ਨਿੱਕਲਦਾ। ਅਸੀਂ ਸਮਝਦੇ ਹਾਂ ਕਿ ਘਰਾਂ ਦੇ ਸੁਆਲ ਦਾ ਅੰਤਿਮ ਨਿਪਟਾਰਾ ਮਜ਼ਦੂਰ ਜਮਾਤ ਦੀ ਅਗਵਾਈ 'ਚ ਉਸਾਰਿਆ ਰਾਜ ਹੀ ਕਰੇਗਾ ਅਤੇ ਠੀਕ ਉਸੇ ਤਰ੍ਹਾਂ ਕਰੇਗਾ ਜਿਵੇਂ ਏਂਗਲਜ਼ ਨੇ ਇਸ ਦਾ ਹੱਲ ਦੱਸਿਆ ਹੈ। ਇਸਦੇ ਨਾਲ਼ ਨਾਲ਼ ਸਾਡਾ ਇਹ ਕਹਿਣਾ ਹੈ ਕਿ ਸਮਾਜ ਦਾ ਵਿਕਾਸ ਮਾਰਕਸ, ਏਂਗਲਜ਼ ਦੇ ਸਮੇਂ 'ਤੇ ਨਹੀਂ ਠਹਿਰ ਗਿਆ। ਇਸ ਵਿੱਚ ਜੋ ਅੱਜ ਦੇ ਸਮੇਂ ਤੱਕ ਤਬਦੀਲੀਆਂ ਹੋਈਆਂ ਹਨ ਉਸ ਨੂੰ ਸਾਮਰਾਜਵਾਦ ਤੇ ਪ੍ਰੋਲੇਤਾਰੀ ਇਨਕਲਾਬਾਂ ਦਾ ਸਮਾਂ ਕਿਹਾ ਜਾਂਦਾ ਹੈ। ਪੈਦਾ ਹੋਈਆਂ ਨਵੀਆਂ ਹਾਲਤਾਂ 'ਚ ਕਾ. ਲੈਨਿਨ ਨੇ ਮਜ਼ਦੂਰ ਜਮਾਤ ਦੀ ਯੁੱਧਨੀਤੀ ਅਤੇ ਦਾਅਪੇਚ ਵਿਕਸਤ ਕੀਤੇ ਅਤੇ ਅਜਿਹਾ ਕਰਦੇ ਹੋਏ ਮਾਰਕਸਵਾਦ 'ਚ ਅਣਮੋਲ ਵਾਧਾ ਕੀਤਾ। ਲੈਨਿਨਵਾਦੀ ਯੁੱਧਨੀਤੀ ਅਤੇ ਦਾਅਪੇਚਾਂ ਅਨੁਸਾਰ ਸਾਡੇ ਵੱਲੋਂ ਏਂਗਲਜ਼ ਦੇ ਵਿਚਾਰਾਂ ਨੂੰ ਲਾਗੂ ਕਰਨ ਦੀ ਵਜਾਹਤ ਕਰਨ ਦਾ ਅਰਥ ਏਂਗਲਜ਼ ਨੂੰ "ਅਪ੍ਰਸੰਗਕ" ਕਰਾਰ ਦੇਣਾ ਕਿਵੇਂ ਬਣ ਗਿਆ? ਕਾ. ਲੈਨਿਨ ਨੇ ਜਦੋਂ ਸਰਮਾਏਦਾਰੀ ਦੀ ਉੱਚਤਮ ਅਵਸਥਾ ਯਾਨੀ ਕਿ ਸਾਮਰਾਜਵਾਦ ਦੇ ਵਿਸ਼ੇਸ਼ ਲੱਛਣਾਂ ਦਾ ਵਿਸ਼ਲੇਸ਼ਣ ਕੀਤਾ ਸੀ ਤਾਂ ਇਸ ਨਾਲ਼ ਕੀ ਮਾਰਕਸਵਾਦ ਅਪ੍ਰਸੰਗਕ ਹੋ ਗਿਆ ਸੀ?

ਮਾਰਕਸ, ਏਂਗਲਜ਼ ਦੇ ਸਮੇਂ ਇਨਕਲਾਬਾਂ ਦਾ ਕੇਂਦਰ ਸਰਮਾਏਦਾਰੀ ਪੱਖੋਂ ਵਿਕਸਤ ਪੱਛਮੀ ਦੇਸ਼ਾਂ ਨੂੰ ਸਮਝਿਆ ਜਾਂਦਾ ਸੀ ਅਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਨਕਲਾਬ ਇੱਕ ਨਹੀਂ ਬਹੁਤ ਸਾਰੇ ਪੱਛਮੀ ਦੇਸ਼ਾਂ ਵਿੱਚ ਇੱਕੋ ਸਮੇਂ ਹੋਣਗੇ। ਲੈਨਿਨ ਨੇ

ਆਪਣੇ ਸਮੇਂ ਦੀਆਂ ਬਦਲੀਆਂ ਹਾਲਤਾਂ ਵਿੱਚ ਰੂਸ ਵਰਗੇ ਪੱਛਮੀ ਯੂਰਪ ਦੇ ਦੇਸ਼ਾਂ ਦੇ ਮੁਕਾਬਲੇ ਇੱਕ ਪੱਛੜੇ ਦੇਸ਼ ਵਿੱਚ ਇਨਕਲਾਬ ਹੋਣ ਅਤੇ ਸਮਾਜਵਾਦ ਦੀ ਉਸਾਰੀ ਕਰਨ ਦੀਆਂ ਸੰਭਾਵਨਾਵਾਂ ਦੀ ਜ਼ੋਰ ਸ਼ੋਰ ਨਾਲ਼ ਪੈਰਵਈ ਕੀਤੀ। ਉਸ ਸਮੇਂ ਵੀ ਟਰਾਟਸਕੀ ਵਰਗੇ ਲੋਕ ਸਨ ਜੋ ਕਾ. ਲੈਨਿਨ ਦੇ ਵਿਚਾਰਾਂ ਨੂੰ ਮਾਰਕਸਵਾਦ ਤੋਂ ਭੜਕਣ ਦੱਸਦੇ ਸਨ ਅਤੇ ਰੂਸ ਵਰਗੇ ਪਛੜੇ ਦੇਸ਼ਾਂ ਵਿੱਚ ਸਮਾਜਵਾਦ ਦੀ ਉਸਾਰੀ ਕਰਨ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਕਰਦੇ ਸਨ। ਉਹ ਕਿਸੇ ਇੱਕ ਦੇਸ਼ ਵਿੱਚ ਸਮਾਜਵਾਦ ਦੀ ਉਸਾਰੀ ਕਰਨ ਨੂੰ ਉੱਕਾ ਹੀ ਖਾਰਿਜ ਕਰਦੇ ਸਨ। ਉਨ੍ਹਾਂ ਮੁਤਾਬਿਕ ਇਨਕਲਾਬ ਰੂਸ ਵਰਗੇ ਪਛੜੇ ਦੇਸ਼ਾਂ ਵਿੱਚ ਨਹੀਂ ਬਲਕਿ ਪੱਛਮੀ ਦੇਸ਼ਾਂ ਵਿੱਚ ਇੱਕੋ ਸਮੇਂ ਨੇਪਰੇ ਚਾੜ੍ਹਿਆ ਜਾਵੇਗਾ। ਕਾ. ਲੈਨਿਨ ਤੋਂ ਬਾਅਦ ਕਾ. ਸਟਾਲਿਨ ਨੇ ਇਨਕਲਾਬੀ ਵਿਚਾਰਾਂ ਦੀ ਰਾਖੀ ਕੀਤੀ ਅਤੇ ਇਸ ਤੋਂ ਬਾਅਦ ਕਾ. ਮਾਓ ਨੇ ਇਨ੍ਹਾਂ ਵਿਚਾਰਾਂ ਨੂੰ ਲਾਗੂ ਕਰਦਿਆਂ ਮਾਰਕਸਵਾਦ-ਲੈਨਿਨਵਾਦ 'ਚ ਵਾਧਾ ਕਰਕੇ ਇਸ ਨੂੰ ਹੋਰ ਅਮੀਰ ਬਣਾਇਆ। ਕੀ ਲੈਨਿਨ, ਸਟਾਲਿਨ ਅਤੇ ਮਾਓ ਨੇ ਮਾਰਕਸ, ਏਂਗਲਜ਼ ਦੇ ਸਮੇਂ ਨਾਲ਼ੋਂ ਢੇਰਾਂ ਅੰਤਰ ਵਾਲੀ ਯੁੱਧਨੀਤੀ ਅਤੇ ਦਾਅ-ਪੇਚ ਲਾਗੂ ਕਰਕੇ ਮਾਰਕਸਵਾਦ ਨੂੰ 'ਅਪ੍ਰਸੰਗਕ' ਕਰ ਦਿੱਤਾ ਸੀ ? ਸਪੱਸ਼ਟ ਹੈ ਕਿ ਹਾਲਤਾਂ ਦਾ ਪ੍ਰਸੰਗ ਬਦਲ ਜਾਣ ਨਾਲ਼ ਮਾਰਕਸਵਾਦ ਅਪ੍ਰਸੰਗਕ ਨਹੀਂ ਹੁੰਦਾ। ਇਸ ਦੇ ਬੁਨਿਆਦੀ ਅਸੂਲ ਸਹੀ ਰਹਿੰਦੇ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਲਈ ਉਸਾਰੂ ਢੰਗ ਅਪਣਾਏ ਜਾਣ ਦੀ ਜ਼ਰੂਰਤ ਹੁੰਦੀ ਹੈ। ਜੇ ਮਾਰਕਸ ਏਂਗਲਜ਼ ਦੇ ਵਿਚਾਰਾਂ ਨੂੰ ਪ੍ਰਤੀਬੱਧ ਦੇ ਲੇਖਕਾਂ ਦੀ ਸਮਝ ਅਨੁਸਾਰ ਕੱਟੜਵਾਦੀ ਢੰਗ ਨਾਲ਼ ਲਾਗੂ ਕੀਤਾ ਗਿਆ ਹੁੰਦਾ ਤਾਂ ਸਮਾਜਵਾਦ ਦਾ ਵਿਗਿਆਨਕ ਸਿਧਾਂਤ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਕਦੇ ਵੀ ਹੋਂਦ ਵਿੱਚ ਨਾ ਆਉਂਦਾ।

## ਭਾਰਤ ਅੰਦਰ ਪੂੰਜੀਵਾਦ ਦੇ ਵਿਕਾਸ ਬਾਰੇ

ਮਜ਼ਦੂਰ ਘਰਾਂ ਸਬੰਧੀ ਚਰਚਾ ਕਰਦੇ ਹੋਏ ਅਸੀਂ ਭਾਰਤ ਅੰਦਰ ਵਿਕਸਤ ਹੋ ਰਹੇ ਸਰਮਾਏਦਾਰਾਨਾ ਵਿਕਾਸ ਦਾ ਜ਼ਿਕਰ ਕੀਤਾ ਸੀ। ਅਸੀਂ ਇਸ ਵਿਕਾਸ ਨੂੰ ਅਣਸਾਵਾਂ, ਰੁੰਡਿਆ-ਮੁਰੰਡਿਆ ਅਤੇ ਰੋਗ ਗ੍ਰਸਤ ਕਿਹਾ ਸੀ। ਪ੍ਰਤੀਬੱਧ ਦਾ ਲੇਖਕ ਕਹਿੰਦਾ ਹੈ ਕਿ ਅਣਸਾਵਾਂ ਵਿਕਾਸ "ਜਗੀਰਦਾਰੀ ਦੀ ਨਹੀਂ ਪੂੰਜੀਵਾਦ ਦੀ ਵਿਸ਼ੇਸ਼ਤਾ ਹੈ।" ਪਰ ਅਸੀਂ ਕਹਿੰਦੇ ਹਾਂ ਕਿ ਅਣਸਾਵੇਂ ਵਿਕਾਸ ਦੀ ਵਿਸ਼ੇਸ਼ਤਾ ਪੂੰਜੀਵਾਦ ਦੀ ਸਭ ਤੋਂ ਉੱਚੀ ਮੰਜ਼ਿਲ ਸਾਮਰਾਜਵਾਦ ਅੰਦਰ ਵੀ ਨਾ ਸਿਰਫ਼ ਬਣੀ ਰਹਿੰਦੀ ਹੈ ਸਗੋਂ ਸਾਮਰਾਜਵਾਦ ਅੰਦਰ ਇਹ ਅਣਸਾਵਾਂਪਣ ਹੋਰ ਵੀ ਜ਼ਿਆਦਾ ਹੁੰਦਾ ਹੈ। ਸਾਮਰਾਜਵਾਦ ਨਿੱਖਟੂ, ਨਿੱਘਰ ਰਹੀ ਅਤੇ ਮਰਨ ਕੰਢੇ ਸਰਮਾਏਦਰੀ ਹੈ। ਇਹ ਆਪਣੀ ਸੰਜੀਵਤਾ ਅਤੇ ਨਰੋਆਪਣ ਗੁਆ ਚੁੱਕੀ ਹੈ। ਇਸ ਦੇ ਚੌਖਟੇ ਅੰਦਰ ਦੁਨੀਆਂ ਭਰ ਦੇ ਪਛੜੇ ਦੇਸ਼ਾਂ 'ਚ ਹੋ ਰਿਹਾ ਵਿਕਾਸ ਨਾ ਸਿਰਫ਼ ਅਣਸਾਵਾਂ ਹੈ ਸਗੋਂ ਰੁੰਡਿਆ ਮਰੁੰਡਿਆ, ਅਜੋੜ ਅਤੇ ਰੋਗ ਗ੍ਰਸਤ ਹੈ। ਇਸ ਵਿਕਾਸ ਅੰਦਰ ਸਨਅਤ ਦਾ ਖੇਤੀਬਾੜੀ ਨਾਲ਼ ਅਤੇ ਪੈਦਾਵਾਰੀ ਸੈਕਟਰ ਦਾ ਖਪਤਕਾਰੀ ਸੈਕਟਰ ਨਾਲ਼

ਕੋਈ ਤਨਹੀ ਰਿਸ਼ਤਾ ਨਹੀਂ ਜਦੋਂ ਕਿ ਸਰਮਾਏਦਾਰੀ ਦੇ ਚੜ੍ਹਤ ਅਤੇ ਪ੍ਰਫੁੱਲਤਾ ਦੇ ਦੌਰ ਅੰਦਰ ਪੱਛਮੀ ਦੇਸ਼ਾਂ ਅੰਦਰ ਜੋ ਸਰਮਾਏਦਾਰੀ ਦਾ ਵਿਕਾਸ ਹੋਇਆ ਸੀ ਉਸ ਸਮੇਂ ਸਨਅਤੀ ਸੈਕਟਰ ਅਤੇ ਖੇਤੀਬਾੜੀ ਇੱਕ ਦੂਸਰੇ ਨਾਲ਼ ਜੁੜਤ ਰਿਸ਼ਤੇ 'ਚ ਵਿਕਸਤ ਹੋਏ ਸਨ। ਪ੍ਰਤੀਬੱਧ ਦਾ ਲੇਖਕ ਸਰਮਾਏਦਾਰੀ ਦੇ ਅਗਾਂਹਵਧੂ ਹੋਣ ਸਮੇਂ ਦੇ ਦੌਰ 'ਚ ਅਤੇ ਇਸ ਦੇ ਮਰਨ ਕੰਢੇ ਦੇ ਦੌਰ 'ਚ ਹੋ ਰਹੇ ਸਰਮਾਏਦਾਰੀ ਵਿਕਾਸ ਵਿੱਚ ਕੋਈ ਅੰਤਰ ਨਹੀਂ ਕਰਦਾ। ਉਸ ਮੁਤਾਬਿਕ ਪੂੰਜੀਵਾਦੀ ਵਿਕਾਸ ਤਾਂ ਦੋਹਾਂ ਖੇਤਰਾਂ ਨਾਲ਼ "ਤਨਹੀ ਰਿਸ਼ਤੇ" ਨਾਲ਼ ਹੀ ਹੋ ਰਿਹਾ ਹੈ। ਨਾ ਕਿ "ਹਵਾ ਵਿੱਚ ਹੋ ਰਿਹਾ ਹੈ।" ਇਸ ਦਾ ਅਰਥ ਹੈ ਕਿ ਪੂੰਜੀਵਾਦ ਪੱਛਮ ਦੇ ਦੇਸ਼ਾਂ ਦੀ ਤਰ੍ਹਾਂ ਹੀ ਭਾਰਤ ਅੰਦਰ ਪ੍ਰਫੁੱਲਤ ਹੋਇਆ ਹੈ ਅਤੇ ਹੋ ਰਿਹਾ ਹੈ। ਯਾਨੀ ਕਿ ਇਹ ਵਿਕਾਸ ਰੋਗਗ੍ਰਸਤ ਨਹੀਂ ਬਲਕਿ ਪੱਛਮ ਦੇ ਪਹਿਲੇ ਸਮੇਂ ਵਾਂਗ ਸਿਹਤਮੰਦ ਵਿਕਾਸ ਹੋ ਰਿਹਾ ਹੈ। ਸਿਹਤਮੰਦ ਹੀ ਨਹੀਂ ਬਲਕਿ ਇਸ ਦੇ ਵਿਕਾਸ ਦੀ ਗਤੀ ਬਹੁਤ ਤੇਜ਼ ਹੈ ਭਾਵੇਂ ਵਿੱਚ ਵਿਚਾਲੇ ਕਦੇ ਨਾ ਕਦੇ ਆਰਥਿਕ ਸੰਕਟ ਆਉਂਦੇ ਰਹਿੰਦੇ ਹਨ। ਪਰ ਇਹ ਕੋਈ ਗੱਲ ਨਹੀਂ ਕਿਉਂਕਿ ਇਹ ਤਾਂ ਅਸਥਾਈ ਵਰਤਾਰਾ ਹੈ ਅਤੇ ਪੂੰਜੀਵਾਦੀ ਪ੍ਰਬੰਧ ਅੰਦਰ ਅਕਸਰ ਦੁਹਰਾਇਆ ਜਾਂਦਾ ਹੈ। ਪਰ ਕੁੱਲ ਮਿਲਾ ਕੇ ਸਰਮਾਏਦਾਰਾ ਆਰਥਿਕ ਵਿਕਾਸ ਦੀ ਦਰ ਬਹੁਤ ਤੇਜ਼ ਹੈ। ਨਿੱਤ ਦਿਨ ਨਵੇਂ ਤੋਂ ਨਵੇਂ ਕਾਰਖਾਨੇ ਲੱਗ ਰਹੇ ਹਨ। ਸ਼ਹਿਰੀਕਰਨ ਦੀ ਰਫ਼ਤਾਰ ਕਿਸੇ ਪੱਖੋਂ ਵੀ ਪੱਛਮ ਦੀ ਸਰਮਾਏਦਾਰੀ ਦੇ ਚੜ੍ਹਤ ਦੇ ਜ਼ਮਾਨੇ ਨਾਲ਼ੋਂ ਘੱਟ ਨਹੀਂ। ਉਹ ਦੇਸ਼ ਅੰਦਰ ਸਰਮਾਏਦਾਰੀ ਵਿਕਾਸ ਦਾ ਭੁਕਾਨਾ ਇੰਝ ਫੁਲਾ ਰਹੇ ਹਨ ਜਿਸ ਨੂੰ ਦੇਖ ਸੁਣ ਕੇ ਮਨਮੋਹਣ-ਪ੍ਰਣਬ-ਆਹਲੂਵਾਲੀਆ ਦੀ ਤਿੱਕੜੀ ਵੀ ਦੰਗ ਰਹਿ ਜਾਵੇਗੀ। ਇਸ ਤਰ੍ਹਾਂ ਦੇ ਵਿਕਾਸ ਦਾ ਤਾਂ ਉਹ ਵੀ ਸੁਪਨਾ ਨਹੀਂ ਲੈਂਦੇ। ਉਨ੍ਹਾਂ ਨੂੰ ਵੀ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ, ਜ਼ਮੀਨ ਹੱਦ ਬੰਦੀ ਕਾਨੂੰਨ ਪਾਸ ਕਰਨ, ਸਬਸਿਡੀਆਂ ਅਤੇ ਹੋਰ ਸਹੂਲਤਾਂ ਦੇਣ ਦੇ ਨਾਲ਼ ਨਾਲ਼ ਪੇਂਡੂ ਮਜ਼ਦੂਰਾਂ ਅਤੇ ਗਰੀਬਾਂ ਨੂੰ ਕਣਕ, ਚੌਲ ਜਾਂ ਹੋਰ ਰਾਸ਼ਨ ਮੁਹੱਈਆ ਕਰਨ, ਉਨ੍ਹਾਂ ਨੂੰ ਰੁਜ਼ਗਾਰ ਦੇਣ ਲਈ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਬਨਾਉਣ ਅਤੇ ਅਵਾਸ ਅਤੇ ਸਿਹਤ ਸਬੰਧੀ ਤਰ੍ਹਾਂ ਤਰ੍ਹਾਂ ਦੀਆਂ ਸਕੀਮਾਂ ਘੜਨ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਕਿ ਪਿੰਡਾਂ ਅੰਦਰ ਹੀ ਆਬਾਦੀ ਦੇ ਵੱਡੇ ਹਿੱਸੇ ਨੂੰ ਟਿਕਾਇਆ ਜਾਵੇ। ਅਜਿਹਾ ਕਰਨ ਲਈ ਉਹ ਇਸ ਕਰਕੇ ਮਜ਼ਬੂਰ ਹਨ ਕਿਉਂਕਿ ਸ਼ਹਿਰਾਂ ਅੰਦਰ ਕੰਮ ਦੇ ਕੋਈ ਬਹੁਤੇ ਮੌਕੇ ਮੌਜੂਦ ਨਹੀਂ ਹਨ। ਇਸੇ ਕਰਕੇ ਹਿੰਦੋਸਤਾਨ ਦੇ ਬੁਰਜੂਆ ਅਰਥ ਸ਼ਾਸਤਰੀ ਵੀ ਇਹ ਮੰਨਣ ਲਈ ਮਜਬੂਰ ਹੁੰਦੇ ਹਨ ਕਿ ਹਿੰਦੋਸਤਾਨ ਅੰਦਰ ਹੋ ਰਿਹਾ ਸਰਮਾਏਦਾਰਾਨਾ ਵਿਕਾਸ ਰੁਜ਼ਗਾਰ ਵਿਹੂਣਾ ਆਰਥਿਕ ਵਿਕਾਸ ਹੈ। ਇਸ ਦੇ ਬਾਵਜੂਦ ਪ੍ਰਤੀਬੱਧ ਦਾ ਲੇਖਕ ਲਾਲ ਪਰਚਮ ਉੱਪਰ ਤਨਜ਼ ਕਸਦਾ ਕਹਿੰਦਾ ਹੈ ਕਿ ਲਾਲ ਪਰਚਮ ਮਨਮੋਹਣ ਸਿੰਘ - ਪ੍ਰਣਾਬ ਮੁਖਰਜੀ - ਮੋਂਟੇਕ ਸਿੰਘ ਆਹਲੂਵਾਲੀਆ ਦੀ ਤਿੱਕੜੀ ਦੀ ਅਗਵਾਈ 'ਚ ਹੋ ਰਹੇ ਵਿਕਾਸ ਨੂੰ ਸਮੁੱਚੇ ਤੌਰ 'ਤੇ ਨਹੀਂ ਦੇਖ ਰਿਹਾ, ਕਿ ਉਹ "ਅੰਸ਼ ਨੂੰ ਸਮੁੱਚ" ਬਣਾ ਰਿਹਾ ਹੈ ਅਤੇ ਪੰਜਾਬ ਅੰਦਰ ਤਾਂ ਮਿੱਲਾਂ ਅਤੇ ਖੰਡ ਮਿੱਲਾਂ ਦੇ ਬੰਦ ਹੋਣ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹੈ। ਇਸ ਤਰ੍ਹਾਂ ਲਾਲ ਪਰਚਮ ਦੀ ਸਮਝ ਉੱਪਰ ਖਫ਼ਾ ਹੁੰਦਾ ਹੋਇਆ ਉਹ ਕਹਿੰਦਾ ਹੈ ਕਿ "ਪੰਜਾਬ ਵਿੱਚ

ਗੰਨਾ ਅਤੇ ਕਤਾਈ ਮਿੱਲਾਂ ਸਨ ਹੀ ਕਿੰਨੀਆਂ ਕਿ ਉਹ ਵੱਡੀ ਪੱਧਰ 'ਤੇ ਬੰਦ ਹੋ ਗਈਆਂ ਹਨ।" ਪਰ ਅਸੀਂ ਪ੍ਰਤੀਬੱਧ ਦੇ ਲੇਖਕ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਇਹ ਤੁਸੀਂ ਕੀ ਕਹਿ ਰਹੇ ਹੋ ? ਤੁਹਾਡੇ ਮੁਤਾਬਿਕ ਤਾਂ ਦੇਸ਼ ਅੰਦਰ ਸਰਮਾਏਦਾਰਾ ਵਿਕਾਸ ਸਿਹਤਮੰਦ ਢੰਗ ਨਾਲ਼ ਹੋ ਰਿਹਾ ਹੈ ਅਤੇ ਇਸ ਦੀ ਗਤੀ ਬਹੁਤ ਤੇਜ਼ ਹੈ। ਇਹ ਤਾਂ ਅਸੀਂ ਹਾਂ ਜਿਹੜੇ ਕਹਿੰਦੇ ਹਾਂ ਕਿ ਇੱਥੋਂ ਦਾ ਸਰਮਾਏਦਾਰਾ ਵਿਕਾਸ ਰੋਗੀ ਅਤੇ ਰੁੰਡਿਆ-ਮਰੁੰਡਿਆ ਹੈ ਜਿਸ ਦਾ ਆਰਥਿਕਤਾ ਦੇ ਹੋਰ ਸੈਕਟਰਾਂ ਨਾਲ਼ ਜੋੜ ਮੇਲ ਨਹੀਂ ਹੈ। ਜੇ ਇਹ ਵਿਕਾਸ ਪਹਿਲੇ ਦੌਰ ਦੀ ਸਰਮਾਏਦਾਰੀ ਦੀ ਤਰ੍ਹਾਂ ਹੁੰਦਾ ਤਾਂ ਪੰਜਾਬ ਅੰਦਰ ਹੋਰ ਬਹੁਤ ਸਾਰੀਆਂ ਖੰਡ ਮਿੱਲਾਂ ਅਤੇ ਕਤਾਈ ਮਿੱਲਾਂ ਲੱਗਣੀਆਂ ਚਾਹੀਦੀਆਂ ਸਨ। ਪੰਜਾਬ ਜਿਹੜਾ ਦੇਸ਼ ਦੀ ਕਪਾਹ ਦੀ ਉਪਜ ਦਾ 27 ਪ੍ਰਤੀਸ਼ਤ ਪੈਦਾ ਕਰਦਾ ਹੈ ਪਰ ਇੱਥੋਂ ਦੀਆਂ ਕਤਾਈ ਮਿੱਲਾਂ ਇਸ ਦਾ ਸਿਰਫ਼ ਦੋ ਪ੍ਰਤੀਸ਼ਤ ਖਪਤ ਕਰਦੀਆਂ ਹਨ। ਇੱਕ ਅੰਦਾਜ਼ੇ ਮੁਤਾਬਿਕ ਪੰਜਾਬ ਅੰਦਰ ਕਪਾਹ ਦੀ ਉਪਜ ਦੀ ਵਰਤੋਂ ਕਰਨ ਲਈ ਇੱਥੇ 40 ਹੋਰ ਵੱਡੀਆਂ ਕਤਾਈ ਮਿੱਲਾਂ ਲੱਗ ਸਕਦੀਆਂ ਹਨ। ਇੱਥੇ ਹੋਰ ਵੱਡੀਆਂ ਕਤਾਈ ਅਤੇ ਖੰਡ ਮਿੱਲਾਂ ਤਾਂ ਕੀ ਲੱਗਣੀਆਂ ਸਨ ਸਗੋਂ ਪਹਿਲਾਂ ਵਾਲ਼ੀਆਂ ਵੀ ਬੰਦ ਹੋ ਰਹੀਆਂ ਹਨ। ਇੱਥੇ 20 ਦੇ ਲਗਭਗ ਖੰਡ ਮਿੱਲਾਂ ਸਨ ਜਿਨ੍ਹਾਂ ਵਿੱਚੋਂ 13 ਦੇ ਲਗਭਗ ਸਰਕਾਰੀ ਸਨ। ਇਨ੍ਹਾਂ ਸਰਕਾਰੀ ਮਿੱਲਾਂ ਵਿੱਚੋਂ ਸਿਰਫ਼ 4 ਹੀ ਚੱਲ ਰਹੀਆਂ ਹਨ। ਇਸੇ ਤਰ੍ਹਾਂ 25 ਦੇ ਲਗਭਗ ਕਤਾਈ ਮਿੱਲਾਂ ਜੋ ਚੱਲ ਰਹੀਆਂ ਹਨ ਉਹ ਨਿੱਜੀ ਖੇਤਰ ਦੀਆਂ ਹਨ ਜਦੋਂ ਕਿ ਮਜ਼ਦੂਰਾਂ ਨੂੰ ਵੱਡੀ ਮਾਤਰਾ ਵਿੱਚ ਸਮਾਉਣ ਵਾਲ਼ੀਆਂ 14 ਦੇ ਲਗਭਗ ਸਰਕਾਰੀ ਮਿੱਲਾਂ ਬੰਦ ਪਈਆਂ ਹਨ। ਪ੍ਰਤੀਬੱਧ ਦਾ ਲੇਖਕ ਸਨਅਤਾਂ ਬੰਦ ਹੋਣ ਦੇ ਇਸ ਵਰਤਾਰੇ ਨੂੰ ਪੇਤਲਾ ਪਾਉਣ 'ਚ ਗਲਤਾਨ ਹੈ।

ਪੰਜਾਬ ਅੰਦਰ ਕਣਕ-ਝੋਨੇ ਦਾ ਫਸਲੀ ਚੱਕਰ ਬਦਲਣ ਲਈ ਫ਼ਲ ਸਬਜ਼ੀਆਂ ਲਾਉਣ ਦਾ ਹਾਕਮ ਜਮਾਤਾਂ ਵੱਲੋਂ ਢੰਡੋਰਾ ਪਿੱਟਿਆ ਗਿਆ। ਕਿਸਾਨਾਂ ਨੇ ਫ਼ਲ ਸਬਜ਼ੀਆਂ ਉਗਾਈਆਂ ਵੀ ਪਰ ਉਸ ਦੀ ਖਪਤ ਅਤੇ ਵਿੱਕਰੀ ਦਾ ਕੋਈ ਢੁੱਕਵਾਂ ਇੰਤਜ਼ਾਮ ਨਾ ਹੋਇਆ। ਫ਼ਲ-ਸਬਜ਼ੀਆਂ ਅਧਾਰਿਤ ਕੋਈ ਸਨਅਤ ਵਿਕਸਤ ਨਹੀਂ ਕੀਤੀ ਗਈ ਜਿਸ ਕਰਕੇ ਲੋਕ ਵੱਡੀ ਪੱਧਰ 'ਤੇ ਅੰਗੂਰਾਂ ਅਤੇ ਕਿੰਨੂ ਦੇ ਬਾਗਾਂ ਨੂੰ ਪੁੱਟਣ ਲਈ ਮਜ਼ਬੂਰ ਹੋਏ ਅਤੇ ਪੰਜਾਬ ਦੇ ਆਲੂ ਗਲਣ-ਸੜਣ ਅਤੇ ਪਸ਼ੂਆਂ ਦੇ ਖਾਣ ਲਈ ਸੜਕਾਂ ਅਤੇ ਸੁੰਨੀਆਂ ਥਾਵਾਂ 'ਤੇ ਸੁੱਟ ਦਿੱਤੇ ਗਏ। ਅਜਿਹੇ ਵਿਕਾਸ ਨੂੰ ਖੇਤੀਬਾੜੀ ਅਤੇ ਸਨਅਤ ਦੇ ਤਨਹੀ ਰਿਸ਼ਤੇ ਵਾਲ਼ਾ ਵਿਕਾਸ ਕਿਵੇਂ ਕਿਹਾ ਜਾ ਸਕਦਾ ਹੈ ? ਹੁਣ ਜਦੋਂ ਪ੍ਰਤੀਬੱਧ ਦਾ ਲੇਖਕ ਇਹ ਸਵੀਕਾਰ ਕਰਦਾ ਹੈ ਕਿ ਪੰਜਾਬ ਅੰਦਰ ਗੰਨਾ ਅਤੇ ਖੰਡ ਮਿੱਲਾਂ ਲੋੜ ਨਾਲ਼ੋਂ ਬਹੁਤ ਥੋੜ੍ਹੀ ਗਿਣਤੀ 'ਚ ਲੱਗੀਆਂ ਹਨ ਤਾਂ ਕੀ ਇਹ ਹਕੀਕਤ ਪ੍ਰਤੀਬੱਧ ਦੇ ਲੇਖਕ ਦਾ ਮੂੰਹ ਨਹੀਂ ਚਿੜਾਉਂਦੀ ਜਿਹੜਾ ਸਾਨੂੰ ਵਿਅੰਗ ਕਰਦਾ ਹੋਇਆ ਇਹ ਪੁੱਛਦਾ ਹੈ, "ਜੇਕਰ ਇੱਥੇ ਹੋਣ ਵਾਲ਼ੇ ਪੂੰਜੀਵਾਦੀ ਵਿਕਾਸ ਦਾ ਇਨ੍ਹਾਂ ਦੋਹਾਂ ਖੇਤਰਾਂ ਨਾਲ਼ ਹੀ ਕੋਈ ਤਨਹੀ ਰਿਸ਼ਤਾ ਨਹੀਂ ਤਾਂ ਕੀ ਇਹ ਪੂੰਜੀਵਾਦੀ ਵਿਕਾਸ ਹਵਾ ਵਿੱਚ ਹੋ ਰਿਹਾ ਹੈ ?"

ਪ੍ਰਤੀਬੱਧ ਦੇ ਲੇਖਕ ਦਾ ਆਪਣੀ ਟਿੱਪਣੀ 'ਚ ਸਾਰਾ ਜ਼ੋਰ ਇਹ ਸਾਬਿਤ ਕਰਨ

’ਤੇ ਲੱਗਾ ਹੈ ਕਿ ਪੰਜਾਬ ਸਮੇਤ ਪੂਰੇ ਦੇਸ਼ ਅੰਦਰ ਜੋ ਸਰਮਾਏਦਾਰ ਵਿਕਾਸ ਹੋ ਰਿਹਾ ਹੈ ਉਹ ਉਸੇ ਤਰ੍ਹਾਂ ਦਾ ਹੈ ਜੋ ਪੱਛਮੀ ਦੇਸ਼ਾਂ ਵਿੱਚ ਸਰਮਾਏਦਾਰੀ ਦੇ ਚੜ੍ਹਤ ਦੇ ਦੌਰ ਵਿੱਚ ਹੋਇਆ ਹੈ। ਇਸ ਦੀ ਗਤੀ ਉਸੇ ਤਰ੍ਹਾਂ ਤੇਜ਼ ਹੈ ਜਿਸ ਤਰ੍ਹਾਂ ਪੱਛਮ ਵਿੱਚ ਸੀ। ਇਸ ਵਿਕਾਸ ਦੇ ਸਿਹਤਮੰਦ ਜਾਂ ਰੋਗੀ ਹੋਣ ਦਾ ਸਰਮਾਏਦਾਰੀ ਦੇ ਖੁੱਲ੍ਹੇ ਮੁਕਾਬਲੇ ਵਾਲ਼ੇ ਦੌਰ ਜਾਂ ਇਸ ਦੇ ਸਾਮਰਾਜੀ ਦੌਰ ਨਾਲ਼ ਕੋਈ ਸਬੰਧ ਨਹੀਂ। ਪਰ ਕੀ ਇਸ ਮਸਲੇ ਉੱਪਰ ਉਸ ਦੀ ਸਮਝ ਵਿੱਚ ਇਕਸਾਰਤਾ ਹੈ ? ਸਾਡੇ ਉੱਪਰ ਵਿਚਾਰਾਂ ਦੀ “ਇਕਸਾਰਤਾ” ਨਾ ਰੱਖਣ ਦਾ ਮਿਹਣਾ ਮਾਰਨ ਵਾਲ਼ੇ ਇਨ੍ਹਾਂ ਸੱਜਣਾਂ ਦੇ ਵਿਚਾਰਾਂ ’ਚ ਕਿੰਨੀ ਇਕਸਾਰਤਾ ਹੈ ਇਹ ਦੇਖਣ ਲਈ ਪ੍ਰਤੀਬੱਧ ਦਾ ਅਕਤੂਬਰ–ਦਸੰਬਰ 2008 ਦਾ ਅੰਕ ਉਠਾਓ ਅਤੇ ਇਸ ਦੇ ਸਫ਼ਾ 19 ਦੀਆਂ ਇਨ੍ਹਾਂ ਸਤਰਾਂ ’ਤੇ ਝਾਤ ਮਾਰੋ, “ਭਾਰਤੀ ਇਤਿਹਾਸ ਹੂ–ਬ–ਹੂ ਪੁਨਰ–ਜਾਗਰਣ–ਪ੍ਰਬੋਧਨ–ਬੁਰਜੂਆ ਇਨਕਲਾਬ ਦੇ ਯੂਰਪੀ ਰਾਹ ’ਤੇ ਚੱਲਦਾ ਹੋਇਆ ਅੱਗੇ ਵਧਦਾ, ਇਹ ਮੰਨਣਾ ਮੂਰਖ਼ਤਾ ਹੋਵੇਗੀ। ਰੂਸ ਅਤੇ ਜਪਾਨ ਜਿਹੇ ਦੇਸ਼ਾਂ ਨੇ ਪੂੰਜੀਵਾਦੀ ਵਿਕਾਸ ਦਾ ਆਪਣਾ ਸਾਪੇਖਕ ਰੂਪ ’ਚ ਵੱਖਰਾ ਰਾਹ ਚੁਣਿਆ ਸੀ ਅਤੇ ਯੂਰਪ ਵਿੱਚ ਵੀ ਜਰਮਨੀ ਅਤੇ ਪੂਰਬੀ ਦੇਸ਼ਾਂ ਦਾ ਰਾਹ ਬ੍ਰਿਟੇਨ, ਫ਼ਰਾਂਸ, ਅਮਰੀਕਾ ਆਦਿ ਦੇਸ਼ਾਂ ਵਿੱਚ ਕਾਫ਼ੀ ਵੱਖਰਾ ਸੀ। ਪਰ ਇੰਨਾ ਤੈਅ ਹੈ ਕਿ ਭਾਰਤ ਦਾ ਬਸਤੀਕਰਨ ਨਹੀਂ ਹੁੰਦਾ ਤਾਂ ਆਪਣੀ ਸੁਭਾਵਿਕ ਗਤੀ ਅਤੇ ਪ੍ਰਕਿਰਿਆ ਰਾਹੀਂ ਇੱਥੇ **ਜੋ ਪੂੰਜੀਵਾਦ ਵਿਕਸਿਤ ਹੁੰਦਾ, ਉਹ ਅੱਜ ਦੇ ਭਾਰਤੀ ਪੂੰਜੀਵਾਦ ਜਿਹਾ ਰੋਗੀ-ਬੌਣਾ-ਅਪੰਗ ਨਾ ਹੁੰਦਾ। ਇਸ ਵਿੱਚ ਉਹ ਤਾਕਤ ਹੁੰਦੀ ਕਿ ਮੱਧਯੁਗੀ ਆਰਥਿਕ ਅਧਾਰ ਦੇ ਨਾਲ਼ ਹੀ ਉੱਚ ਉਸਾਰ ਨੂੰ ਵੀ ਚਕਨਾਚੂਰ ਕਰ ਦਿੰਦਾ।**” (ਸ਼ਬਦਾਂ ’ਤੇ ਜ਼ੋਰ ਸਾਡਾ) ਕੀ ਮਕਾਨਾਂ ਦੀ ਸਮੱਸਿਆ ਦੇ ਹੱਲ ਦਾ ‘ਮਾਹਿਰ’ ਪ੍ਰਤੀਬੱਧ ਦਾ ਟਿੱਪਣੀਕਾਰ ਆਪਣੀ ਹੀ ਮੈਗਜ਼ੀਨ ’ਚ ਭਾਰਤੀ ਪੂੰਜੀਵਾਦ ਨੂੰ “ਰੋਗੀ–ਬੌਣਾ–ਅਪੰਗ” ਕਹਿਣ ਨੂੰ ਵੀ ਗ਼ਲਤ ਕਰਾਰ ਦੇਵੇਗਾ ? ਜੇ ਨਹੀਂ ਤਾਂ ਫਿਰ ਪਰਚਮ ਵੱਲੋਂ ਭਾਰਤ ਅੰਦਰ ਪੂੰਜੀਵਾਦ ਦੇ ਵਰਤਾਰੇ ਨੂੰ ਰੋਗ ਗ੍ਰਸਤ ਕਹਿਣ ’ਤੇ ਉਹ ਇਤਨੀ ਚੀਕ ਪੁਕਾਰ ਕਿਉਂ ਕਰ ਰਿਹਾ ਹੈ ਅਤੇ ਪਰਚਮ ਦੀ ਪੋਜ਼ੀਸ਼ਨ ਨੂੰ ਗ਼ਲਤ ਸਾਬਿਤ ਕਰਨ ਲਈ ਸਫ਼ਿਆਂ ਦੇ ਸਫ਼ੇ ਕਾਲ਼ੇ ਕਿਉਂ ਕਰ ਰਿਹਾ ਹੈ ?

## ਸਾਮਰਾਜਵਾਦ ਬਾਰੇ

ਸਾਮਰਾਜਵਾਦ ਦੀ ਸੰਖੇਪ ਪਰਿਭਾਸ਼ਾ ਦੇਣੀ ਹੋਵੇ ਤਾਂ ਕਾ. ਲੈਨਿਨ ਕਹਿੰਦੇ ਹਨ ਕਿ “ਇਜ਼ਾਰੇਦਾਰਾ ਪੂੰਜੀਵਾਦ” ਹੈ। ਪਰ ਇਸ ਦਾ ਅਰਥ ਕਦਾਚਿਤ ਵੀ ਇਹ ਨਹੀਂ ਕਿ ਸਾਮਰਾਜਵਾਦ ਅੰਦਰ ਮੁਕਾਬਲੇ ਦਾ ਖਾਤਮਾ ਹੋ ਜਾਂਦਾ ਹੈ। ਸਾਮਰਾਜਵਾਦ ਸਰਮਾਏਦਾਰੀ ਦੀ ਉੱਚਤਮ ਅਵਸਥਾ ਹੈ ਜਿਹੜੀ ਖੁੱਲ੍ਹੇ ਮੁਕਾਬਲੇ ਵਾਲ਼ੀ ਸਰਮਾਏਦਾਰੀ ਵਿੱਚੋਂ ਪੈਦਾ ਹੁੰਦੀ ਹੈ ਪਰ ਆਪਸੀ ਵਿਰੋਧਾਂ, ਟੱਕਰਾਂ ਅਤੇ ਲੜਾਈਆਂ ਨੂੰ ਕਾਇਮ ਰੱਖਦੀ ਹੈ। ਇਸ ਅੰਦਰ ਮੁੱਠੀ ਭਰ ਸਰਮਾਏਦਾਰਾਂ ਕੋਲ ਆਰਥਿਕ ਤਾਕਤ ਕੇਂਦਰਤ ਹੋ ਜਾਂਦੀ ਹੈ ਜੋ ਸਿੰਡੀਕੇਟਾਂ ਅਤੇ ਟਰੱਸਟਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਨ੍ਹਾਂ ਅੰਦਰ ਬੈਂਕਾਂ ਅਤੇ ਸਨਅਤਕਾਰਾਂ ਦਾ

ਸਰਮਾਇਆ ਇਕੱਠਾ ਹੋ ਕੇ ਘੁਲ ਮਿਲ ਜਾਂਦਾ ਹੈ ਅਤੇ ਵਿੱਤੀ ਸਰਮਾਏ ਦਾ ਰੂਪ ਧਾਰਨ ਕਰ ਲੈਂਦਾ ਹੈ। ਸਾਮਰਾਜਵਾਦ ਅੰਦਰ ਜਿੱਥੇ ਆਰਥਿਕ ਖੇਤਰ ਵਿੱਚ ਕੁੱਝ ਮੁੱਠੀ ਭਰ ਲੋਕਾਂ ਦਾ ਮਾਲੀ ਜੁੰਡੀ ਰਾਜ ਪੈਦਾ ਹੋ ਜਾਂਦਾ ਹੈ ਉੱਥੇ ਇਹ ਸਿਆਸੀ ਖੇਤਰ ਅੰਦਰ ਵੀ ਪਿਛਾਖੜ ਨੂੰ ਪੈਦਾ ਕਰਦਾ ਹੈ। ਸਰਮਾਏਦਾਰੀ ਦੇ ਦੋਨਾਂ ਦੌਰਾ ਦੀ ਭਿੰਨ੍ਤਾ ਨੂੰ ਦਰਸਾਉਂਦਿਆਂ ਅਸੀਂ ਪ੍ਰਤੀਬੱਧ ਉੱਪਰ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਸਰਮਾਏਦਾਰੀ ਦਾ ਰੋਲ ਅਗਾਂਹਵਧੂ ਸੀ ਕਿਉਂਕਿ ਉਹ ਜਗੀਰਦਾਰੀ ਉੱਪਰ ਸੱਟ ਮਾਰ ਰਹੀ ਸੀ ਪਰ ਪ੍ਰਤੀਬੱਧ ਵਾਲ਼ਿਆਂ ਨੇ ਇਸ ਉੱਪਰ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ "ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਜਗੀਰਦਾਰੀ ਕਿੱਥੋਂ ਆ ਗਈ ਜਿਸ ਉੱਪਰ ਸਰਮਾਏਦਾਰੀ ਸੱਟ ਮਾਰ ਰਹੀ ਸੀ।" ਅਸੀਂ ਪ੍ਰਤੀਬੱਧ ਦੇ ਲੇਖਕਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦੀ ਆਲੋਚਨਾ ਕਰਕੇ ਉਹ ਕਿਹੜਾ ਸਿਆਸੀ ਸੰਦੇਸ਼ ਦੇਣਾ ਚਾਹੁੰਦੇ ਹਨ ਅਤੇ ਖੁੱਲ੍ਹੇ ਮੁਕਾਬਲੇ ਅਤੇ ਇਜ਼ਾਰੇਦਾਰੀ ਵਾਲ਼ੇ ਸਰਮਾਏ ਦੇ ਦੋਨਾਂ ਦੌਰਾਂ ਦੇ ਫਰਕ ਦੇ ਕੀ ਸਿਆਸੀ ਅਰਥ ਕੱਢਦੇ ਹਨ ? ਕਾ. ਲੈਨਿਨ ਨੇ ਇਹ ਵਖਰੇਵਾਂ ਇਉਂ ਕੀਤਾ ਹੈ, "ਇਸ ਨਵੀਂ ਆਰਥਿਕਤਾ ਦੀ, ਅਜ਼ਾਰੇਦਾਰਾ ਸਰਮਾਏਦਾਰੀ (ਸਾਮਰਾਜ ਅਜ਼ਾਰੇਦਾਰਾ ਹੈ) ਦੀ ਰਾਜਸੀ ਪਰਾ-ਬਣਤਰ ਜਮਹੂਰੀਅਤ ਵੱਲੋਂ ਰਾਜਸੀ ਪਿਛਾਖੜ ਵੱਲ ਤਬਦੀਲੀ ਹੈ। ਜਮਹੂਰੀਅਤ ਆਜ਼ਾਦ ਮੁਕਾਬਲੇ ਨਾਲ਼ ਮੇਲ ਖਾਂਦੀ ਹੈ। ਰਾਜਸੀ ਪਿਛਾਖੜ ਅਜ਼ਾਰੇਦਾਰੀ ਨਾਲ਼ ਮੇਲ ਖਾਂਦਾ ਹੈ।" ਇੱਥੇ ਕਾ. ਲੈਨਿਨ ਵੱਲੋਂ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਜਦੋਂ ਜਮਹੂਰੀਅਤ ਦੀ ਚਰਚਾ ਕੀਤੀ ਜਾ ਰਹੀ ਹੈ ਤਾਂ ਉਹ ਜਗੀਰਦਾਰੀ ਦੇ ਮੁਕਾਬਲੇ ਵਿੱਚ ਇਸ ਦੀ ਸਥਾਪਨਾ ਨੂੰ ਅਗਾਂਹਵਧੂ ਮੰਨਦਾ ਹੈ ਜੋ ਅੱਗੇ ਸਾਮਰਾਜੀ ਦੌਰ ਵਿੱਚ ਫਿਰ ਪਿਛਾਖੜੀ ਰੂਪ ਅਖ਼ਤਿਆਰ ਕਰ ਰਹੀ ਹੈ। ਸਾਮਰਾਜੀ ਦੌਰ ਤੋਂ ਪਹਿਲਾਂ ਦੀ ਸਰਮਾਏਦਾਰੀ ਨੂੰ ਜਗੀਰਦਾਰੀ ਦੇ ਵਿਰੋਧ 'ਚ ਆਉਂਦੀ ਹੋਣ ਕਰਕੇ ਹੀ ਅਗਾਂਹਵਧੂ ਅਤੇ ਜਮਹੂਰੀ ਮੰਨਿਆ ਜਾਂਦਾ ਹੈ। ਇਸ ਨੂੰ ਹੋਰ ਵੱਧ ਸਪੱਸ਼ਟਾ ਨਾਲ਼ ਪੇਸ਼ ਕਰਦਿਆਂ ਕਾ. ਲੈਨਿਨ ਸਮਾਜਵਾਦ ਤੇ ਜੰਗ ਨਾਮੀਂ ਆਪਣੀ ਕ੍ਰਿਤ ਵਿੱਚ ਇਹ ਕਹਿੰਦੇ ਹਨ, "ਮਹਾਨ ਫ਼ਰਾਂਸੀਸੀ ਇਨਕਲਾਬ ਨੇ ਮਨੁੱਖਤਾ ਦੇ ਇਤਿਹਾਸ ਵਿੱਚ ਨਵਾਂ ਦੌਰ ਸ਼ੁਰੂ ਕੀਤਾ। ਉਦੋਂ ਤੋਂ ਲੈ ਕੇ ਪੈਰਿਸ ਕਮਿਊਨ ਤੱਕ ਭਾਵ 1789 ਤੇ 1871 ਵਿਚਕਾਰ ਇੱਕ ਤਰ੍ਹਾਂ ਦੀ ਕੌਮੀ ਆਜ਼ਾਦੀ ਲਈ ਲੜੀ ਗਈ ਜੰਗ ਬੁਰਜੂਆ ਅਗਾਂਹਵਧੂ ਖਾਸੇ ਦੀ ਸੀ। ਦੂਜੇ ਸ਼ਬਦਾਂ ਵਿੱਚ ਨਿਰੰਕੁਸ਼ਵਾਦ ਤੇ ਸਾਮੰਤਵਾਦ ਦਾ ਤਖ਼ਤਾ ਉਲਟਾਇਆ ਜਾਣਾ, ਇਨ੍ਹਾਂ ਸੰਸਥਾਵਾਂ ਨੂੰ ਢਾਹ ਲਾਉਣਾ ਤੇ ਬਦੇਸ਼ੀ ਜ਼ਬਰ ਨੂੰ ਲਾਹ ਮਾਰਨਾ ਇਹੋ ਜਿਹੀਆਂ ਜੰਗਾਂ ਦਾ ਮੁੱਖ ਵਸਤੂ ਤੇ ਇਤਿਹਾਸਕ ਮਹੱਤਤਾ ਸੀ। ਇਸ ਲਈ ਇਹ ਅਗਾਂਹਵਧੂ ਜੰਗਾਂ ਸਨ।" ਹੁਣ ਤੁਸੀਂ ਦੱਸੋ ਪ੍ਰਤੀਬੱਧ ਵਾਲ਼ਿਓ, ਕਿ ਤੁਹਾਡੇ ਵੱਲੋਂ ਕੀਤੀ ਟਿੱਪਣੀ ਦਾ ਕਾ. ਲੈਨਿਨ ਵੱਲੋਂ ਪੇਸ਼ ਕੀਤੀ ਸਮਝ ਦਾ ਨਾਲ਼ ਕੀ ਮੇਲ ਹੈ ਅਤੇ ਸਾਡੇ ਵੱਲੋਂ ਪੇਸ਼ ਕੀਤੀ ਸਮਝ ਕਾ. ਲੈਨਿਨ ਦੀਆਂ ਉਪਰੋਕਤ ਸਤਰਾਂ ਨਾਲ਼ੋਂ ਕੀ ਵਖਰੇਵਾਂ ਹੈ ?

## “ਸਮਾਜਵਾਦ ਦੇ ਤੁੱਲ” ਹੋਣ ਬਾਰੇ

ਘਰਾਂ ਦੇ ਮਸਲੇ ਉੱਪਰ ਚੱਲ ਰਹੀ ਬਹਿਸ ਕਰਦੇ ਸਮੇਂ ਅਸੀਂ ਕਿਹਾ ਸੀ ਕਿ ਏਂਗਲਜ਼ ਜਦੋਂ ਇਸ ਮਸਲੇ ਨੂੰ ਨਜਿੱਠ ਰਹੇ ਸਨ ਤਾਂ ਉਹ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦੀਆਂ ਦੀ ਗ਼ਲਤ ਪੋਜ਼ੀਸ਼ਨ ਉੱਪਰ ਸੱਟ ਮਾਰ ਰਹੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਵਿਗਿਆਨਕ ਸਮਾਜਵਾਦ ਹੀ ਇਸ ਮਸਲੇ ਦਾ ਢੁਕਵਾਂ ਹੱਲ ਕਰ ਸਕਦਾ ਹੈ। ਦੂਸਰੇ ਪਾਸੇ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਇਸ ਮਸਲੇ ਨੂੰ ਪੂੰਜੀਵਾਦੀ ਢਾਂਚੇ ਦੀ ਵਲਗਣ ਅੰਦਰ ਰਹਿੰਦਿਆਂ ਹੀ ਹੱਲ ਕਰਨਾ ਚਾਹੁੰਦੇ ਹਨ। ਇਸ ਸੰਦਰਭ ਵਿੱਚ ਅਸੀਂ ਏਂਗਲਜ਼ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀਆਂ ਦੀ ਪੋਜ਼ੀਸ਼ਨ ਨੂੰ ਗ਼ਲਤ ਕਿਹਾ ਸੀ। ਉਨ੍ਹਾਂ ਦੀ ਪੋਜ਼ੀਸ਼ਨ “ਸਮਾਜਵਾਦ ਦੇ ਤੁੱਲ” ਹੈ ਅਜਿਹਾ ਵਿਚਾਰ ਸਾਡਾ ਕਦੇ ਵੀ ਨਹੀਂ ਸੀ ਅਤੇ ਨਾ ਹੈ। ਸਾਡੇ ਕਹਿਣ ਦਾ ਅਰਥ ਇਹ ਸੀ ਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰਾਂ ਦੇ ਮਾਲਿਕ ਬਨਾਉਣ ਨੂੰ ਹੀ ਮਜ਼ਦੂਰਾਂ ਦਾ ਭਲਾ ਸਮਝਦੇ ਸਨ ਪਰ ਇਸ ਸਮੱਸਿਆ ਦਾ ਹੱਲ ਸਰਮਾਏਦਾਰੀ ਪ੍ਰਬੰਧ ਦੇ ਘੇਰੇ ਅੰਦਰ ਰਹਿੰਦਿਆਂ ਹੀ ਕਰਨਾ ਚਾਹੁੰਦੇ ਸਨ। ਇਸੇ ਕਰਕੇ ਉਨ੍ਹਾਂ ਨੂੰ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਕਿਹਾ ਜਾਂਦਾ ਸੀ। ਉਨ੍ਹਾਂ ਦੀ ਪੋਜ਼ੀਸ਼ਨ ਵਿਗਿਆਨਕ ਸਮਾਜਵਾਦ ਦੇ ਨਹੀਂ ਬਲਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦ ਦੇ ਤੁਲ ਸੀ। ਵਿਗਿਆਨਕ ਸਮਾਜਵਾਦ ਬਾਰੇ ਸਾਡੀ ਸਮਝ ਤੋਂ ਜਾਣੂੰ ਹੋਣ ਦੇ ਬਾਵਜੂਦ ਪ੍ਰਤੀਬੱਧ ਦਾ ਲੇਖਕ ਸਾਡੀ ਪੋਜ਼ੀਸ਼ਨ ਨੂੰ ਜਾਂ ਤਾਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ ਅਤੇ ਜਾਂ ਸਾਡਾ ਵਿਰੋਧ ਕਰਨ ਅਤੇ ਸਾਡੀ ਸਮਝ ਨੂੰ “ਪੈਟੀ ਬੁਰਜੂਆ” ਸਾਬਿਤ ਕਰਨ ਦੀ ਅੰਨ੍ਹੀ ਧੁੱਸ ਵਿੱਚੋਂ ਇਸ ਨੂੰ ਵਿਗਾੜ ਕੇ ਪੇਸ਼ ਕਰਦਾ ਹੈ ਅਤੇ ਇਸ ਦੇ ਮਨਘੜਤ ਅਰਥ ਕੱਢਦਾ ਹੈ। ਅਜਿਹਾ ਕਰਦਾ ਹੋਇਆ ਉਹ ਸਾਡੀ ਪੋਜ਼ੀਸ਼ਨ ਬਾਰੇ “ਹਾਸੇ ਅਤੇ ਦਇਆ ਦਾ ਮਿਲ਼ਿਆ ਜੁਲ਼ਿਆ ਅਨੁਭਵ” ਕਰਦਾ ਹੈ ਅਤੇ ਆਪਣੇ ਆਪ ਨੂੰ ਗੂੜ੍ਹ ਗਿਆਨੀ ਸਮਝਣ ਦੇ ਹੰਕਾਰੀ ਰਵੱਈਏ ਦੀ ਖ਼ੂਬ ਨੁਮਾਇਸ਼ ਲਾਉਂਦਾ ਹੈ।

## ਪ੍ਰਤੀਬੱਧ ਦੇ ਵਿਚਾਰਾਂ ’ਚ ਇਕਸਾਰਤਾ ਕਿ ਘਚੋਲਾਪਣ

ਲਾਲ ਪਰਚਮ ਅਤੇ ਚਮਕਦਾ ਲਾਲ ਤਾਰਾ ਦੀ ਏਕਤਾ ਤੋਂ ਬਾਅਦ ਜੋ ਸਮਝ ਅਪਣਾਈ ਗਈ ਉਸ ਬਾਰੇ ਪ੍ਰਤੀਬੱਧ ਦਾ ਇਤਰਾਜ਼ ਹੈ ਕਿ ਲਾਲ ਪਰਚਮ ਦੀ ਸਿਆਸੀ ਸਮਝ ਵਿੱਚ “ਇਕਸਾਰਤਾ ਨਜ਼ਰ” ਨਹੀਂ ਆਉਂਦੀ। ਅਸੀਂ ਸਮਝਦੇ ਹਾਂ ਕਿ ਪ੍ਰਤੀਬੱਧ ਦਾ ਇਹ ਇਤਰਾਜ਼ ਗੈਰਵਾਜ਼ਬ ਹੈ ਕਿਉਂਕਿ ਇਨਕਲਾਬੀ ਅਭਿਆਸ ਦੌਰਾਨ ਸਾਹਮਣੇ ਆਈਆਂ ਘਾਟਾਂ ਕਮਜ਼ੋਰੀਆਂ ਦਾ ਮੁਲਾਂਕਣ ਕਰਕੇ ਇਸ ਨੂੰ ਠੀਕ ਕਰਨਾ ਅਤੇ ਕਿਸੇ ਦੋ ਇਨਕਲਾਬੀ ਪਰਚਿਆਂ ਦੀ ਏਕਤਾ ਸਮੇਂ ਬੁਨਿਆਦੀ ਮਸਲਿਆਂ ਉੱਪਰ ਸਹਿਮਤੀ ਕਰਕੇ ਇਨ੍ਹਾਂ ਨੂੰ ਹੋਰ

ਗਹਿਰਾਈ ਨਾਲ਼ ਵਾਚਣ ਅਤੇ ਆਪਣੀ ਸਮਝ ਨੂੰ ਹੋਰ ਵਿਕਸਤ ਕਰਨ ਦਾ ਕਾਰਜ ਤੈਅ ਕਰਨਾ ਆਪਣੇ ਆਪ ਵਿੱਚ ਕੋਈ ਹੇਠੀ ਵਾਲ਼ੀ ਗੱਲ ਨਹੀਂ। ਬੁਨਿਆਦੀ ਪਹੁੰਚ ਉੱਪਰ ਇਕਮੱਤ ਹੋਣ ਤੋਂ ਬਾਅਦ ਇਸ ਦੀ ਰੌਸ਼ਨੀ ਵਿੱਚ ਮਤਭੇਦਾਂ ਨੂੰ ਸੁਲਝਾਉਣਾ ਅਤੇ ਹਾਸਲ ਸਮਝਦਾਰੀ ਨੂੰ ਉਚੇਰੇ ਪੱਧਰ 'ਤੇ ਲੈ ਜਾਣ ਦਾ ਤਰੀਕਾਕਾਰ ਜਿੱਥੇ ਕੱਟੜਵਾਦ ਦਾ ਨਿਖੇਧ ਹੈ ਉਥੇ ਇਹ ਮੌਕਾਪ੍ਰਸਤ, ਬੇਅਸੂਲੀ ਅਤੇ "ਰਾਜ਼ੀਨਾਮਾ" ਕਿਸਮ ਦੀ ਏਕਤਾ ਦਾ ਵੀ ਨਿਖੇਧ ਹੈ। ਲਾਲ ਪਰਚਮ ਅਤੇ ਚਮਕਦਾ ਲਾਲ ਤਾਰਾ ਨੇ 2005 ਵਿੱਚ ਏਕਤਾ ਹਾਸਲ ਕਰਕੇ ਇੱਕ ਅਗਾਂਹ ਵੱਲ ਪੁਲਾਂਘ ਪੁੱਟੀ ਹੈ। ਦੋਵਾਂ ਇਨਕਲਾਬੀ ਪਰਚਿਆਂ ਦੀ ਏਕਤਾ ਤੋਂ ਬਾਅਦ ਇਸ ਦਾ ਕੋਈ ਵੀ ਨਾਂ ਹੋ ਸਕਦਾ ਸੀ। ਜੇਕਰ ਇਹ ਨਾਂ ਲਾਲ ਪਰਚਮ ਹੀ ਰੱਖਿਆ ਗਿਆ ਹੈ ਤਾਂ ਇਸ ਦਾ ਕਤਈ ਇਹ ਅਰਥ ਨਹੀਂ ਕਿ ਇਸ ਦਾ ਵਜੂਦ ਹਰ ਹਾਲ ਏਕਤਾ ਤੋਂ ਪਹਿਲਾਂ ਦੇ ਲਾਲ ਪਰਚਮ ਵਰਗਾ ਹੋਣਾ ਚਾਹੀਦਾ ਹੈ। ਏਕਤਾ ਸਮੇਂ ਜੋ ਸੇਧ ਦੋਨਾਂ ਪਰਚਿਆਂ ਨੇ ਤਹਿ ਕੀਤੀ ਸੀ ਲਾਲ ਪਰਚਮ ਉਸੇ ਦੀ ਲਗਾਤਾਰ ਪੈਰਵਈ ਕਰਦਾ ਆ ਰਿਹਾ ਹੈ ਅਤੇ ਇਸ ਮਾਮਲੇ 'ਚ ਇਹ ਕਿਹਾ ਜਾ ਸਕਦਾ ਹੈ ਕਿ ਲਾਲ ਪਰਚਮ ਦੀ ਸਮਝ 'ਚ "ਇਕਸਾਰਤਾ" ਹੈ। ਇਸ ਦਾ ਅਮਲ ਪ੍ਰਤੀਬੱਧ ਦੀ ਧਿਰ ਵਾਂਗ ਨਹੀਂ ਜੋ ਇੱਕੋ ਸਮੇਂ ਕਹਿ ਕੁਝ ਹੋਰ ਰਹੀ ਹੁੰਦੀ ਹੈ ਪਰ ਕਰ ਕੁਝ ਹੋਰ ਰਹੀ ਹੁੰਦੀ ਹੈ। ਹੋ ਸਕਦਾ ਹੈ ਕਿ ਪ੍ਰਤੀਬੱਧ ਦੇ ਲੇਖਕ ਸਾਡੇ ਇਸ ਕਥਨ 'ਤੇ ਅੱਗ ਬਬੂਲਾ ਹੋ ਉੱਠਣ ਅਤੇ ਝੂਠ, ਝੂਠ ਦਾ ਸ਼ੋਰ ਪਾਉਣਾ ਸ਼ੁਰੂ ਕਰ ਦੇਣ। ਪਰ ਅਜਿਹਾ ਕਰਨ ਤੋਂ ਪਹਿਲਾਂ ਅਸੀਂ ਉਨ੍ਹਾਂ ਨੂੰ ਜ਼ਰਾ ਤਹੱਮਲ ਰੱਖਣ ਅਤੇ ਆਪਣੀ ਧਿਰ ਵੱਲੋਂ ਜਾਰੀ ਕੀਤੇ ਗਏ "ਮੰਗ-ਪੱਤਰ 2011" ਵੱਲ ਗਹੁ ਕਰਨ ਦੀ ਅਪੀਲ ਕਰਾਂਗੇ ਜੋ ਉਸ ਵੱਲੋਂ ਮਜ਼ਦੂਰਾਂ ਦੇ ਦਸਤਖ਼ਤ ਕਰਵਾਕੇ ਭਾਰਤ ਦੀ ਪਾਰਲੀਮੈਂਟ ਅਤੇ ਭਾਰਤ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ। ਆਓ ਦੇਖੀਏ ਕਿ ਮਜ਼ਦੂਰਾਂ ਦੇ ਰਹਾਇਸ਼ੀ ਘਰਾਂ ਦੇ ਸੁਆਲ 'ਤੇ ਲਾਲ ਪਰਚਮ ਨੂੰ ਪਾਣੀ ਪੀ ਪੀ ਕੋਸਣ ਵਾਲ਼ੇ ਲੋਕ "ਮੰਗ-ਪੱਤਰ 2011" ਵਿੱਚ ਕਿਵੇਂ ਉਲਟ ਟਪੂਸੀ ਮਾਰ ਰਹੇ ਹਨ। 26 ਸ਼੍ਰੇਣੀਆਂ 'ਚ ਵੰਡੇ ਇਸ ਮੰਗ ਪੱਤਰ ਦੀ 14ਵੀਂ ਸ਼੍ਰੇਣੀ ਦੇ ਤੀਸਰੇ ਭਾਗ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ: "(3) ਰਿਹਾਇਸ਼ ਦਾ ਅਧਿਕਾਰ : (ਕ) ਰਿਹਾਇਸ਼ ਦੇ ਅਧਿਕਾਰ ਨੂੰ ਮਜ਼ਦੂਰਾਂ ਸਮੇਤ ਸਾਰੇ ਸ਼ਹਿਰੀਆਂ ਦੇ ਮੌਲਿਕ ਅਧਿਕਾਰ ਦੇ ਰੂਪ ਵਿੱਚ ਸੰਵਿਧਾਨ 'ਚ ਥਾਂ ਦਿੱਤੀ ਜਾਵੇ। (ਖ) ਦੇਸ਼ ਦੇ ਹਰ ਪਰਿਵਾਰ ਨੂੰ ਸਰਕਾਰ ਸਮਾਂਬੱਧ ਪ੍ਰੋਗਰਾਮ ਦੇ ਤਹਿਤ ਘੱਟੋ ਘੱਟ ਸਹੂਲਤਾਂ ਅਤੇ ਮਨੁੱਖੀ ਸ਼ਾਨ ਦੇ ਨਾਲ਼ ਰਹਿ ਸਕਣਯੋਗ ਘਰ ਮੁਹੱਈਆ ਕਰਵਾਏ। (ਗ) ਸਰਕਾਰ ਸ਼ਹਿਰੀਆਂ ਨੂੰ ਪਲਾਟ ਜਾਂ ਘਰ ਉੱਤੇ ਨਿੱਜੀ ਮਾਲਕੀ ਨਾ ਦੇਵੇ ਬਲਕਿ ਘਰ ਬਣਾ ਕੇ ਉਨ੍ਹਾਂ ਨੂੰ ਅਲਾਟ ਕਰੇ। (ਘ) ਦੇਸ਼ ਪੱਧਰ 'ਤੇ ਸਭ ਨੂੰ ਰਿਹਾਇਸ਼ ਪ੍ਰਬੰਧ ਦੇ ਲਈ ਵੱਡੇ ਵਪਾਰਕ ਵਿੱਤੀ ਸਨਅਤੀ ਅਦਾਰਿਆਂ ਅਤੇ ਉੱਚ ਆਮਦਨ ਵਾਲ਼ੀ ਸ਼੍ਰੇਣੀ ਦੇ ਲੋਕਾਂ ਉੱਤੇ ਵਿਸ਼ੇਸ਼ ਟੈਕਸ ਲਾ ਕੇ ਧਨ ਦਾ ਪ੍ਰਬੰਧ ਕੀਤਾ ਜਾਵੇ। (ਘ) ਇਹ ਲੰਬੇ ਸਮੇਂ ਦੀ ਮੰਗ ਪੂਰੀ ਹੋਣ ਤੱਕ, ਸਾਡੀ ਫੌਰੀ ਮੰਗ ਇਹ ਹੈ ਕਿ ਸ਼ਹਿਰਾਂ 'ਚ ਮਜ਼ਦੂਰਾਂ ਤੇ ਗਰੀਬਾਂ ਦੀਆਂ ਸਾਰੀਆਂ ਬਸਤੀਆਂ ਨੂੰ ਨਿਯਮਤ ਕਰਕੇ ਉੱਥੇ ਸਾਰੀਆਂ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ (ਙ) ਅਸਲੀ ਲੋਕ ਹਿੱਤ ਲਈ ਜਦੋਂ ਕਦੇ ਰਿਹਾਇਸ਼ੀ ਥਾਵਾਂ ਨੂੰ ਹਟਾਉਣਾ ਲਾਜ਼ਮੀ ਹੋ

ਜਾਵੇ ਤਾਂ ਸਮੁੱਚੇ ਤੌਰ 'ਤੇ ਬਦਲਵੇਂ ਪ੍ਰਬੰਧ ਕਰਕੇ ਅਤੇ ਛੇ ਮਹੀਨੇ ਪਹਿਲਾਂ ਨੋਟਿਸ ਦੇਣ ਤੋਂ ਬਾਅਦ ਹੀ ਕਿਸੇ ਸ਼ਹਿਰੀ ਨੂੰ ਉਸ ਦੀ ਰਿਹਾਇਸ਼ ਤੋਂ ਹਟਾਇਆ ਜਾਵੇ।

4. ਮਜ਼ਦੂਰਾਂ ਦੀ ਰਿਹਾਇਸ਼ ਦਾ ਅਧਿਕਾਰ: (12) ਨਿੱਜੀ ਮਾਲਕੀ ਅਤੇ ਸਰਕਾਰੀ ਅਦਾਰਿਆਂ ਦੇ ਸਾਰੇ ਸਥਾਈ-ਅਸਥਾਈ ਮਜ਼ਦੂਰ ਕਰਮਚਾਰੀਆਂ ਦੀ ਰਿਹਾਇਸ਼ ਦੀ ਜ਼ਿੰਮੇਵਾਰੀ ਨਿਯੁਕਤ ਕਰਨ ਵਾਲ਼ਿਆਂ ਦੀ ਹੋਣੀ ਚਾਹੀਦੀ ਹੈ। ਇਸ ਦੇ ਲਈ ਸਰਕਾਰ ਜ਼ਰੂਰੀ ਕਾਨੂੰਨ ਪਾਸ ਕਰੇ (ਖ) ਸਰਕਾਰ ਦੇ ਉੱਚ ਆਮਦਨ ਦੇ ਵਰਗ ਦੇ ਲੋਕਾਂ ਅਤੇ ਨਿਯੁਕਤ ਕਰਨ ਵਾਲ਼ਿਆਂ ਉੱਪਰ ਵਿਸ਼ੇਸ਼ ਟੈਕਸ ਲਾ ਕੇ ਗੈਰ-ਜਥੇਬੰਦ/ਗੈਰ ਰਸਮੀ/ਮਜ਼ਦੂਰਾਂ ਦੇ ਲਈ ਸਰਕਾਰੀ ਕਲੋਨੀਆਂ ਦੀ ਉਸਾਰੀ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਮਜ਼ਦੂਰਾਂ ਵੱਲੋਂ ਝੱਲ ਸਕਣਯੋਗ ਕਿਰਾਏ ਉੱਪਰ ਅਲਾਟ ਕਰਨਾ ਚਾਹੀਦਾ ਹੈ।"

ਪ੍ਰਤੀਬੱਧ ਧਿਰ ਦੇ ਮੰਗ-ਪੱਤਰ 2011 'ਚ ਦਰਜ ਰਿਹਾਇਸ਼ੀ ਥਾਵਾਂ ਸਬੰਧੀ ਸਾਡੇ ਵੱਲੋਂ ਹਵਾਲੇ ਦੇਣ ਦਾ ਅਰਥ ਇਹ ਨਹੀਂ ਕਿ ਅਸੀਂ ਇਸ 'ਮੰਗ-ਪੱਤਰ' ਨਾਲ਼ ਸਹਿਮਤ ਹਾਂ। ਇਸ 'ਮੰਗ-ਪੱਤਰ' ਨੂੰ ਮਜ਼ਦੂਰ ਜਮਾਤ ਦੇ ਇਤਿਹਾਸਕ ਦਿਹਾੜੇ 'ਮਈ ਦਿਵਸ' ਨਾਲ਼ ਜਿਸ ਤਰ੍ਹਾਂ ਜੋੜਿਆ ਗਿਆ ਹੈ ਅਤੇ ਜਿਸ ਤਰ੍ਹਾਂ ਮੰਗਾਂ ਦੀ ਪੇਸ਼ਕਾਰੀ ਕੀਤੀ ਗਈ ਹੈ ਉਹ ਮਈ ਦਿਨ ਦੀ ਸਪਿਰਟ ਨਾਲ਼ ਉਕਾ ਹੀ ਬੇਮੇਲ ਹੈ। ਮਈ ਦਿਨ ਉੱਪਰ ਮਜ਼ਦੂਰ ਜਮਾਤ ਆਪਣੀਆਂ ਫੌਰੀ, ਆਰਥਿਕ ਜਾਂ ਅੰਸ਼ਿਕ ਮਸਲਿਆਂ/ਮੰਗਾਂ ਉੱਪਰ ਵਿਚਾਰ ਕਰਨ ਤੱਕ ਸੀਮਤ ਨਹੀਂ ਰਹਿੰਦੀ ਸਗੋਂ ਉਹ ਇਨ੍ਹਾਂ ਤੋਂ ਅੱਗੇ ਜਾ ਕੇ ਆਪਣੇ ਇਤਿਹਾਸਕ ਮਿਸ਼ਨ ਨੂੰ ਬੁਲੰਦ ਕਰਦੀ ਹੈ ਅਤੇ ਆਪਣੇ ਕੌਮਾਂਤਰੀ ਅਤੇ ਕੌਮੀ ਦੁਸ਼ਮਣਾਂ ਨੂੰ ਸਪੱਸ਼ਟ ਟਿੱਕਦੀ ਹੋਈ ਉਨ੍ਹਾਂ ਵੱਲੋਂ ਸਿਰਜੇ ਲੋਕ ਦੁਸ਼ਮਣ, ਜਾਬਰ ਅਤੇ ਪਿਛਾਂਹਖਿੱਚੂ ਸਿਆਸੀ-ਸਮਾਜਿਕ ਢਾਂਚੇ ਨੂੰ ਮੁੱਢੋਂ-ਸੁਢੋਂ ਤਬਦੀਲ ਕਰਨ ਦਾ ਗਰਜਵਾਂ ਐਲਾਨ ਕਰਦੀ ਹੈ। ਇਸ ਦਿਨ ਉੱਤੇ ਮਜ਼ਦੂਰ ਜਮਾਤ ਦੀਆਂ ਮੰਗਾਂ ਨੂੰ ਲੋਕ ਦੁਸ਼ਮਣ ਢਾਂਚੇ ਅੰਦਰ ਸੀਮਤ ਕਰਕੇ ਪੇਸ਼ ਕਰਨਾ ਅਤੇ ਉਹ ਵੀ ਪਿਛਾਂਹਖਿੱਚੂ ਸੱਤਾ ਦੇ ਥੰਮ ਪਾਰਲੀਮੈਂਟ ਅਤੇ ਇਸ ਦੇ ਖੈਰ ਖੁਆਹ ਇਸ ਦੇ ਨੁਮਾਇੰਦਿਆਂ ਅੱਗੇ ਰੱਖਣਾ ਇਸ ਮੰਗ ਪੱਤਰ ਨੂੰ ਆਰਥਿਕਵਾਦ-ਸੁਧਾਰਵਾਦ ਦਾ ਪੁਲੰਦਾ ਬਣਾ ਧਰਦਾ ਹੈ। ਦਾਅਪੇਚਕ ਪੱਖ ਤੋਂ ਲਿਆਂ ਵੀ ਇਸ ਮੰਗ ਪੱਤਰ 'ਚ ਅਜਿਹੀਆਂ ਮੰਗਾਂ ਦਰਜ ਹਨ ਜਿਨ੍ਹਾਂ ਨੂੰ ਮਾਰਕਸਵਾਦੀ-ਲੈਨਿਨਵਾਦੀ ਨੁਕਤਾ ਨਜ਼ਰ ਤੋਂ ਦਰੁਸਤ ਨਹੀਂ ਠਹਿਰਾਇਆ ਜਾ ਸਕਦਾ। ਇਸ ਦਾ ਸਮੁੱਚੇ ਤੌਰ 'ਤੇ ਮੁਲਾਂਕਣ ਕਰਨਾ ਇਸ ਟਿੱਪਣੀ ਦਾ ਵਿਸ਼ਾ ਨਹੀਂ ਹੈ। ਇਸ ਮਕਸਦ ਲਈ ਇੱਕ ਵੱਖਰੇ ਆਰਟੀਕਲ ਦੀ ਲੋੜ ਹੈ।

ਬਹੁਤ ਸਾਰੀਆਂ ਸਮੱਸਿਆਵਾਂ ਦੇ ਬਾਵਜੂਦ "ਮੰਗ-ਪੱਤਰ" ਦਾਅਪੇਚਕ ਤੌਰ 'ਤੇ ਮਜ਼ਦੂਰਾਂ ਦੇ ਮਸਲਿਆਂ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ ਖਾਸ ਤੌਰ 'ਤੇ ਮਜ਼ਦੂਰਾਂ ਨੂੰ ਰਿਹਾਇਸ਼ ਮੁਹੱਈਆ ਕਰਵਾਉਣ ਪੱਖੋਂ ਇਹ ਲੰਬੇ ਅਤੇ ਫੌਰੀ ਦਾਅ ਤੋਂ ਇਸ ਨੂੰ ਸੰਬੋਧਨ ਹੋਣ ਲਈ ਯਤਨਸ਼ੀਲ ਹੈ। ਭਾਵੇਂ ਇਸ ਵਿੱਚ ਵੀ ਸਪੱਸ਼ਟਤਾ ਦੀ ਘਾਟ ਹੈ ਪਰ ਇਸ ਦੇ ਬਾਵਜੂਦ ਇੱਕ ਗੱਲ ਪ੍ਰਤੱਖ ਹੈ ਕਿ ਇਹ ਮਜ਼ਦੂਰਾਂ ਲਈ ਰਿਹਾਇਸ਼ੀ ਘਰਾਂ ਦੀ ਲੋੜ ਮਹਿਸੂਸ ਕਰਦਾ ਹੈ। ਇਹ ਘਰ ਉਨ੍ਹਾਂ ਦੇ ਮੌਲਿਕ ਅਧਿਕਾਰ ਦੇ ਰੂਪ ਵਿੱਚ, ਅਲਾਟਮੈਂਟ ਦੇ ਰੂਪ ਵਿੱਚ

ਜਾਂ ਸਹਿਣਯੋਗ ਕਿਰਾਏ ਵਾਲ਼ੇ ਘਰਾਂ ਦੇ ਰੂਪ ਵਿੱਚ ਹੋ ਸਕਦੇ ਹਨ। ਇਸ ਦਾ ਸਾਰ ਤੱਤ ਪ੍ਰਤੀਬੱਧ ਦੇ ਲੇਖਕਾਂ ਵੱਲੋਂ ਲਾਲ ਪਰਚਮ ਅਤੇ ਲੋਕ ਮੋਰਚਾ ਉੱਪਰ ਕੀਤੀਆਂ ਟਿੱਪਣੀਆਂ ਨਾਲ਼ ਬਿਲਕੁਲ ਮੇਲ ਨਹੀਂ ਖਾਂਦਾ। ਉਹ, "ਮੰਗ-ਪੱਤਰ" ਵਿੱਚ ਜਿਸ ਤਰ੍ਹਾਂ ਘਰਾਂ ਦੀ ਮੰਗ ਕੀਤੀ ਗਈ ਹੈ ਉਸ ਤਰ੍ਹਾਂ ਦੀ ਮੰਗ ਕਿਤੇ ਵੀ ਨਹੀਂ ਕਰਦੇ ਸਗੋਂ ਕਹਿੰਦੇ ਹਨ ਕਿ ਇਸ ਤਰ੍ਹਾਂ ਦਾ ਹੱਲ ਕਰਨ ਵਿੱਚ ਵੱਡੀ ਬੁਰਜੂਆਜ਼ੀ ਅਤੇ ਛੋਟੀ ਬੁਰਜੂਆਜ਼ੀ ਦੀ ਹੀ ਦਿਲਚਸਪੀ ਹੁੰਦੀ ਹੈ। ਉਨ੍ਹਾਂ ਮੁਤਾਬਿਕ ਘਰਾਂ ਦੀ ਘਾਟ ਦੀ ਤਾਂ ਕੋਈ ਸਮੱਸਿਆ ਹੀ ਨਹੀਂ ਸਗੋਂ "ਸਮੱਸਿਆ ਹੈ ਇਨ੍ਹਾਂ ਦੇ ਸਹੀ ਇਸਤੇਮਾਲ ਦੀ।" ਇਸ ਦੇ ਸਹੀ "ਇਸਤੇਮਾਲ" ਲਈ ਉਹ ਏਂਗਲਜ਼ ਦੇ ਹਵਾਲੇ ਨਾਲ਼ "ਰਾਜਨੀਤਕ ਸੱਤ੍ਹਾ ਜਿੱਤ" ਲੈਣ ਤੋਂ ਬਾਅਦ ਅੱਯਾਸ਼ੀ ਵਾਲ਼ੇ ਘਰਾਂ ਨੂੰ ਜਬਤ ਕਰਕੇ ਅਤੇ ਉਨ੍ਹਾਂ ਵਿੱਚ ਲੋਕਾਂ ਨੂੰ ਵਸਾ ਕੇ ਘਰਾਂ ਦੀ ਸਮੱਸਿਆ ਦਾ ਹੱਲ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਉਹ ਏਂਗਲਜ਼ ਦਾ ਸਹਾਰਾ ਲੈ ਕੇ ਘਰਾਂ ਦੀ ਸਮੱਸਿਆ ਦੇ ਅੰਤਿਮ ਹੱਲ ਦੀ ਗੱਲ ਤਾਂ ਕਰਦੇ ਹਨ ਪਰ ਹਾਲਤਾਂ ਦੇ ਫੌਰੀ ਪ੍ਰਸੰਗ ਵਿੱਚ ਇਸ ਦਾ ਕੋਈ ਹੱਲ ਉਨ੍ਹਾਂ ਕੋਲ ਕੋਈ ਨਹੀਂ। ਉਹ ਦਾਅਪੇਚਕ ਤੌਰ 'ਤੇ ਘਰਾਂ ਦੀ ਮੰਗ ਕਰਨ ਨੂੰ ਹੀ ਅਸੂਲੀ ਤੌਰ 'ਤੇ ਰੱਦ ਕਰਦੇ ਹਨ ਅਤੇ ਅਜਿਹੀ ਮੰਗ ਕਰਨ ਨੂੰ "ਨਿੱਕ-ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ, ਪਰੂਧੋਂ ਅਤੇ ਉਸ ਦੇ ਜਰਮਨ ਚੇਲੇ ਮੂਲਬਰਗਰ ਦਾ ਨੀਮ ਹਕੀਮੀ ਅਤੇ ਪਿਛਾਂਹਖਿੱਚੂ ਪ੍ਰੋਗਰਾਮ" ਸਮਝਦੇ ਹਨ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਉਹ ਆਪਣੀ ਧਿਰ ਵੱਲੋਂ "ਮੰਗ-ਪੱਤਰ 2011" ਵਿੱਚ ਘਰਾਂ ਦੀ ਸਮੱਸਿਆ ਦੇ ਜ਼ਿਕਰ ਦੀ ਕੀ ਵਿਆਖਿਆ ਕਰਦੇ ਹਨ ? ਕੀ ਉਹ ਇਸ ਨੂੰ ਵੀ "ਪਰੂਧੋਂਵਾਦੀ" ਗਰਦਾਨਦੇ ਹਨ ਜਾਂ ਫਿਰ ਉਲਟਬਾਜ਼ੀ ਲਾ ਕੇ ਖੁਦ "ਪਰੂਧੋਂਵਾਦੀ" ਹੱਲ 'ਤੇ ਪਹੁੰਚਦੇ ਹਨ ?

"ਮੰਗ-ਪੱਤਰ 2011" ਜਿੱਥੇ ਆਮ ਨਾਗਰਿਕਾਂ ਅਤੇ ਮਜ਼ਦੂਰਾਂ ਦੇ ਰਹਿਣ ਲਈ ਰਿਹਾਇਸ਼ ਦੇ ਅਧਿਕਾਰ ਨੂੰ ਉਨ੍ਹਾਂ ਦਾ ਮੌਲਿਕ ਅਧਿਕਾਰ ਸਮਝਦਾ ਹੈ ਉੱਥੇ ਵਿਸ਼ੇਸ਼ ਕਰਕੇ ਪੇਂਡੂ ਮਜ਼ਦੂਰਾਂ ਅਤੇ ਵਿਸ਼ੇਸ਼ ਆਰਥਿਕ ਜੋਨ 'ਚ ਕੰਮ ਕਰਦੇ ਮਜ਼ਦੂਰਾਂ ਲਈ ਰਿਹਾਇਸ਼ੀ ਘਰਾਂ ਦੀ ਲੋੜ ਦਾ ਖਾਸ ਤੌਰ 'ਤੇ ਜ਼ਿਕਰ ਕਰਦਾ ਹੈ। ਇਹ ਮੰਗ ਪੱਤਰ ਵਿਸ਼ੇਸ਼ ਆਰਥਿਕ ਜੋਨਾਂ 'ਚ ਲੱਗੇ ਮਜ਼ਦੂਰਾਂ ਲਈ "ਸਸਤੇ ਘਰ, ਹਸਪਤਾਲ, ਸਕੂਲ ਆਦਿ ਦੀ ਉਸਾਰੀ ਨੂੰ ਲਾਜ਼ਮੀ ਬਣਾਏ ਜਾਣ" ਤੋਂ ਇਲਾਵਾ ਪੇਂਡੂ ਮਜ਼ਦੂਰਾਂ ਲਈ "...ਰਿਹਾਇਸ਼ ਆਦਿ ਸਹੂਲਤਾਂ ਯਕੀਨੀ ਬਣਾਏ ਜਾਣ" ਦੀ ਲੋੜ ਮਹਿਸੂਸ ਕਰਦਾ ਹੈ। ਹੁਣ ਅਸੀਂ ਪ੍ਰਤੀਬੱਧ ਦੇ ਭੱਦਰਪੁਰਸ਼ਾਂ ਨੂੰ ਇਹ ਪੁੱਛਣਾ ਚਾਹਾਂਗੇ ਕਿ ਪੇਂਡੂ ਮਜ਼ਦੂਰਾਂ ਲਈ "ਰਿਹਾਇਸ਼ ਆਦਿ ਦੀਆਂ ਸਹੂਲਤਾਂ ਯਕੀਨੀ ਬਣਾਏ ਜਾਣ" ਦੀ "ਮੰਗ-ਪੱਤਰ 2011" 'ਚ ਦਰਜ ਕੀਤੀ ਮੰਗ ਕੀ ਤੁਹਾਡੀ ਸਮਝ ਅਨੁਸਾਰ ਪੇਂਡੂ ਮਜ਼ਦੂਰਾਂ ਨੂੰ "ਜ਼ੰਜੀਰਾਂ" 'ਚ ਬੰਨ੍ਹਣ, "ਪੇਂਡੂ ਜੀਵਨ ਦੇ ਪਛੜੇਵੇਂ, ਦਕੀਆਨੂਸਤਾ" ਵਿੱਚ ਰੱਖਣ ਅਤੇ ਇਸੇ ਵਿੱਚ "ਜ਼ਿੰਦਗੀ ਗੁਜ਼ਾਰ ਦੇਣ" ਦੀ ਇੱਛਾ ਨਹੀਂ ਹੈ ? ਕੀ ਇਹ ਤੁਹਾਡੇ ਮੁਤਾਬਿਕ "ਸ਼ਹਿਰੀਕਰਨ ਨੂੰ ਇੱਕ ਅਗਾਂਹਵਧੂ ਵਰਤਾਰੇ ਦੇ ਰੂਪ ਵਿੱਚ ਵੇਖਣ" ਦਾ ਮੂੰਹ ਚਿੜਾਉਣਾ ਅਤੇ "ਕਿਰਤੀ ਲੋਕਾਂ ਦੀ ਪੂੰਜੀਵਾਦੀ ਪ੍ਰਬੰਧ ਦਾ ਟਾਕਰਾ ਕਰਨ ਦੀ ਸਮਰਥਾ" ਨੂੰ ਕੁੰਦ ਕਰਨਾ ਨਹੀਂ ਹੈ ? ਤੁਸੀਂ ਲਾਲ ਪਰਚਮ ਨਾਲ਼ ਬਹਿਸ

ਸਮੇਂ ਮੌਜੂਦਾ ਪ੍ਰਬੰਧ ਅੰਦਰ ਘਰਾਂ ਦੀ ਸਮੱਸਿਆ ਦਾ ਹੱਲ (ਭਾਵੇਂ ਪੱਕਾ ਨਹੀਂ) ਕਰਨ ਦੀ ਮੰਗ ਨੂੰ "ਯੂਟੋਪੀਆ" ਕਹਿੰਦਿਆਂ ਇਸ ਨੂੰ "ਮਜ਼ਦੂਰ ਲਹਿਰ ਨੂੰ ਲੀਹੋਂ ਲਾਹੁਣ 'ਚ ਸਹਾਈ" ਹੋਣਾ ਗਰਦਾਨਿਆਂ ਹੈ ਪਰ ਹੁਣ ਤੁਹਾਡੇ ਵੱਲੋਂ ਜਦੋਂ ਘਰਾਂ ਦੀ ਮੰਗ ਕਰਨ ਵਾਲ਼ੇ "ਮੰਗ-ਪੱਤਰ 2011" ਦਾ ਧੂਮ ਧੜੱਕਾ ਕੀਤਾ ਜਾ ਰਿਹਾ ਹੈ ਤਾਂ ਕੀ ਇਹ ਇਨਕਲਾਬੀ ਲਹਿਰ ਨੂੰ 'ਸਹੀ ਲੀਹ' ਉੱਤੇ ਲਿਜਾਣਾ ਹੈ ?

## ਇਨਕਲਾਬੀ ਰਾਜਨੀਤੀ ਬਨਾਮ ਟਰੇਡ ਯੂਨੀਅਨ ਰਾਜਨੀਤੀ

ਅਸੀਂ ਲਾਲ ਪਰਚਮ ਦੇ ਮਈ-ਜੂਨ 2010 ਦੇ ਅੰਕ ਵਿੱਚ ਘਰਾਂ ਦੇ ਮਸਲੇ ਉੱਪਰ ਪ੍ਰਤੀਬੱਧ ਦੀ ਗ਼ਲਤ ਸਮਝਦਾਰੀ ਉੱਪਰ ਟਿੱਪਣੀ ਕਰਦੇ ਹੋਏ ਆਰਥਿਕ ਮੰਗਾਂ ਅਤੇ ਸੁਧਾਰਾਂ ਪ੍ਰਤੀ ਠੀਕ ਰੁਖ ਅਪਨਾਉਣ ਲਈ ਕਾ. ਲੈਨਿਨ ਦੀ ਅਗਵਾਈ ਵਿੱਚ 1921 ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਤੀਸਰੀ ਕਾਂਗਰਸ ਦੁਆਰਾ ਪਾਸ ਕੀਤੇ ਮਤੇ ਦਾ ਹਵਾਲਾ ਦਿੱਤਾ ਸੀ। ਸਾਡੀ ਇਸ ਕੋਸ਼ਿਸ਼ ਨੂੰ ਪ੍ਰਤੀਬੱਧ ਦੇ ਲੇਖਕ ਨੇ ਇੱਕੋਂ ਸਮੇਂ "ਨਸੀਹਤ ਦੇਣ" ਅਤੇ "ਦੋਸ਼ ਮੜ੍ਹਨ" ਦੀ ਸੰਗਿਆ ਦਿੱਤੀ ਹੈ। ਪਰ ਸਾਡਾ ਇਨ੍ਹਾਂ ਵਿੱਚੋਂ ਅਜਿਹਾ ਕੁੱਝ ਵੀ ਕਰਨ ਦਾ ਨਾ ਤਾਂ ਪਹਿਲਾਂ ਕੋਈ ਇਰਾਦਾ ਸੀ ਅਤੇ ਨਾ ਹੁਣ ਹੈ। ਫਿਰ ਵੀ ਜੇਕਰ ਉਹ ਸਾਡੀ ਨਹੀਂ ਲੈਨਿਨ ਦੀ ਸਿੱਖਿਆ ਨਾਲ਼ ਸਹਿਮਤ ਹੈ ਤਾਂ ਇਸ ਮਸਲੇ ਉੱਪਰ ਗੱਲ ਸਮੇਟੀ ਸਮਝੀ ਜਾਣੀ ਚਾਹੀਦੀ ਸੀ। ਪਰ ਨਹੀਂ, ਪ੍ਰਤੀਬੱਧ ਦੀ ਦੂਸਰੀ ਟਿੱਪਣੀ ਦੇ ਲੇਖਕ ਸਾਥੀ ਸੁਖਦੇਵ ਦਾ ਇਹ ਫ਼ਤਵਾ ਕਿ, "ਲਾਲ ਪਰਚਮ ਦੇ ਲੇਖਕ ਜਿੱਥੇ ਘਰਾਂ ਦੇ ਸਵਾਲ 'ਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਨਾਉਣ ਦੀ ਬਜਾਏ ਭਾਵੁਕ ਰੁਖ ਅਪਣਾਉਂਦੇ ਹਨ ਉੱਥੇ ਮਜ਼ਦੂਰ ਜਮਾਤ ਦੀ ਇਨਕਲਾਬੀ ਰਾਜਨੀਤੀ ਅਤੇ ਟਰੇਡ ਯੂਨੀਅਨ ਰਾਜਨੀਤੀ ਵਿਚਲੇ ਫਰਕ ਦੀ ਅਣਦੇਖੀ ਕਰਦੇ ਹਨ", ਇਸ ਮਸਲੇ ਉੱਪਰ ਬਹਿਸ ਨੂੰ ਸਮਾਪਤ ਕਰਨ ਦੀ ਇਜ਼ਾਜਤ ਨਹੀਂ ਦਿੰਦਾ ਅਤੇ ਸਾਬਿਤ ਕਰਦਾ ਹੈ ਕਿ ਇਸ ਮਸਲੇ ਉੱਪਰ ਪਹਿਲੇ ਲੇਖਕ ਦੀ ਟਿੱਪਣੀ ਅੰਦਰ ਕਾ. ਲੈਨਿਨ ਦੀ ਸਿੱਖਿਆ ਨਾਲ਼ ਦਰਸਾਈ ਸਹਿਮਤੀ ਇੱਕ ਥੋਥਾਵਾਕ-ਅੰਸ਼ ਹੈ।

ਅਸੀਂ ਇਸ ਮਸਲੇ ਉੱਪਰ ਕਾ. ਲੈਨਿਨ ਦੀ ਕਿਤਾਬ "ਕੀ ਕਰਨਾ ਲੋੜੀਏ ?" ਅਤੇ ਹੋਰ ਲਿਖਤਾਂ ਵਿੱਚ ਦਰਜ ਕੀਤੀ ਸਮਝ ਦੇ ਮੁੱਦਈ ਹਾਂ। ਅਸੀਂ ਸਮਝਦੇ ਹਾਂ ਕਿ ਕਮਿਊਨਿਸਟ ਲਹਿਰ ਦਾ ਮੁੱਖ ਕੰਮ ਇਨਕਲਾਬੀ ਸਿਆਸਤ ਦੁਆਲੇ ਵਿਸ਼ਾਲ ਲੋਕਾਈ ਨੂੰ ਲਾਮੰਬਦ ਕਰਨਾ ਹੈ। ਸੁਧਾਰਾਂ ਲਈ ਸੰਘਰਸ਼ ਕਰਨ ਦਾ ਕਾਰਜ ਵੀ ਜ਼ਰੂਰੀ ਹੈ ਪਰ ਇਸ ਨੂੰ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਰਾਜਨੀਤਕ ਸੱਤ੍ਹਾ ਲਈ ਲੜੀ ਜਾਣ ਵਾਲ਼ੀ ਲੜਾਈ ਦੇ ਮਾਤਹਿੱਤ ਰੱਖਿਆ ਜਾਣਾ ਚਾਹੀਦਾ ਹੈ। ਪ੍ਰਤੀਬੱਧ ਦਾ ਲੇਖਕ ਸਾਥੀ ਸੁਖਦੇਵ ਸਾਡੀ ਇਸ ਸਮਝ ਉੱਪਰ ਫ਼ਤਵਾ ਦਿੰਦਾ ਹੋਇਆ, ਇਸ ਨੂੰ ਆਰਥਿਕਵਾਦੀ ਅਤੇ ਟਰੇਡ ਯੂਨੀਅਨ ਰਾਜਨੀਤੀ ਦੇ ਸਮਾਨ ਸਮਝਦਾ ਹੈ। ਆਪਣੀ ਗ਼ਲਤ ਸਮਝ ਨੂੰ ਸਾਬਿਤ ਕਰਨ ਲਈ ਉਹ

ਕਾ. ਲੈਨਿਨ ਦੀ ਕਿਤਾਬ "ਕੀ ਕਰਨਾ ਲੋੜੀਏ ?" ਵਿੱਚੋਂ ਲੰਬੇ ਹਵਾਲੇ ਵੀ ਦਿੰਦਾ ਹੈ ਅਤੇ ਇਉਂ ਕਰਦਿਆਂ ਕਾ. ਲੈਨਿਨ ਨੂੰ ਸਾਡੇ ਖਿਲਾਫ਼ ਭੁਗਤਾਉਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹੈ। ਆਪਣੇ ਵੱਲੋਂ ਕਾ. ਲੈਨਿਨ ਦੇ ਦਿੱਤੇ ਲੰਬੇ ਹਵਾਲੇ ਦੇ ਪਹਿਲੇ ਹਿੱਸੇ ਅੰਦਰ ਉਹ ਕਾ. ਲੈਨਿਨ ਦੀ ਆਰਥਿਕ ਘੋਲਾਂ ਬਾਰੇ ਪੇਸ਼ਕਾਰੀ ਨੂੰ ਦਰੁੱਸਤ ਢੰਗ ਨਾਲ਼ ਪੇਸ਼ ਨਹੀਂ ਕਰਦਾ। ਕਾ. ਲੈਨਿਨ ਆਰਥਿਕਵਾਦੀਆਂ ਨਾਲ਼ ਆਪਣੇ ਸੰਘਰਸ਼ ਅੰਦਰ ਮਜ਼ਦੂਰ ਜਮਾਤ ਨੂੰ ਆਰਥਿਕ ਘੋਲ਼ ਤੱਕ ਸੀਮਤ ਰੱਖਣ, ਇਸ ਨੂੰ ਰਾਜਨੀਤਕ ਘੋਲ਼ ਅੰਦਰ ਜਨਤਾ ਨੂੰ ਖਿੱਚਣ ਦਾ "ਸਭ ਤੋਂ ਵਿਸ਼ਾਲ ਅਤੇ ਉਪਯੋਗੀ ਸਾਧਨ" ਸਮਝਣ ਜਾਂ "ਆਰਥਿਕ ਘੋਲ਼ ਨੂੰ ਹੀ ਰਾਜਨੀਤਕ ਰੂਪ ਦੇਣ" ਦਾ ਵਿਰੋਧ ਕਰ ਰਹੇ ਸਨ ਨਾ ਕਿ ਅਜਿਹਾ ਕਰ ਰਹੇ ਸਨ ਜਿਸ ਤਰ੍ਹਾਂ ਇਹ ਸਾਥੀ ਹਵਾਲਾ ਦੇ ਰਹੇ ਹਨ। ਉਨ੍ਹਾਂ ਵੱਲੋਂ ਦਿੱਤੇ ਹਵਾਲੇ ਦੇ ਦੂਸਰੇ ਹਿੱਸੇ ਨਾਲ਼ ਸਾਡੇ ਕੋਈ ਮਤਭੇਦ ਨਹੀਂ। ਸਾਡੇ ਵੱਲੋਂ ਕਹੇ ਦੇ ਕੋਈ ਗ਼ਲਤ ਅਰਥ ਨਾ ਕੱਢੇ ਜਾਣ ਇਸ ਲਈ ਅਸੀਂ ਕਾ. ਲੈਨਿਨ ਦੇ ਆਰਥਿਕ ਘੋਲ਼ਾਂ ਅਤੇ ਰਾਜਨੀਤਕ ਵਿੱਦਿਆ ਬਾਰੇ ਇਨ੍ਹਾਂ ਸ਼ਬਦਾਂ ਨੂੰ ਜੋੜ ਦੇਣਾ ਚਾਹੁੰਦੇ ਹਾਂ। "...ਸ਼ੋਸ਼ਲ ਡੈਮੋਕਰੇਟਾਂ ਨੂੰ ਨਾ ਕੇਵਲ ਆਰਥਿਕ ਘੋਲ਼ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਇਹ ਕਿ ਆਰਥਿਕ ਪੜਦਾਚਾਕ ਦੀ ਜਥੇਬੰਦੀ ਕਰਨ ਦੇ ਕੰਮ ਨੂੰ ਵੀ ਆਪਣੀਆਂ ਸਰਗਰਮੀਆਂ ਦਾ ਪ੍ਰਮੁੱਖ ਅੰਗ ਨਹੀਂ ਬਣਨ ਦੇਣਾ ਚਾਹੀਦਾ। ਸਾਨੂੰ ਮਜ਼ਦੂਰ ਜਮਾਤ ਨੂੰ ਰਾਜਨੀਤਕ ਵਿੱਦਿਆ ਦੇਣ ਦਾ ਕੰਮ ਅਤੇ ਇਸ ਦੀ ਰਾਜਨੀਤਕ ਚੇਤੰਨਤਾ ਨੂੰ ਵਿਕਸਤ ਕਰਨ ਦਾ ਕੰਮ ਬੜੀ ਸਰਗਰਮੀ ਨਾਲ਼ ਕਰਨਾ ਚਾਹੀਦਾ ਹੈ।"

ਪ੍ਰਤੀਬੱਧ ਦੀ ਪਹਿਲੀ ਟਿੱਪਣੀ ਦੇ ਲੇਖਕ ਉੱਪਰ ਯਕੀਨ ਕਰੀਏ ਤਾਂ ਉਹ ਕਹਿੰਦਾ ਹੈ ਕਿ "ਲੋਕ ਸਿੱਧੇ ਹੀ ਇਨਕਲਾਬ ਲਈ ਤਿਆਰ ਨਹੀਂ ਹੋਣਗੇ।" ਇਨ੍ਹਾਂ ਵਾਸਤੇ "ਛੋਟੀਆਂ-ਛੋਟੀਆਂ ਆਰਥਿਕ, ਸਿਆਸੀ, ਸੁਧਾਰਾਂ ਸਬੰਧੀ ਜੱਦੋ-ਜਹਿਦਾਂ" ਵਿੱਚੋਂ ਲੰਘਣਾ ਪਵੇਗਾ ਪਰ ਮਜ਼ਦੂਰਾਂ ਲਈ ਘਰਾਂ ਦੀ ਮੰਗ ਇਸ ਦਾ ਹਿੱਸਾ ਨਹੀਂ ਬਣ ਸਕਦੀ ਕਿਉਂਕਿ ਉਸ ਦੇ ਮੁਤਾਬਿਕ ਇਹ ਇੱਕ "ਨਿੱਕ-ਬੁਰਜੂਆ" ਮੰਗ ਅਤੇ "ਪਿਛਾਂਹਖਿੱਚੂ ਪ੍ਰੋਗਰਾਮ" ਹੈ। ਅਜਿਹੀ ਮੰਗ ਮੰਨੇ ਜਾਣ ਨਾਲ਼ ਮਜ਼ਦੂਰਾਂ ਦਾ ਭਲਾ ਹੋਣ ਦੀ ਬਜਾਏ ਨੁਕਸਾਨ ਹੁੰਦਾ ਹੈ ਕਿਉਂਕਿ ਉਸ ਮੁਤਾਬਿਕ ਮਜ਼ਦੂਰਾਂ ਕੋਲ ਘਰ ਹੋਣ ਦੀ ਵਜ੍ਹਾ ਨਾਲ਼ ਉਜਰਤਾਂ ਵਿੱਚ ਕਮੀ ਹੋ ਜਾਂਦੀ ਹੈ, ਮਜ਼ਦੂਰਾਂ ਵੱਲੋਂ ਘਰਾਂ ਦੇ ਕਿਰਾਏ ਦੇ ਰੂਪ ਵਿੱਚ ਕੀਤੀ ਬੱਚਤ ਪੂੰਜੀ ਬਣ ਜਾਂਦੀ ਹੈ ਅਤੇ ਪੂੰਜੀ ਉਹਨੂੰ ਨੌਕਰ ਰੱਖਣ ਵਾਲ਼ੇ ਸਰਮਾਏਦਾਰ ਦੀ ਪੂੰਜੀ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਤਰ੍ਹਾਂ ਏਂਗਲਜ਼ ਦੀ ਕੱਟੜਵਾਦੀ ਢੰਗ ਨਾਲ਼ ਨਕਲ ਕਰਦਾ ਹੋਇਆ ਉਹ ਲਾਲ ਪਰਚਮ ਨੂੰ ਸਵਾਲ ਕਰਦਾ ਹੈ ਕਿ ਯੁੱਗ ਬਦਲਣ ਨਾਲ਼ ਏਂਗਲਜ਼ ਦੇ ਤਰਕਾਂ ਵਿੱਚ ਕੀ ਫਰਕ ਪਿਆ ਹੈ ? ਇਸ ਸਬੰਧ 'ਚ ਸਾਡਾ ਫਿਰ ਇਹ ਕਹਿਣਾ ਹੈ ਕਿ ਏਂਗਲਜ਼ ਮਕਾਨਾਂ ਦੀ ਸਮੱਸਿਆ ਉੱਪਰ ਵਿਚਾਰ ਕਰਦੇ ਸਮੇਂ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀਆਂ ਵੱਲੋਂ ਇਸ ਸਮੱਸਿਆ ਦੇ ਸੁਝਾਏ ਜਾ ਰਹੇ ਹੱਲ ਦਾ ਵਿਰੋਧ ਕਰ ਰਹੇ ਸਨ ਅਤੇ ਮਜ਼ਦੂਰ ਜਮਾਤ ਅਤੇ ਇਸ ਦਾ ਰਾਜ ਇਸ ਸਮੱਸਿਆ ਦਾ ਹੱਲ ਕਿਵੇਂ ਕਰੇਗਾ, ਇਸ ਉੱਪਰ ਰੌਸ਼ਨੀ ਪਾ ਰਹੇ ਸਨ। ਉਹ ਦੱਸ ਰਹੇ ਸਨ ਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਬੁਰਜੂਆ

ਢਾਂਚੇ ਨੂੰ ਸਹੀ ਸਲਾਮਤ ਰੱਖਦਿਆਂ ਇਸ ਦਾ ਹੱਲ ਕਰਨਾ ਚਾਹੁੰਦੇ ਹਨ, ਜਦੋਂ ਕਿ ਪ੍ਰੋਲੇਤਾਰੀਆ ਇਸ ਢਾਂਚੇ ਨੂੰ ਜੜ੍ਹੋਂ ਉਖਾੜ ਕੇ ਇਸ ਦਾ ਨਿਪਟਾਰਾ ਕਰੇਗਾ। ਇਸੇ ਤਰ੍ਹਾਂ ਜਦੋਂ ਕਾ. ਲੈਨਿਨ ਨੇ ਆਪਣੀ ਪੁਸਤਕ "ਰਾਜ ਅਤੇ ਇਨਕਲਾਬ" ਵਿੱਚ ਮਕਾਨਾਂ ਦੀ ਸਮੱਸਿਆ ਨੂੰ ਛੋਹਿਆ ਤਾਂ ਉਹ ਵੀ ਪ੍ਰੋਲੇਤਾਰੀ ਰਾਜ ਤੇ ਵਰਤਮਾਨ ਰਾਜ ਵਿਚਕਾਰ ਕੁੱਝ ਨੁਕਤਿਆਂ ਦੀ ਸਾਂਝ" ਅਤੇ "ਉਹ ਪੱਖ ਜਿਹੜੇ ਉਨ੍ਹਾਂ ਨੂੰ ਵਖਰਾਉਂਦੇ ਹਨ" ਦੀ ਗੱਲ ਕਰ ਰਹੇ ਸਨ। ਉਹ ਇਸ ਸਮੱਸਿਆ ਉੱਪਰ ਏਂਗਲਜ਼ ਦੇ ਵਿਚਾਰਾਂ ਦੀ ਹਮਾਇਤ ਕਰਦੇ ਹੋਏ ਇਸ ਸਮੱਸਿਆ ਨੂੰ ਦਾਅਪੇਚਕ ਤੌਰ 'ਤੇ ਨਹੀਂ ਸਨ ਵਿਚਾਰ ਰਹੇ। ਭਾਵੇਂ ਇਹ ਕਾ. ਲੈਨਿਨ ਹੀ ਸਨ ਜਿਨ੍ਹਾਂ ਨੇ ਮਾਰਕਸ, ਏਂਗਲਜ਼ ਦੇ ਸਮੇਂ ਤੈਅ ਹੋਏ ਮਜ਼ਦੂਰ ਜਮਾਤ ਦੇ ਕਾਰਜਾਂ ਅਤੇ ਇਸ ਦੇ ਪ੍ਰੋਗਰਾਮ ਨੂੰ ਹੋਰ ਵਿਕਸਤ ਕਰਦਿਆਂ ਮਜ਼ਦੂਰ ਜਮਾਤ ਦੀ ਯੁੱਧਨੀਤੀ ਅਤੇ ਦਾਅਪੇਚ ਘੜੇ ਜਿਸ ਨੂੰ ਦੁਨੀਆਂ ਭਰ ਦੀ ਕਮਿਊਨਿਸਟ ਲਹਿਰ ਮਾਰਕਸਵਾਦ 'ਚ ਕੀਤੇ ਵਾਧੇ ਵਜੋਂ ਤਸਲੀਮ ਕਰਦੀ ਹੋਈ ਇਸ ਨੂੰ ਲੈਨਿਨਵਾਦ ਦਾ ਨਾਂ ਦਿੰਦੀ ਹੈ। ਇਸ ਕਰਕੇ ਪ੍ਰਤੀਬੱਧ ਦੇ ਲੇਖਕਾਂ ਵੱਲੋਂ ਇਹ ਦਰਸਾਉਣਾ ਕਿ ਅਸੀਂ ਏਂਗਲਜ਼ ਅਤੇ ਲੈਨਿਨ ਦੇ ਵਿਚਾਰਾਂ ਦੇ ਉਲਟ ਭੁਗਤ ਰਹੇ ਹਾਂ, ਇੱਕ ਬੇਤੁਕਾ ਫ਼ਤਵਾ ਹੈ। ਅਸੀਂ ਏਂਗਲਜ਼ ਦੇ ਵਿਚਾਰਾਂ ਦਾ ਵਿਰੋਧ ਨਹੀਂ ਸਗੋਂ ਬਦਲੀਆਂ ਹਾਲਤਾਂ ਅਨੁਸਾਰ ਲੈਨਿਨਵਾਦੀ ਢੰਗ ਨਾਲ਼ ਇਸ ਨੂੰ ਲਾਗੂ ਕਰਨ ਦੀ ਵਜ਼ਾਹਤ ਕਰਦੇ ਹਾਂ।

ਲੈਨਿਨਵਾਦੀ ਢੰਗ ਮਜ਼ਦੂਰ ਜਮਾਤ ਦੇ ਆਰਥਿਕ ਸੁਧਾਰਾਂ ਸਬੰਧੀ ਮਸਲਿਆਂ ਨੂੰ ਹੱਥ ਲੈਣ ਦਾ ਇੱਕ ਕਾਰਜ ਮਿੱਥਦਾ ਹੋਣ ਕਰਕੇ ਨਾ ਸਿਰਫ਼ ਮਜ਼ਦੂਰਾਂ ਲਈ ਘਰਾਂ ਦਾ ਮਸਲਾ ਸਗੋਂ ਉਨ੍ਹਾਂ ਨੂੰ ਮੁਫ਼ਤ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਨ ਵਰਗੇ ਮਸਲੇ ਵੀ ਆਮ ਤੌਰ 'ਤੇ ਇਨਕਲਾਬੀ ਲਹਿਰ ਵੱਲੋਂ ਉਠਾਏ ਜਾਂਦੇ ਹਨ। ਪ੍ਰਤੀਬੱਧ ਦੇ ਲੇਖਕਾਂ ਨੂੰ ਵੀ ਘਰਾਂ ਦੇ ਮਸਲੇ ਨੂੰ ਛੱਡ ਕੇ ਬਾਕੀ ਮਸਲਿਆਂ ਉੱਪਰ ਸਰਗਰਮੀ ਕਰਨ ਦੇ ਕਾਰਜ ਉੱਪਰ ਕੋਈ ਇਤਰਾਜ਼ ਨਹੀਂ। ਉਨ੍ਹਾਂ ਦੀ ਧਿਰ ਦਾ "ਮੰਗ-ਪੱਤਰ 2011" ਵੀ ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਮਜ਼ਦੂਰਾਂ ਦਾ ਬੁਨਿਆਦੀ ਅਧਿਕਾਰ ਸਮਝਦਿਆਂ ਉਨ੍ਹਾਂ ਨੂੰ ਮੁਫ਼ਤ ਦੇਣ ਦੀ ਮੰਗ ਕਰਦਾ ਹੈ। ਇੱਥੇ ਅਸੀਂ ਪ੍ਰਤੀਬੱਧ ਦੇ ਲੇਖਕਾਂ ਨੂੰ ਇਹ ਪੁੱਛਣਾ ਚਾਹਾਂਗੇ ਕਿ ਤੁਹਾਡੇ ਤਰਕ ਮੁਤਾਬਿਕ ਕੀ ਘਰਾਂ ਦੀ ਮੰਗ ਵਾਂਗ ਮੁਫ਼ਤ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਗਰੰਟੀ ਕਰਨ ਦੀ ਮੰਗ ਮੰਨੇ ਜਾਣ ਨਾਲ਼ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਕਮੀ ਨਹੀਂ ਹੋਵੇਗੀ ? ਇਸ ਤਰ੍ਹਾਂ ਸਿਹਤ ਅਤੇ ਸਿੱਖਿਆ ਸਹੂਲਤਾਂ 'ਚ ਹੋਈ ਬੱਚਤ ਕੀ ਪੂੰਜੀ ਦਾ ਰੂਪ ਨਹੀਂ ਅਖ਼ਤਿਆਰ ਕਰੇਗੀ ਅਤੇ ਕੀ ਇਹ ਮਜ਼ਦੂਰਾਂ ਨੂੰ ਰੱਖਣ ਵਾਲ਼ੇ ਸਰਮਾਏਦਾਰ ਕੋਲ ਸਰਮਾਏ ਦੇ ਰੂਪ ਵਿੱਚ ਜਮ੍ਹਾਂ ਨਹੀਂ ਹੋਵੇਗੀ ? ਕੀ ਘਰਾਂ ਦੀ ਮੰਗ ਵਾਲ਼ਾ ਤਰਕ ਸਿੱਖਿਆ ਅਤੇ ਸਿਹਤ ਸਹੂਲਤਾਂ ਉੱਪਰ ਲਾਗੂ ਨਹੀਂ ਹੋਵੇਗਾ ? ਜੇ ਹੋਵੇਗਾ ਤਾਂ ਕੀ ਉਨ੍ਹਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਮੌਲਿਕ ਅਧਿਕਾਰ 'ਚ ਸ਼ਾਮਲ ਕਰਨ ਅਤੇ ਮੁਫ਼ਤ ਮੁਹੱਈਆ ਕਰਨ ਦੀ ਮੰਗ ਨੂੰ ਤਿਲਾਂਜਲੀ ਨਹੀਂ ਦੇਣੀ ਪਵੇਗੀ ? ਜੇ ਨਹੀਂ ਤਾਂ ਜਿਵੇਂ ਉਹ ਏਂਗਲਜ਼ ਨੂੰ ਸਮਝ ਰਹੇ ਹਨ ਕੀ ਉਸ ਗਲਤ ਸਮਝਦਾਰੀ ਤੋਂ ਕਿਨਾਰਾ ਨਹੀਂ ਕਰਨਾ

ਪਵੇਗਾ ? ਹੁਣ ਦੇਖੋ ਪ੍ਰਤੀਬੱਧ ਦੇ ਲੇਖਕ ਕਿੱਧਰ ਨੂੰ ਪਾਸਾ ਬਦਲਦੇ ਹਨ। ਉਹ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਮਜ਼ਦੂਰਾਂ ਦੇ ਮੌਲਿਕ ਅਧਿਕਾਰ ਦਾ ਤਿਆਗ ਕਰਦੇ ਹਨ ਜਾਂ ਏਂਗਲਜ਼ ਬਾਰੇ ਆਪਣੀ ਗਲਤ ਸਮਝਦਾਰੀ ਤੋਂ ਕਿਨਾਰਾ ਕਰਦੇ ਹਨ ਜਾਂ ਅਜੇ ਵੀ ਦੋਨੋਂ ਆਪਾ ਵਿਰੋਧੀ ਕੰਮਾਂ ਨੂੰ ਜਾਰੀ ਰੱਖਣ ਦੀ ਅੜੀ 'ਤੇ ਕਾਇਮ ਰਹਿੰਦੇ ਹਨ।

## ਬਹਿਸ ਸਬੰਧੀ ਪ੍ਰਤੀਬੱਧ ਦਾ ਹੰਕਾਰੀ ਰਵੱਈਆ

ਪ੍ਰਤੀਬੱਧ ਦਾ ਲੇਖਕ ਮਜ਼ਦੂਰਾਂ ਦੇ ਘਰਾਂ ਦੇ ਮਸਲੇ ਉੱਪਰ ਸਾਡੇ ਵੱਲੋਂ ਦਿੱਤੇ ਤਰਕਾਂ ਨੂੰ ਰੱਦ ਕਰਦਾ ਹੋਇਆ ਫ਼ਤਵਾ ਸੁਣਾਉਂਦਾ ਹੈ ਕਿ ਸਾਡੇ ਵੱਲੋਂ ਦਿੱਤੇ ਤਰਕ "ਤਾਸ਼ ਦੇ ਪੱਤਿਆਂ ਦੇ ਮਹਿਲ" ਵਰਗੇ ਹਨ। ਉਪਰੋਕਤ ਚਰਚਾ ਤੋਂ ਬਾਅਦ ਪਾਠਕ ਖੁਦ ਅੰਦਾਜ਼ਾ ਲਾ ਸਕਦੇ ਹਨ ਕਿ "ਤਾਸ਼ ਦੇ ਪੱਤਿਆਂ ਦੇ ਮਹਿਲ" ਨੂੰ ਉਸਾਰਨ ਦਾ ਕਾਰਨਾਮਾ ਕਿਸ ਨੇ ਕੀਤਾ ਹੈ ? ਪ੍ਰਤੀਬੱਧ ਦਾ ਲੇਖਕ ਨਾ ਸਿਰਫ਼ "ਤਾਸ਼ ਦੇ ਪੱਤਿਆਂ ਦੇ ਮਹਿਲ" ਦੀ ਉਸਾਰੀ ਕਰਨ ਵਿੱਚ ਗਲਤਾਨ ਹੈ ਬਲਕਿ ਅਜਿਹਾ ਕਰਦੇ ਹੋਇਆਂ ਘਮੰਡ ਭਰਿਆ ਰਵੱਈਆ ਵੀ ਅਖ਼ਤਿਆਰ ਕਰਦਾ ਹੈ ਮਾਨੋ ਉਹ "ਤਾਸ਼ ਦੇ ਪੱਤਿਆਂ ਦੇ ਮਹਿਲ" ਦੀ ਨਹੀਂ ਬਲਕਿ "ਤਾਜ਼ ਮਹਿਲ" ਦੀ ਉਸਾਰੀ ਕਰ ਰਿਹਾ ਹੋਵੇ। ਉਸ ਦੇ ਇਸ ਰਵੱਈਏ ਦੀ ਅਸੀਂ ਪਹਿਲਾਂ ਵੀ ਚਰਚਾ ਕਰ ਚੁੱਕੇ ਹਾਂ। ਇਸ ਦੀ ਇੱਕ ਹੋਰ ਵੰਨਗੀ ਉਸ ਦੀ ਲਿਬਰੇਸ਼ਨ ਧਿਰ ਨਾਲ਼ ਬਹਿਸ ਪ੍ਰਤੀ ਪਹੁੰਚ ਦੀ ਹੈ। ਉਸ ਦੀ 'ਪ੍ਰੋਲੇਤਾਰੀ' ਪਹੁੰਚ ਕਿਹੋ ਜਿਹੀ ਹੈ, ਇਸ ਦੇ ਦੀਦਾਰ ਕਰਨ ਲਈ ਪ੍ਰਤੀਬੱਧ ਦੇ ਜਨਵਰੀ 2010 ਦੇ ਅੰਕ ਵੱਲ ਮੁੜ ਪਰਤੋ ਅਤੇ ਉਸ ਦੇ ਇਨ੍ਹਾਂ ਕਥਨਾਂ ਵੱਲ ਗੌਰ ਕਰੋ, "ਜਿਸ ਪਾਰਟੀ ਨਾਲ਼ ਸਾਡੇ ਵਿਚਾਰਧਾਰਾ ਸਮੇਤ ਹੋਰ ਅਨੇਕਾਂ ਬੁਨਿਆਦੀ ਸਵਾਲਾਂ 'ਤੇ ਮੱਤਭੇਦ ਹੋਣ ਉਸ ਪਾਰਟੀ ਨਾਲ਼ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਬਾਰੇ ਪਹੁੰਚ 'ਤੇ ਬਹਿਸ ਚਲਾਉਣ ਦੀ ਕੋਈ ਤੁਕ ਨਹੀਂ ਬਣਦੀ।" ਕੀ ਇਹ ਪਹੁੰਚ ਮਾਰਕਸਵਾਦੀ ਪਹੁੰਚ ਹੈ ? ਮਾਰਕਸ, ਏਂਗਲਜ਼ ਤਾਂ "ਬੁਰਜੂਆ" ਅਤੇ "ਨਿੱਕ-ਬੁਰਜੂਆ" ਰੁਝਾਨਾਂ ਨਾਲ਼ ਬਹਿਸ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਘਰਾਂ ਦੀ ਸਮੱਸਿਆ ਸਬੰਧੀ ਏਂਗਲਜ਼ ਦੀ ਪੁਸਤਕ, ਜਿਸ ਦੇ ਪ੍ਰਤੀਬੱਧ ਦੇ ਲੇਖਕ ਨੇ ਲੰਬੇ ਲੰਬੇ ਹਵਾਲੇ ਦੇ ਕੇ ਆਪਣੇ ਆਪ ਨੂੰ ਉਨ੍ਹਾਂ ਦਾ ਇੱਕ ਵੱਡਾ ਪੈਰੋਕਾਰ ਹੋਣ ਦਾ ਵਿਖਾਵਾ ਕੀਤਾ ਹੈ, ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਏਂਗਲਜ਼ ਕਿਵੇਂ ਬੁਰਜੂਆ ਅਤੇ ਨਿੱਕ-ਬੁਰਜੂਆ ਸੋਚ ਦੇ ਧਾਰਨੀ ਲੋਕਾਂ ਨਾਲ਼ ਸੰਵਾਦ ਰਚਾ ਰਹੇ ਸਨ। ਪ੍ਰਤੀਬੱਧ ਦੇ ਲੇਖਕ ਦੀ ਆਪਣੇ ਵਿਰੋਧੀਆਂ ਵਿਰੁੱਧ ਵਿਚਾਰਧਾਰਕ ਸੰਘਰਸ਼ ਕਰਨ ਪ੍ਰਤੀ ਇਹ ਪਹੁੰਚ ਪ੍ਰੋਲੇਤਾਰੀ ਪਹੁੰਚ ਦਾ ਨਹੀਂ ਬਲਕਿ "ਨਿੱਕ-ਬੁਰਜੂਆ" ਪਹੁੰਚ ਦਾ ਸਪੱਸ਼ਟ ਝਲਕਾਰਾ ਹੈ।

ਆਖ਼ਰ ਵਿੱਚ ਪ੍ਰਤੀਬੱਧ ਦੇ ਲੇਖਕ ਦੀ ਇੱਕ ਹੋਰ ਗਰੂਰ ਭਰੀ ਨਸੀਹਤ ਦਾ ਜ਼ਿਕਰ ਕਰਕੇ ਸਮਾਪਤ ਕਰਦੇ ਹਾਂ। ਆਪਣੇ ਜੁਲਾਈ ਅੰਕ ਦੀ ਟਿੱਪਣੀ ਦੇ ਅਖ਼ੀਰ 'ਚ ਉਹ ਕਹਿੰਦਾ ਹੈ, "ਲਾਲ ਪਰਚਮ ਦੇ ਲੇਖਕ ਜੀਓ, ਕਦੇ ਕਦੇ ਇਨ੍ਹਾਂ ਮਹਾਨ ਆਗੂਆਂ ਦੀਆਂ ਲਿਖਤਾਂ ਦੇ

ਪੰਨੇ ਵੀ ਪਲਟ ਲਿਆ ਕਰੋ।" ਅਸੀਂ ਉਸ ਦੀ ਇਹ 'ਨਸੀਹਤ', ਭਾਵੇਂ ਇਸ ਵਿੱਚ ਕਿੰਨਾ ਵੀ ਗਰੂਰ ਕਿਉਂ ਨਾ ਭਰਿਆ ਹੋਵੇ, 'ਤੇ ਅਮਲ ਕਰਨ ਲਈ ਹਮੇਸ਼ਾ ਤਿਆਰ ਹਾਂ ਅਤੇ ਇਸ ਸਬੰਧੀ ਹੋਰ ਕੋਸ਼ਿਸ਼ਾਂ ਵੀ ਕਰਾਂਗੇ। ਇਸ ਦੇ ਨਾਲ਼ ਨਾਲ਼ ਆਪਣੀ 'ਨਸੀਹਤ' ਨਹੀਂ ਰਾਇ ਜ਼ਰੂਰ ਦੇਵਾਂਗੇ ਕਿ ਪ੍ਰਤੀਬੱਧ ਦੇ ਲੇਖਕ ਜੀਓ, ਮਜ਼ਦੂਰ ਜਮਾਤ ਦੇ ਮਹਾਨ ਉਸਤਾਦਾਂ ਦੀਆਂ ਲਿਖਤਾਂ ਦੇ ਪੰਨੇ ਪਲਟਣ, ਇਨ੍ਹਾਂ ਦੇ ਅਨੁਵਾਦ ਕਰਨ ਅਤੇ ਉਨ੍ਹਾਂ ਨੂੰ ਗੱਡੀਆਂ 'ਚ ਢੋਣ-ਵੇਚਣ ਦੇ ਨਾਲ਼ ਨਾਲ਼ ਇਨ੍ਹਾਂ ਨੂੰ ਸਮਝਣ ਅਤੇ ਉਸਾਰੂ ਢੰਗ ਨਾਲ਼ ਲਾਗੂ ਕਰਨ ਦਾ ਵੀ ਕਸ਼ਟ ਕਰ ਲਿਆ ਕਰੋ। ਅਜਿਹਾ ਕਰਨ ਨਾਲ਼ ਨਾ ਸਿਰਫ਼ ਤੁਹਾਡਾ ਬਲਕਿ ਪੂਰੀ ਇਨਕਲਾਬੀ ਲਹਿਰ ਦਾ ਭਲ਼ਾ ਹੋਵੇਗਾ।

**('ਲਾਲ ਪਰਚਮ', ਜਨਵਰੀ-ਫਰਵਰੀ 2011)**

## 'ਲਾਲ ਪਰਚਮ' ਦਾ ਜਵਾਬ

# ਵਿਚਾਰਧਾਰਕ ਕੰਗਾਲੀ ਦਾ ਬੇਮਿਸਾਲ ਨਮੂਨਾ

● ਸੁਖਵਿੰਦਰ

*ਹਮਲਿਆਂ ਦਾ ਜਵਾਬ ਦੇਣਾ ਸਾਡੀ ਆਦਤ ਹੈ,*
*ਹਮਲਿਆਂ ਤੋਂ ਆਵਦਾ ਬਚਾਅ ਕਰਕੇ ਨਹੀਂ ਸਗੋਂ ਮੋੜਵਾਂ ਹਮਲਾ ਕਰਕੇ।*
*— ਲੈਨਿਨ*

ਮਜ਼ਦੂਰ ਘਰਾਂ (ਨਿੱਜੀ ਜਾਇਦਾਦ ਦੇ ਰੂਪ ਵਿੱਚ) ਦੇ ਸਵਾਲ 'ਤੇ ਮਾਰਕਸਵਾਦੀ ਨਜ਼ਰੀਏ ਉੱਪਰ 'ਪ੍ਰਤੀਬੱਧ' ਵੱਲੋਂ ਆਪਣੇ ਜਨਵਰੀ 2010 (12ਵੇਂ ਬੁਲੇਟਿਨ) ਅੰਕ ਵਿੱਚ **'ਮਾਲਵੇ ਦਾ ਮਜ਼ਦੂਰ ਅੰਦੋਲਨ' ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਦੇ ਨਿੱਕ ਬੁਰਜੂਆ ਹੱਲ ਦਾ ਯਤਨ'** ਨਾਮਕ ਲੇਖ ਲਿਖ ਕੇ ਇੱਕ ਬਹਿਸ ਦੀ ਸ਼ੁਰੂਆਤ ਕੀਤੀ ਗਈ ਸੀ। 'ਲਾਲ ਪਰਚਮ' ਨਾਮਕ ਪਰਚੇ ਨੇ ਇਸ ਲੇਖ ਉੱਪਰ ਆਪਣੇ 'ਮਈ-ਜੂਨ, 2010' ਅੰਕ ਵਿੱਚ **'ਮਜ਼ਦੂਰ ਘਰਾਂ ਦਾ ਮਸਲਾ ਅਤੇ 'ਪ੍ਰਤੀਬੱਧ' ਦੀ ਟਿੱਪਣੀ'** ਸਿਰਲੇਖ ਤਹਿਤ ਲੇਖ ਲਿਖ ਕੇ ਇਸ ਬਹਿਸ ਨੂੰ ਅੱਗੇ ਵਧਾਉਣ ਦਾ ਸ਼ਲਾਘਾਯੋਗ ਉੱਦਮ ਕੀਤਾ। 'ਲਾਲ ਪਰਚਮ' ਦੀ ਇਸ ਟਿੱਪਣੀ ਦਾ ਜਵਾਬ 'ਪ੍ਰਤੀਬੱਧ' ਵੱਲੋਂ ਆਪਣੇ ਜੁਲਾਈ 2010 (13ਵੇਂ ਬੁਲੇਟਿਨ) ਅੰਕ ਵਿੱਚ **'ਮਜ਼ਦੂਰਾਂ ਦੇ ਘਰਾਂ ਦਾ ਮਸਲਾ ਅਤੇ 'ਲਾਲ ਪਰਚਮ' ਦੀ ਟਿੱਪਣੀ, ਪਰੂਧੋਂ ਦਾ ਲੜ ਨਾ ਛੱਡਣ ਦੀ 'ਲਾਲ ਪਰਚਮ' ਦੀ ਜ਼ਿੱਦ'** ਸਿਰਲੇਖ ਤਹਿਤ ਲੇਖ ਲਿਖ ਕੇ ਦਿੱਤਾ। ਇਸ ਤੋਂ ਬਾਅਦ 'ਲਾਲ ਪਰਚਮ' ਨੇ ਪੂਰੀ ਤਰ੍ਹਾਂ ਮੌਨ ਧਾਰ ਲਿਆ। 'ਪ੍ਰਤੀਬੱਧ' ਦੇ ਪਾਠਕ ਬਹੁਤ ਬੇਸਬਰੀ ਨਾਲ਼ ਪਰਚਮ ਦੇ ਜਵਾਬ ਦੀ ਉਡੀਕ ਕਰ ਰਹੇ ਸਨ। ਸਭ ਨੂੰ ਆਸ ਸੀ ਕਿ 'ਲਾਲ ਪਰਚਮ' ਇਸ ਬਹਿਸ ਨੂੰ ਜ਼ਰੂਰ ਅੱਗੇ ਵਧਾਏਗਾ। ਲੰਬੀ ਉਡੀਕ ਤੋਂ ਬਾਅਦ ਆਖਿਰ ਇਹਨਾਂ ਆਸਾਂ ਨੂੰ ਬੂਰ ਪਿਆ। 'ਲਾਲ ਪਰਚਮ' ਨੇ ਆਪਣੇ ਜਨਵਰੀ-ਫਰਵਰੀ, 2011' ਅੰਕ ਵਿੱਚ 'ਪ੍ਰਤੀਬੱਧ' ਦੇ ਲੇਖ ਦਾ ਜਵਾਬ **'ਪ੍ਰਤੀਬੱਧ ਦੀ ਸਮਝ, ਗੈਰ-ਪ੍ਰੋਲੇਤਾਰੀ ਨਜ਼ਰੀਏ ਦਾ 'ਸਿੱਕੇਬੰਦ' ਨਮੂਨਾ'** ਸਿਰਲੇਖ ਤਹਿਤ ਲੇਖ ਲਿਖ ਕੇ ਦਿੱਤਾ ਹੈ।

ਆਪਣੇ ਇਸ ਲੇਖ ਵਿੱਚ 'ਲਾਲ ਪਰਚਮ' ਨੇ ਸਾਡੇ ਵੱਲੋਂ ਉਠਾਏ (ਦੇਖੋ ਪ੍ਰਤੀਬੱਧ ਜੁਲਾਈ 2010) ਬਹੁਤ ਸਾਰੇ ਸਵਾਲਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਕੁਝ ਸਵਾਲਾਂ

ਉੱਪਰ ਆਪਣੀ ਪਹਿਲੀ ਪੋਜ਼ੀਸ਼ਨ ਤੋਂ ਖੱਬੇ ਸੱਜੇ ਹੋਣ ਦੀ ਕੋਸ਼ਿਸ਼ ਕੀਤੀ ਹੈ। ਅਤੇ ਕੁਝ ਸਵਾਲਾਂ ਨੂੰ ਗੋਲ਼ ਮੋਲ਼ ਕਰਨ ਲਈ ਭਰਪੂਰ ਵਾਕ ਚਤੁਰਾਈ ਦਾ ਸਹਾਰਾ ਲਿਆ ਹੈ।ਅਜਿਹੀ ਵਾਕ ਚਤੁਰਾਈ ਨਾਲ਼ 'ਲਾਲ ਪਰਚਮ' ਅਜਿਹੇ ਪਾਠਕਾਂ ਨੂੰ ਤਾਂ ਧੋਖਾ ਦੇ ਸਕਦਾ ਹੈ, ਜਿਨ੍ਹਾਂ ਦੀ ਸਿਆਸੀ ਚੇਤਨਾ ਦਾ ਪੱਧਰ ਬਹੁਤ ਨੀਵਾਂ ਹੋਵੇ ਜਾਂ ਜੋ ਇਕਾਗਰ ਚਿੱਤ ਹੋ ਕੇ ਨਾ ਪੜ੍ਹਦੇ ਹੋਣ, ਜੋ ਅਗਲਾ ਪੈਰ੍ਹਾ ਪੜ੍ਹਦੇ ਹੋਏ ਪਿਛਲਾ ਪੈਰ੍ਹਾ ਭੁੱਲ ਜਾਂਦੇ ਹੋਣ। ਪਰ ਸਿਆਸੀ ਤੌਰ 'ਤੇ ਚੇਤੰਨ ਅਤੇ ਇੱਕ ਮਨ ਇੱਕ ਚਿੱਤ ਹੋ ਕੇ ਪੜ੍ਹਨ ਵਾਲੇ ਪਾਠਕਾਂ ਨੂੰ 'ਲਾਲ ਪਰਚਮ' ਦੀ ਵਾਕ ਚਤੁਰਾਈ ਬਿਲਕੁਲ ਵੀ ਧੋਖਾ ਨਹੀਂ ਦੇ ਸਕਦੀ।

ਆਪਣੇ ਇਸ ਤਾਜ਼ਾ ਲੇਖ (ਜਨਵਰੀ-ਫਰਵਰੀ, 2011) ਵਿੱਚ 'ਲਾਲ ਪਰਚਮ' ਨੇ ਆਵਦੇ ਵਿਚਾਰਧਾਰਕ-ਸਿਆਸੀ ਦੀਵਾਲ਼ੀਏਪਣ ਨੂੰ ਹੋਰ ਵੀ ਨੰਗਾ ਕੀਤਾ ਹੈ। ਇਹ ਲੇਖ ਪੜ੍ਹ ਕੇ ਮਹਿਸੂਸ ਹੋਇਆ ਕਿ 'ਲਾਲ ਪਰਚਮ' ਦੀ ਵਿਚਾਰਧਾਰਕ ਕੰਗਾਲੀ ਦਾ ਖੇਤਰਫਲ ਉਸਤੋਂ ਕਿਤੇ ਲੰਬਾ, ਚੌੜਾ ਅਤੇ ਡੂੰਘਾ ਹੈ, ਜਿੰਨਾ ਕਿ ਅਸੀਂ ਸੋਚਿਆ ਸੀ। ਕਿਉਂਕਿ ਆਪਣੇ ਤਾਜ਼ਾ ਅੰਕ ਵਿੱਚ 'ਲਾਲ ਪਰਚਮ' ਨੇ ਸਾਡੇ ਵੱਲੋਂ ਉਠਾਏ ਕਈ ਸਵਾਲਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ, ਇਸ ਲਈ ਮਜ਼ਬੂਰਨ ਸਾਨੂੰ ਕਈ ਗੱਲਾਂ ਦੁਹਰਾਉਣੀਆਂ ਪੈ ਸਕਦੀਆਂ ਹਨ। ਇਸ ਲਈ 'ਲਾਲ ਪਰਚਮ' ਦੇ ਇਸ ਬਚਾਓਵਾਦ (Escapism) ਕਾਰਨ ਹੋ ਸਕਦਾ ਹੈ ਪਾਠਕਾਂ ਲਈ ਇਸ ਬਹਿਸ ਦੀ ਰੌਚਕਤਾ ਕੁਝ ਘਟ ਜਾਵੇ।

## ਇੱਕ ਵਾਰ ਫਿਰ ਤੋਂ ਬਹਿਸ ਨੂੰ ਮੂਲ ਸਵਾਲ 'ਤੇ ਕੇਂਦਰਤ ਕਰਦੇ ਹੋਏ।

ਮਜ਼ਦੂਰਾਂ ਵਾਸਤੇ ਨਿੱਜੀ ਜਾਇਦਾਦ ਦੇ ਰੂਪ ਵਿੱਚ ਕੀਤੀ ਜਾਂਦੀ ਘਰਾਂ ਅਤੇ ਪਲਾਟਾਂ ਦੀ ਮੰਗ ਦਾ ਵਿਰੋਧ ਕਰਨ ਲਈ ਅਸੀਂ ਫ਼ਰੈਡਰਿਕ ਏਂਗਲਜ਼ ਦੁਆਰਾ ਲਿਖੀ ਕਿਤਾਬ **'ਰਿਹਾਇਸ਼ੀ ਘਰਾਂ ਦਾ ਸਵਾਲ'** ਨੂੰ ਅਧਾਰ ਬਣਾਇਆ ਸੀ। ਭਾਵੇਂ ਇਹ ਕਿਤਾਬ ਲਗਭਗ ਡੇਢ ਸਦੀ ਪਹਿਲਾਂ ਲਿਖੀ ਗਈ ਸੀ, ਉਦੋਂ ਅਜੇ ਪੂੰਜੀਵਾਦ ਵਿਕਸਤ ਹੋ ਕੇ ਆਪਣੇ ਸਰਵਉੱਚ ਪੜਾਅ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਨਹੀਂ ਸੀ ਹੋਇਆ, ਬੇਸ਼ੱਕ ਉਦੋਂ ਤੋਂ ਲੈ ਕੇ ਹੁਣ ਤੱਕ ਸੰਸਾਰ ਪੂੰਜੀਵਾਦੀ (ਸਾਮਰਾਜਵਾਦੀ) ਪ੍ਰਬੰਧ ਵਿੱਚ ਅਨੇਕਾਂ ਤਬਦੀਲੀਆਂ ਹੋਈਆਂ ਹਨ, ਪਰ ਇਸ ਸਭ ਦਾ ਕਿਤਾਬ ਵਿੱਚ ਏਂਗਲਜ਼ ਵੱਲੋਂ ਦਿੱਤੇ ਬੁਨਿਆਦੀ ਤਰਕਾਂ ਉੱਪਰ ਕੋਈ ਪ੍ਰਭਾਵ ਨਹੀਂ ਪਿਆ। ਇਸ ਕਿਤਾਬ ਵਿੱਚ ਏਂਗਲਜ਼ ਨੇ ਬੁਰਜੂਆ ਅਤੇ ਨਿੱਕ-ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ ਵੱਲੋਂ ਮਜ਼ਦੂਰਾਂ ਵਾਸਤੇ ਨਿੱਜੀ ਜਾਇਦਾਦ ਦੇ ਰੂਪ ਵਿੱਚ ਕੀਤੀ ਜਾਂਦੀ ਘਰਾਂ ਦੀ ਮੰਗ ਦਾ ਤਰਕਸੰਗਤ ਢੰਗ ਨਾਲ਼ ਖੰਡਨ ਕਰਦੇ ਹੋਏ ਇਹ ਦਿਖਾਇਆ ਸੀ ਕਿ ਕਿਵੇਂ ਇਹ ਮੰਗ ਮਜ਼ਦੂਰਾਂ ਵਾਸਤੇ ਖਤਰਨਾਕ ਹੈ। 'ਲਾਲ ਪਰਚਮ', 'ਲਿਬਰੇਸ਼ਨ' ਅਤੇ ਅਜਿਹੇ ਹੀ ਹੋਰਾਂ ਵੱਲੋਂ ਅੱਜ ਫੇਰ ਮਜ਼ਦੂਰਾਂ ਵਾਸਤੇ ਉਹੋ ਮੰਗ ਕੀਤੀ ਜਾ ਰਹੀ ਹੈ, ਜੋ ਏਂਗਲਜ਼ ਦੇ ਵੇਲੇ ਪਰੂਧੋਂ, ਮੂਲਬਰਗਰ ਅਤੇ ਸਾਕਸ ਵੱਲੋਂ ਕੀਤੀ

ਜਾ ਰਹੀ ਸੀ। ਅਸੀਂ ਪਿਛਲੇ ਲੇਖਾਂ ਵਿੱਚ ਦਿਖਾਇਆ ਸੀ ਕਿ 'ਲਾਲ ਪਰਚਮ' ਅਤੇ ਅਜਿਹੇ ਹੀ ਹੋਰਾਂ ਵੱਲੋਂ ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਜੋ ਘਰਾਂ, ਪਲਾਟਾਂ ਦੀ ਮੰਗ ਕੀਤੀ ਜਾ ਰਹੀ ਹੈ, ਉਸ ਦਾ ਤੱਤ ਵੀ ਬੁਰਜੂਆ ਜਾਂ ਨਿੱਕ ਬੁਰਜੂਆ ਹੀ ਹੈ। ਅਤੇ ਅਜਿਹੀ ਮੰਗ ਕਰਨਾ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕ ਏਂਗਲਜ਼ ਦੀਆਂ ਸਿੱਖਿਆਵਾਂ ਦੇ ਵਿਰੋਧ ਵਿੱਚ ਹੈ।

ਸਾਡੀ ਅਲੋਚਨਾ ਕਰਦੇ ਹੋਏ 'ਲਾਲ ਪਰਚਮ' ਨੇ ਲਿਖਿਆ ਸੀ ਕਿ ਅਸੀਂ ਏਂਗਲਜ਼ ਦੀਆਂ ਸਿੱਖਿਆਵਾਂ 'ਤੇ ਕੱਟੜਤਾਵਾਦੀ ਢੰਗ ਨਾਲ਼ ਚੱਲਦੇ ਹਾਂ। ਏਂਗਲਜ਼ ਦੀ ਕਿਤਾਬ ਉਦੋਂ ਲਿਖੀ ਗਈ ਸੀ ਜਦੋਂ ਖੁੱਲ੍ਹੇ ਮੁਕਾਬਲੇ ਦਾ ਯੁੱਗ ਸੀ। ਪਰ ਹੁਣ ਸਾਮਰਾਜਵਾਦ ਦਾ ਯੁੱਗ ਹੈ। ਏਂਗਲਜ਼ ਦੇ ਵਿਚਾਰ ਇਹਨਾਂ ਬਦਲੀਆਂ ਹੋਈਆਂ ਹਾਲਤਾਂ 'ਚ ਲਾਗੂ ਨਹੀਂ ਹੁੰਦੇ। ਭਾਵ ਹਾਲਤਾਂ ਦੇ ਬਦਲਣ ਨਾਲ਼ (ਭਾਵ ਪੂੰਜੀਵਾਦ ਦੇ ਵਿਕਸਿਤ ਹੋ ਕੇ ਸਾਮਰਾਜਵਾਦ ਦੇ ਪੜਾਅ 'ਚ ਦਾਖਲ ਹੋਣ ਨਾਲ) ਏਂਗਲਜ਼ ਦੇ ਵਿਚਾਰ ਅਪ੍ਰਸੰਗਕ ਹੋ ਗਏ ਹਨ।

ਪਰ ਆਪਣੇ ਤਾਜ਼ਾ ਲੇਖ (ਜਨਵਰੀ-ਫਰਵਰੀ, 2011) ਵਿੱਚ ਉਹਨਾਂ ਨੇ ਆਪਣੀ ਮੂਲ ਪੋਜ਼ੀਸ਼ਨ ਨੂੰ ਗੋਲ਼-ਮੋਲ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪਣੀ ਗਲਤ ਅਤੇ ਕਮਜ਼ੋਰ ਪੋਜ਼ੀਸ਼ਨ ਨੂੰ ਢਕਣ ਲਈ ਇੱਕ ਸ਼ਬਦ ਜਾਲ਼ ਬੁਣਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਕਹਿਣ ਦਾ ਅਰਥ ਏਂਗਲਜ਼ ਦੇ ਵਿਚਾਰਾਂ ਨੂੰ ਯੁੱਗ ਬਦਲਣ ਬਹਾਨੇ "ਅਪ੍ਰਸੰਗਕ" ਕਰਾਰ ਦੇਣਾ ਨਹੀਂ ਹੈ। ਇਸ ਸਬੰਧ 'ਚ 'ਲਾਲ ਪਰਚਮ' ਕੀ ਕਹਿਣਾ ਚਾਹੁੰਦਾ ਹੈ, ਇਸ ਲਈ ਸਾਨੂੰ 'ਲਾਲ ਪਰਚਮ' 'ਚੋਂ ਇੱਕ ਲੰਬਾ ਹਵਾਲਾ ਦੇਣਾ ਪਵੇਗਾ।

'ਲਾਲ ਪਰਚਮ' ਕਹਿੰਦਾ ਹੈ,

"ਅਸੀਂ ਮਜ਼ਦੂਰ ਘਰਾਂ ਦੇ ਮਸਲੇ ਉੱਪਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਜਦੋਂ ਏਂਗਲਜ਼ ਇਸ ਮਸਲੇ ਨੂੰ ਨਜਿੱਠ ਰਹੇ ਸਨ ਤਾਂ ਉਹ ਸਮਾਂ ਪੂੰਜੀਵਾਦ ਦੇ ਖੁੱਲ੍ਹੇ ਮੁਕਾਬਲੇ ਦਾ ਸਮਾਂ ਸੀ, ਹੁਣ ਸਾਮਰਾਜਵਾਦ ਦਾ ਯੁੱਗ ਹੈ। ਬਦਲੀਆਂ ਹਾਲਤਾਂ ਵਿੱਚ ਏਂਗਲਜ਼ ਦੇ ਦਰੁਸਤ ਵਿਚਾਰਾਂ ਨੂੰ ਕੱਟੜਪੁਣੇ ਨਾਲ਼ ਲਾਗੂ ਕਰਨ ਦੀ ਬਜਾਏ ਉਸਾਰੂ ਢੰਗ ਨਾਲ਼ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸਾਡੇ ਇਹਨਾਂ ਵਿਚਾਰਾਂ ਨੂੰ ਪ੍ਰਤੀਬੱਧ ਦੀਆਂ ਟਿੱਪਣੀਆਂ ਦੇ ਦੋਵਾਂ ਲੇਖਕਾਂ ਨੇ ਠੀਕ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰਨ ਦੀ ਬਜਾਏ ਇਹਨਾਂ ਪ੍ਰਤੀ ਉਕਸਾਹਟ ਭਰਿਆ ਰਵੱਈਆ ਅਖਤਿਆਰ ਕੀਤਾ ਹੈ ਅਤੇ ਸਾਡੇ ਉਤੇ ਭਾਂਤ ਭਾਂਤ ਦੇ ਵਿਸ਼ੇਸ਼ਣਾਂ ਦੀ ਝੜੀ ਲਾ ਦਿੱਤੀ ਹੈ। ਉਹ ਸਾਡੀ ਪੋਜ਼ੀਸ਼ਨ ਦਾ ਆਪ ਮੁਖੀ ਢੰਗ ਨਾਲ਼ ਇਹ ਅਰਥ ਕੱਢਦੇ ਹਨ ਕਿ ਸਾਡੇ ਕਹਿਣ ਦਾ ਅਰਥ ਏਂਗਲਜ਼ ਦੇ ਵਿਚਾਰਾਂ ਨੂੰ ਯੁਗ ਬਦਲਣ ਦੇ ਬਹਾਨੇ "ਅਪ੍ਰਸੰਗਕ" ਕਰਾਰ ਦੇਣਾ ਹੈ। ਸਾਡੀ ਪੋਜ਼ੀਸ਼ਨ ਵਿੱਚੋਂ ਅਜਿਹਾ ਅਰਥ ਹਰਗਿਜ਼ ਨਹੀਂ ਨਿੱਕਲਦਾ। ਅਸੀਂ ਸਮਝਦੇ ਹਾਂ ਕਿ ਘਰਾਂ ਦੇ ਸੁਆਲ ਦਾ ਅੰਤਿਮ ਨਿਪਟਾਰਾ ਮਜ਼ਦੂਰ ਜਮਾਤ ਦੀ ਅਗਵਾਈ 'ਚ ਉਸਾਰਿਆ ਰਾਜ ਹੀ ਕਰੇਗਾ ਅਤੇ ਠੀਕ ਉਸੇ ਤਰ੍ਹਾਂ ਕਰੇਗਾ ਜਿਵੇਂ ਏਂਗਲਜ਼ ਨੇ ਇਸ ਦਾ ਹੱਲ ਦੱਸਿਆ ਹੈ। ਇਸ ਦੇ ਨਾਲ਼ ਨਾਲ਼ ਸਾਡਾ ਇਹ ਕਹਿਣਾ ਹੈ ਕਿ ਸਮਾਜ ਦਾ ਵਿਕਾਸ ਮਾਰਕਸ, ਏਂਗਲਜ਼ ਦੇ ਸਮੇਂ 'ਤੇ ਨਹੀਂ ਠਹਿਰ ਗਿਆ। ਇਸ ਵਿੱਚ ਜੋ

ਅੱਜ ਦੇ ਸਮੇਂ ਤੱਕ ਤਬਦੀਲੀਆਂ ਹੋਈਆਂ ਹਨ ਉਸ ਨੂੰ ਸਾਮਰਾਜਵਾਦ ਤੇ ਪ੍ਰੋਲੇਤਾਰੀ ਇਨਕਾਲਬਾਂ ਦਾ ਸਮਾਂ ਕਿਹਾ ਜਾਂਦਾ ਹੈ। ਪੈਦਾ ਹੋਈਆਂ ਨਵੀਆਂ ਹਾਲਤਾਂ 'ਚ ਕਾ. ਲੈਨਿਨ ਨੇ ਮਜ਼ਦੂਰ ਜਮਾਤ ਦੀ ਯੁੱਧਨੀਤੀ ਅਤੇ ਦਾਅਪੇਚ ਵਿਕਸਤ ਕੀਤੇ ਅਤੇ ਅਜਿਹਾ ਕਰਦੇ ਹੋਏ ਮਾਰਕਸਵਾਦ 'ਚ ਅਣਮੋਲ ਵਾਧਾ ਕੀਤਾ। ਲੈਨਿਨਵਾਦੀ ਯੁੱਧਨੀਤੀ ਅਤੇ ਦਾਅਪੇਚਾਂ ਅਨੁਸਾਰ ਸਾਡੇ ਵੱਲੋਂ ਏਂਗਲਜ਼ ਦੇ ਵਿਚਾਰਾਂ ਨੂੰ ਲਾਗੂ ਕਰਨ ਦੀ ਵਜਾਹਤ ਕਰਨ ਦਾ ਅਰਥ ਏਂਗਲਜ਼ ਨੂੰ "ਅਪ੍ਰਸੰਗਕ" ਕਰਾਰ ਦੇਣਾ ਕਿਵੇਂ ਬਣ ਗਿਆ? ਕਾ. ਲੈਨਿਨ ਨੇ ਜਦੋਂ ਸਰਮਾਏਦਾਰੀ ਦੀ ਉੱਚਤਮ ਅਵਸਥਾ ਯਾਨੀ ਕਿ ਸਾਮਰਾਜਵਾਦ ਦੇ ਵਿਸ਼ੇਸ਼ ਲੱਛਣਾਂ ਦਾ ਵਿਸ਼ਲੇਸ਼ਣ ਕੀਤਾ ਸੀ ਤਾਂ ਇਸ ਨਾਲ਼ ਕੀ ਮਾਰਕਸਵਾਦ ਅਪ੍ਰਸੰਗਕ ਹੋ ਗਿਆ ਸੀ?

ਮਾਰਕਸ, ਏਂਗਲਜ਼ ਦੇ ਸਮੇਂ ਇਨਕਲਾਬਾਂ ਦਾ ਕੇਂਦਰ ਸਰਮਾਏਦਾਰੀ ਪੱਖੋਂ ਵਿਕਸਤ ਪੱਛਮੀ ਦੇਸ਼ਾਂ ਨੂੰ ਸਮਝਿਆ ਜਾਂਦਾ ਸੀ ਅਤੇ ਇਹ ਵੀ ਵਿਸ਼ਵਾਸ਼ ਕੀਤਾ ਜਾਂਦਾ ਸੀ ਕਿ ਇਨਕਲਾਬ ਇੱਕ ਨਹੀਂ ਬਹੁਤ ਸਾਰੇ ਪੱਛਮੀ ਦੇਸ਼ਾਂ ਵਿੱਚ ਇੱਕੋ ਸਮੇਂ ਹੋਣਗੇ। ਲੈਨਿਨ ਨੇ ਆਪਣੇ ਸਮੇਂ ਦੀਆਂ ਬਦਲੀਆਂ ਹਾਲਤਾਂ ਵਿੱਚ ਰੂਸ ਵਰਗੇ ਪੱਛਮੀ ਯੂਰਪ ਦੇ ਦੇਸ਼ਾਂ ਦੇ ਮੁਕਾਬਲੇ ਇੱਕ ਪੱਛੜੇ ਦੇਸ਼ ਵਿੱਚ ਇਨਕਲਾਬ ਹੋਣ ਅਤੇ ਸਮਾਜਵਾਦ ਦੀ ਉਸਾਰੀ ਕਰਨ ਦੀਆਂ ਸੰਭਾਵਨਾਵਾਂ ਦੀ ਜ਼ੋਰ ਸ਼ੋਰ ਨਾਲ਼ ਪੈਰਵਾਈ ਕੀਤੀ। ਉਸ ਸਮੇਂ ਵੀ ਟਰਾਟਸਕੀ ਵਰਗੇ ਲੋਕ ਸਨ ਜੋ ਕਾ. ਲੈਨਿਨ ਦੇ ਵਿਚਾਰਾਂ ਨੂੰ ਮਾਰਕਸਵਾਦ ਤੋਂ ਭਟਕਣ ਦੱਸਦੇ ਸਨ ਅਤੇ ਰੂਸ ਵਰਗੇ ਪੱਛੜੇ ਦੇਸ਼ਾਂ ਵਿੱਚ ਸਮਾਜਵਾਦ ਦੀ ਉਸਾਰੀ ਕਰਨ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਕਰਦੇ ਸਨ। ਉਹ ਕਿਸੇ ਇੱਕ ਦੇਸ਼ ਵਿੱਚ ਸਮਾਜਵਾਦ ਦੀ ਉਸਾਰੀ ਕਰਨ ਨੂੰ ਉੱਕਾ ਹੀ ਖਾਰਜ ਕਰਦੇ ਸਨ। ਉਹਨਾਂ ਮੁਤਾਬਿਕ ਇਨਕਲਾਬ ਰੂਸ ਵਰਗੇ ਪੱਛੜੇ ਦੇਸ਼ਾਂ ਵਿੱਚ ਨਹੀਂ ਬਲਕਿ ਪੱਛਮੀ ਦੇਸ਼ਾਂ ਵਿੱਚ ਇੱਕੋਂ ਸਮੇਂ ਨੇਪਰੇ ਚਾੜ੍ਹਿਆ ਜਾਵੇਗਾ। ਕਾ. ਲੈਨਿਨ ਤੋਂ ਬਾਅਦ ਕਾ. ਸਤਾਲਿਨ ਨੇ ਇਨਕਲਾਬੀ ਵਿਚਾਰਾਂ ਦੀ ਰਾਖੀ ਕੀਤੀ ਅਤੇ ਇਸ ਤੋਂ ਬਾਅਦ ਕਾ. ਮਾਓ ਨੇ ਇਨ੍ਹਾਂ ਵਿਚਾਰਾਂ ਨੂੰ ਲਾਗੂ ਕਰਦਿਆਂ ਮਾਰਕਸਵਾਦ-ਲੈਨਿਨਵਾਦ 'ਚ ਵਾਧਾ ਕਰਕੇ ਇਸ ਨੂੰ ਹੋਰ ਅਮੀਰ ਬਣਾਇਆ। ਕੀ ਲੈਨਿਨ, ਸਤਾਲਿਨ ਅਤੇ ਮਾਓ ਨੇ ਮਾਰਕਸ, ਏਂਗਲਜ਼ ਦੇ ਸਮੇਂ ਨਾਲੋਂ ਢੇਰਾਂ ਅੰਤਰ ਵਾਲੀ ਯੁੱਧਨੀਤੀ ਅਤੇ ਦਾਅਪੇਚ ਲਾਗੂ ਕਰਕੇ ਮਾਰਕਸਵਾਦ ਨੂੰ 'ਅਪ੍ਰਸੰਗਕ' ਕਰ ਦਿੱਤਾ ਸੀ? ਸਪਸ਼ਟ ਹੈ ਕਿ ਹਾਲਤਾਂ ਦਾ ਪ੍ਰਸੰਗ ਬਦਲ ਜਾਣ ਨਾਲ ਮਾਰਕਸਵਾਦ ਅਪ੍ਰਸੰਗਕ ਨਹੀਂ ਹੁੰਦਾ। ਇਸ ਦੇ ਬੁਨਿਆਦੀ ਅਸੂਲ ਸਹੀ ਰਹਿੰਦੇ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਲਈ ਉਸਾਰੂ ਢੰਗ ਅਪਣਾਏ ਜਾਣ ਦੀ ਜ਼ਰੂਰਤ ਹੁੰਦੀ ਹੈ। ਜੇ ਮਾਰਕਸ ਏਂਗਲਜ਼ ਦੇ ਵਿਚਾਰਾਂ ਨੂੰ ਪ੍ਰਤੀਬੱਧ ਦੇ ਲੇਖਕਾਂ ਦੀ ਸਮਝ ਅਨੁਸਾਰ ਕੱਟੜਵਾਦੀ ਢੰਗ ਨਾਲ਼ ਲਾਗੂ ਕੀਤਾ ਗਿਆ ਹੁੰਦਾ ਤਾਂ ਸਮਾਜਵਾਦ ਦਾ ਵਿਗਿਆਨਕ ਸਿਧਾਂਤ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਕਦੇ ਵੀ ਹੋਂਦ ਵਿੱਚ ਨਾ ਆਉਂਦਾ।" (ਲਾਲ ਪਰਚਮ, ਜਨਵਰੀ-ਫਰਵਰੀ, 2011, ਪੰਨੇ 32-33)

ਆਓ ਹੁਣ ਦੇਖਦੇ ਹਾਂ ਕਿ 'ਲਾਲ ਪਰਚਮ' ਨੇ ਇਸ ਸਬੰਧ ਵਿੱਚ ਆਪਣੇ ਪਿਛਲੇ ਅੰਕ (ਮਈ-ਜੂਨ, 2010) 'ਚ ਕੀ ਲਿਖਿਆ ਸੀ,

**"ਮਜ਼ਦੂਰ ਜਮਾਤ ਦੇ ਮਹਾਨ ਉਸਤਾਦ ਏਂਗਲਜ਼ ਨੇ ਘਰਾਂ ਦੀ ਸਮੱਸਿਆ ਉੱਪਰ ਆਪਣੇ ਤਿੰਨ ਲੇਖ 1872 ਵਿੱਚ ਲਿਖੇ।...ਇਹ ਉਹ ਸਮਾਂ ਸੀ ਜਦੋਂ ਸਰਮਾਏਦਾਰ ਜਮਾਤ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚੋਂ ਗੁਜ਼ਰ ਰਹੀ ਸੀ। ਇਹ ਅਜੇ ਵਿਕਸਿਤ ਹੋ ਕੇ ਆਪਣੀ ਸਭ ਤੋਂ ਉਚੇਰੀ ਮੰਜ਼ਿਲ, ਸਾਮਰਾਜਵਾਦ ਦੀ ਮੰਜ਼ਿਲ ਉੱਪਰ ਨਹੀਂ ਸੀ ਪਹੁੰਚੀ।...ਅੱਜ ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਉਹ ਮਾਰਕਸ ਏਂਗਲਜ਼ ਦੇ ਜ਼ਮਾਨੇ ਦਾ ਸਰਾਮਾਏਦਾਰੀ ਦੇ ਖੁੱਲ੍ਹੇ ਮੁਕਾਬਲੇ ਦਾ ਜ਼ਮਾਨਾ ਨਹੀਂ ਹੈ। ਇਹ ਲੈਨਿਨ ਦੇ ਕਥਨ ਅਨੁਸਾਰ ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬਾਂ ਦਾ ਯੁੱਗ ਹੈ।...ਪ੍ਰਤੀਬੱਧ ਦਾ ਲੇਖਕ ਇੱਕ ਸਮੇਂ ਤੇ ਸਥਾਨ ਅੰਦਰ ਵਿਉਂਤੇ ਕਾਰਜਾਂ ਨੂੰ ਕਿਸੇ ਦੂਸਰੇ ਸਮੇਂ ਤੇ ਸਥਾਨ ਅੰਦਰ ਕੱਟੜਵਾਦੀ ਢੰਗ ਨਾਲ਼ ਲਾਗੂ ਕਰਦਾ ਹੈ।...ਫਰੈਡਰਿਕ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁਖ ਹੋ ਕੇ ਸਿਰਫ਼ ਮਜ਼ਦੂਰਾਂ ਨੂੰ ਘਰ ਦੁਆਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸ ਨੂੰ ਸਮਾਜਵਾਦ ਦੇ ਤੁੱਲ ਬਣਾ ਦੇਣ ਦੀਆਂ ਗਲਤ ਪ੍ਰਵਿਰਤੀਆਂ ਦੇ ਖਿਲਾਫ਼ ਸੰਘਰਸ਼ ਕਰ ਰਹੇ ਸਨ। ਅਜਿਹਾ ਉਹ ਉਸ ਸਮੇਂ ਕਰ ਰਹੇ ਸਨ ਜਦੋਂ ਪੂੰਜੀਵਾਦ ਦਾ ਸੰਸਾਰ ਪੱਧਰ ਉੱਤੇ ਅਗਾਂਹਵਧੂ ਰੋਲ਼ ਸੀ। ਏਂਗਲਜ਼ ਦੀਆਂ ਉਸ ਸਮੇਂ ਦੇ ਹਾਲਾਤ ਵਿੱਚ ਕਹੀਆਂ ਗੱਲਾਂ ਨੂੰ ਅੱਜ ਦੇ ਗਲ਼ੇ ਸੜੇ ਸਾਮਰਾਜੀ ਪ੍ਰਬੰਧ ਅਤੇ ਇਸ ਦੀ ਛਤਰ ਛਾਇਆ ਹੇਠ ਪਣਪੇ ਭਾਰਤ ਅੰਦਰ ਰੋਗ ਗ੍ਰਸਤ ਪੂੰਜੀਵਾਦ ਦੇ ਵਰਤਾਰੇ ਦੀਆਂ ਹਾਲਤਾਂ ਉੱਤੇ ਲਾਗੂ ਕਰਨ ਨੂੰ ਕਿਸੇ ਤਰਾਂ ਵੀ ਸਿਆਣਪ ਭਰਪੂਰ ਨਹੀਂ ਕਿਹਾ ਜਾ ਸਕਦਾ।"** (ਲਾਲ ਪਰਚਮ ਮਈ-ਜੂਨ 2010, ਜ਼ੋਰ ਸਾਡਾ)

'ਲਾਲ ਪਰਚਮ' ਦੇ ਗੁੰਮਨਾਮ ਲੇਖਕ ਜੀਓ ਕੀ ਤੁਹਾਡੀ ਯਾਦਾਸ਼ਤ ਏਨੀ ਘੱਟ ਹੈ ਕਿ ਤੁਸੀਂ ਆਪਣਾ ਹੀ ਲਿਖਿਆ ਭੁੱਲ ਗਏ? ਕੀ ਤੁਸੀਂ ਬਦਲੀਆਂ ਹੋਈਆਂ ਹਾਲਤਾਂ 'ਚ ਏਂਗਲਜ਼ ਦੇ ਵਿਚਾਰਾਂ ਨੂੰ ਅਪ੍ਰਸੰਗਕ ਨਹੀਂ ਸੀ ਦੱਸਿਆ? ਕਿਧਰੇ ਤੁਹਾਡੇ ਸ਼ਬਦਕੋਸ਼ ਵਿੱਚ 'ਅਪ੍ਰਸੰਗਕ' ਸ਼ਬਦ ਦੇ ਅਰਥ ਤਾਂ ਵੱਖਰੇ ਨਹੀਂ ਹਨ? ਕੀ ਤੁਸੀਂ ਇਹ ਨਹੀਂ ਸੀ ਲਿਖਿਆ ਕਿ **ਪ੍ਰਤੀਬੱਧ ਦਾ ਲੇਖਕ ਇੱਕ ਸਮੇਂ ਤੇ ਸਥਾਨ ਅੰਦਰ ਵਿਉਂਤੇ ਕਾਰਜਾਂ ਨੂੰ ਕਿਸੇ ਦੂਸਰੇ ਸਮੇਂ ਅਤੇ ਸਥਾਨ ਅੰਦਰ ਕੱਟੜਵਾਦੀ ਢੰਗ ਨਾਲ਼ ਲਾਗੂ ਕਰਦਾ ਹੈ।** ਫ਼ਰੈਡਰਿਕ ਏਂਗਲਜ਼ ਨੇ ਆਪਣੇ 'ਸਮੇਂ ਅਤੇ ਸਥਾਨ ਅੰਦਰ' ਪਰੂਧੋਂ, ਉਸਦੇ ਜਰਮਨ ਚੇਲੇ ਮੂਲਬਰਗਰ ਅਤੇ ਬੁਰਜੂਆ ਸਮਾਜਵਾਦੀ ਸ਼੍ਰੀ ਸਾਕਸ ਦੁਆਰਾ ਮਜ਼ਦੂਰਾਂ ਨੂੰ ਘਰਾਂ ਦੇ ਰੂਪ ਵਿੱਚ ਨਿੱਜੀ ਜਾਇਦਾਦ ਦੇ ਮਾਲਕ ਬਣਾਉਣ ਦਾ ਵਿਗਿਆਨਕ ਤਰਕਸੰਗਤ ਢੰਗ ਨਾਲ਼ ਵਿਰੋਧ ਕੀਤਾ ਸੀ। ਅਤੇ ਇਸ ਬਾਰੇ ਸਾਡਾ ਕਹਿਣਾ ਹੈ ਕਿ ਅੱਜ ਵੀ ਮਜ਼ਦੂਰਾਂ ਨੂੰ ਘਰਾਂ ਦੇ ਰੂਪ 'ਚ (ਜਾਂ ਕਿਸੇ ਵੀ ਹੋਰ ਰੂਪ 'ਚ) ਨਿੱਜੀ ਜਾਇਦਾਦ ਦੇ ਮਾਲਕ ਬਣਾਉਣ ਵਾਲੀਆਂ ਮੰਗਾਂ/ਕੋਸ਼ਿਸ਼ਾਂ ਦਾ ਏਂਗਲਜ਼ (ਮਾਰਕਸ, ਲੈਨਿਨ ਵੀ) ਦੀਆਂ ਸਿੱਖਿਆਵਾਂ ਨੂੰ ਅਧਾਰ ਬਣਾ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ। **ਜੇਕਰ ਸਾਡਾ ਅਜਿਹਾ ਕਰਨਾ ਏਂਗਲਜ਼ ਨੂੰ ਕੱਟੜਵਾਦੀ ਢੰਗ ਨਾਲ਼ ਲਾਗੂ ਕਰਨਾ ਹੈ ਤਾਂ ਫਿਰ 'ਬਦਲੀਆਂ ਹੋਈਆਂ ਹਾਲਤਾਂ ਵਿੱਚ' ਤੁਸੀਂ ਏਂਗਲਜ਼ ਦੇ ਵਿਚਾਰਾਂ ਨੂੰ ਕਿਸ ਤਰ੍ਹਾਂ ਸਿਰਜਣਾਤਮਕ ਢੰਗ ਨਾਲ਼ ਲਾਗੂ ਕਰ ਰਹੇ ਹੋ? ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਘਰਾਂ ਦੀ ਮੰਗ ਕਰਕੇ। (ਕੀ ਤੁਸੀਂ ਅਜਿਹਾ ਨਹੀਂ ਕਰ ਰਹੇ?) ਕੀ ਇਹ**

**ਸਿਰਜਣਾਤਮਕਤਾ ਹੈ ਜਾਂ ਨਿੱਕ ਬੁਰਜੂਆ ਸਮਾਜਵਾਦੀ ਪਰੂਧੋਂ, ਉਸ ਦੇ ਜਰਮਨ ਚੇਲੇ ਮੂਲਬਰਗਰ ਅਤੇ ਬੁਰਜੂਆ ਸਮਾਜਵਾਦੀ ਸਾਕਸ ਦੇ ਚਗਲੇ ਹੋਏ ਵਿਚਾਰਾਂ ਦੀ ਜੂਠ ?** 'ਲਾਲ ਪਰਚਮ' ਦੇ ਲੇਖਕ ਜੀ ਤੁਹਾਡਾ ਇਹ ਕਹਿਣਾ ਹੈ ਕਿ ਤੁਸੀਂ ਬਦਲੀਆਂ ਹੋਈਆਂ ਹਾਲਤਾਂ 'ਚ ਏਂਗਲਜ਼ ਦੇ ਵਿਚਾਰਾਂ ਨੂੰ ਅਪ੍ਰਸੰਗਕ ਕਰਾਰ ਨਹੀਂ ਦਿੰਦੇ। ਤੁਹਾਡਾ ਕਹਿਣਾ ਹੈ ਕਿ ਅਸੀਂ 'ਆਪ ਮੁਖੀ ਢੰਗ ਨਾਲ਼' ਤੁਹਾਡੀ ਪੋਜ਼ੀਸ਼ਨ ਦਾ ਗਲਤ ਅਰਥ ਕੱਢਦੇ ਹਾਂ। ਪਰ ਤੁਸੀਂ ਹੀ ਲਿਖਿਆ ਸੀ, **''ਅਜਿਹਾ ਉਹ ਉਸ ਸਮੇਂ ਕਰ ਰਹੇ ਸਨ ਜਦੋਂ ਪੂੰਜੀਵਾਦ ਦਾ ਸੰਸਾਰ ਪੱਧਰ ਉੱਤੇ ਅਗਾਂਹਵਧੂ ਰੋਲ਼ ਸੀ। ਏਂਗਲਜ਼ ਦੀਆਂ ਉਸ ਸਮੇਂ ਦੇ ਹਾਲਾਤ ਵਿੱਚ ਕਹੀਆਂ ਗੱਲਾਂ ਨੂੰ ਅੱਜ ਦੇ ਗਲ਼ੇ ਸੜੇ ਸਾਮਰਾਜੀ ਪ੍ਰਬੰਧ ਅਤੇ ਇਸ ਦੀ ਛਤਰ ਛਾਇਆ ਹੇਠ ਪਣਪੇ ਭਾਰਤ ਅੰਦਰ ਰੋਗ ਗ੍ਰਸਤ ਪੂੰਜੀਵਾਦ ਦੇ ਵਰਤਾਰੇ ਦੀਆਂ ਹਾਲਤਾਂ ਉੱਤੇ ਲਾਗੂ ਕਰਨ ਨੂੰ ਕਿਸੇ ਤਰਾਂ ਵੀ ਸਿਆਣਪ ਭਰਪੂਰ ਨਹੀਂ ਕਿਹਾ ਜਾ ਸਕਦਾ।''** ਲਾਲ ਪਰਚਮ ਦੇ ਲੇਖਕ ਜੀ **ਕੀ ਤੁਹਾਡੇ ਕਹੇ ਦਾ ਅਰਥ ਇਹ ਨਹੀਂ ਨਿਕਲਦਾ ਕਿ 'ਸਾਮਰਾਜੀ ਪ੍ਰਬੰਧ ਅਤੇ ਇਸ ਦੀ ਛਤਰ ਛਾਇਆ ਹੇਠ ਪਣਪੇ ਭਾਰਤ ਅੰਦਰ ਰੋਗ ਗ੍ਰਸਤ ਪੂੰਜੀਵਾਦ ਦੇ ਵਰਤਾਰੇ ਦੀਆਂ ਹਾਲਤਾਂ' 'ਚ ਏਂਗਲਜ਼ ਦੇ ਵਿਚਾਰ ਅਪ੍ਰਸੰਗਕ ਹੋ ਗਏ ਹਨ ?** 'ਲਾਲ ਪਰਚਮ' ਦੇ ਲੇਖਕ ਜੀ ਵਾਕ ਚਤੁਰਾਈ ਦੇ ਗਰਦ ਗੁਬਾਰ 'ਚ ਆਪਣੀਆਂ ਗਲਤੀਆਂ ਢਕਣ ਦੀ ਕੋਸ਼ਿਸ਼ ਤੁਹਾਡੇ ਕਿਸੇ ਕੰਮ ਨਹੀਂ ਆਉਣੀ। ਬਿਹਤਰ ਇਹੀ ਹੁੰਦਾ ਹੈ ਕਿ ਇੱਕ ਸੱਚੇ ਅਤੇ ਬਹਾਦਰ ਵਿਗਿਆਨਕ ਦੀ ਤਰ੍ਹਾਂ ਜਿੱਥੇ ਮਹਿਸੂਸ ਹੋਵੇ ਆਪਣੀ ਗਲਤੀ ਇਮਾਨਦਾਰੀ ਨਾਲ਼ ਮੰਨ ਲਈ ਜਾਵੇ। ਤੁਸੀਂ ਲਿਖਿਆ ਹੈ, ''ਅਸੀਂ ਸਮਝਦੇ ਹਾਂ ਕਿ ਘਰਾਂ ਦੇ ਸਵਾਲ ਦਾ ਅੰਤਿਮ ਨਿਪਟਾਰਾ ਮਜ਼ਦੂਰ ਜਮਾਤ ਦੀ ਅਗਵਾਈ 'ਚ ਉਸਰਿਆ ਰਾਜ ਹੀ ਕਰੇਗਾ ਜਿਵੇਂ ਕਿ ਏਂਗਲਜ਼ ਨੇ ਇਸ ਦਾ ਹੱਲ ਦੱਸਿਆ ਹੈ।'' ਤੁਸੀਂ ਘਰਾਂ ਦੇ ਸਵਾਲ ਦੇ ਅੰਤਿਮ ਨਿਪਟਾਰੇ ਬਾਰੇ ਏਂਗਲਜ਼ ਨਾਲ਼ ਸਹਿਮਤ ਹੋ। ਪਰ ਇਸ ਸਮੱਸਿਆ ਦੇ ਫੌਰੀ ਨਿਪਟਾਰੇ ਬਾਰੇ ਤੁਹਾਡੇ ਕੀ ਵਿਚਾਰ ਹਨ ? ਇਸ ਸਬੰਧ ਵਿੱਚ (ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਘਰਾਂ, ਪਲਾਟਾਂ ਦੀ ਮੰਗ ਕਰਦੇ ਹੋਏ) ਤੁਸੀਂ ਪਰੂਧੋਂ, ਮੂਲਬਰਗਰ ਅਤੇ ਸ਼੍ਰੀ ਸਾਕਸ ਨਾਲ਼ (ਜਿਹਨਾਂ ਵਿਰੁੱਧ ਏਂਗਲਜ਼ ਨੇ ਵਿਸਥਾਰ 'ਚ ਲਿਖਿਆ ਹੈ) ਨਾਲ਼ ਸਹਿਮਤ ਹੋ। ਹੋ ਕਿ ਨਹੀਂ ? ਘਰਾਂ ਦੇ ਸਵਾਲ ਦੇ ਅੰਤਿਮ ਨਿਪਟਾਰੇ ਦੇ ਸਵਾਲ 'ਤੇ ਤੁਹਾਡਾ ਰੁਖ ਵਿਗਿਆਨਕ ਸਮਾਜਵਾਦੀ ਹੈ ਪਰ ਫੌਰੀ ਨਿਪਟਾਰੇ ਦੇ ਸਵਾਲ 'ਤੇ ਬੁਰਜੂਆ, ਨਿੱਕ ਬੁਰਜੂਆ ਸਮਾਜਵਾਦੀ ਹੈ। ਹੈ ਕਿ ਨਹੀਂ ? ਇਹ ਹੈ ਲਾਲ ਪਰਚਮ ਦੀ ਸਮਝ ਜੋ ਸਮਾਜਵਾਦ ਦੀਆਂ ''ਸੱਭੇ'' ਵੰਨਗੀਆਂ ਦੀ ਮੁੱਦਈ ਹੈ!

'ਲਾਲ ਪਰਚਮ' ਦੇ ਲੇਖਕ ਜੀ ਤੁਸੀਂ ਲਿਖਦੇ ਹੋ, 'ਬਦਲੀਆਂ ਹੋਈਆਂ ਹਾਲਤਾਂ ਵਿੱਚ ਏਂਗਲਜ਼ ਦੇ ਦਰੁਸਤ ਵਿਚਾਰਾਂ ਨੂੰ ਕੱਟੜਪੁਣੇ ਨਾਲ਼ ਲਾਗੂ ਕਰਨ ਦੀ ਬਜਾਏ ਉਸਾਰੂ ਢੰਗ ਨਾਲ਼ ਲਾਗੂ ਕੀਤਾ ਜਾਣਾ ਚਾਹੀਦਾ ਹੈ। **ਅਸੀਂ ਤੁਹਾਨੂੰ ਪੁੱਛਦੇ ਹਾਂ ਕਿ 'ਬਦਲੀਆਂ ਹੋਈਆਂ ਹਾਲਤਾਂ ਵਿੱਚ ਏਂਗਲਜ਼ ਦੇ ਵਿਚਾਰਾਂ ਨੂੰ' ਤੁਸੀਂ ਕਿਸ ਤਰ੍ਹਾਂ 'ਉਸਾਰੂ ਢੰਗ ਨਾਲ਼ ਲਾਗੂ' ਕਰੋਗੇ ? ਕੀ ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਘਰਾਂ/ਪਲਾਟਾਂ ਦੀ ਮੰਗ ਕਰਕੇ ? ਪਰ ਇਹ ਤਾਂ ਬੁਰਜੂਆ, ਨਿੱਕ ਬੁਰਜੂਆ ਤਰੀਕਾ ਹੈ ਤੇ ਤੁਹਾਡਾ ਇਹੋ ਤਰੀਕਾ ਹੈ।**

**ਜੇਕਰ ਤੁਹਾਡੇ ਕੋਲ਼ 'ਏਂਗਲਜ਼ ਦੇ ਵਿਚਾਰਾਂ ਨੂੰ ਉਸਾਰੂ ਢੰਗ ਨਾਲ਼ ਲਾਗੂ' ਕਰਨ ਦਾ ਕੋਈ ਹੋਰ ਤਰੀਕਾ ਹੈ ਅਤੇ ਉਹ ਕੋਈ ਖੁਫ਼ੀਆ ਤਰੀਕਾ ਨਹੀਂ ਹੈ, ਤਾਂ ਤੁਹਾਨੂੰ ਉਸਤੋਂ ਸਾਨੂੰ ਅਤੇ ਦੋਹਾਂ ਪਰਚਿਆਂ ਦੇ ਪਾਠਕਾਂ ਨੂੰ ਵੀ, ਜਾਣੂ ਕਰਵਾਉਣਾ ਚਾਹੀਦਾ ਹੈ।** ਸਾਨੂੰ ਤੁਹਾਡੇ ਇਸ "ਉਸਾਰੂ" ਤਰੀਕੇ ਬਾਰੇ ਜਾਨਣ ਦੀ ਬੜੀ ਬੇਸਬਰੀ ਨਾਲ਼ ਉਡੀਕ ਰਹੇਗੀ।

'ਲਾਲ ਪਰਚਮ' ਦਾ ਗੁੰਮਨਾਮ ਲੇਖਕ ਸਾਨੂੰ ਪੁੱਛਦਾ ਹੈ 'ਲੈਨਿਨਵਾਦੀ ਯੁੱਧਨੀਤੀ ਅਤੇ ਦਾਅਪੇਚਾਂ' ਅਨੁਸਾਰ ਸਾਡੇ ਵੱਲੋਂ ਏਂਗਲਜ਼ ਦੇ ਵਿਚਾਰਾਂ ਨੂੰ ਲਾਗੂ ਕਰਨ ਦਾ ਅਰਥ ਏਂਗਲਜ਼ ਨੂੰ 'ਅਪ੍ਰਸੰਗਕ' ਕਰਾਰ ਦੇਣਾ ਕਿਵੇਂ ਬਣ ਗਿਆ ?' 'ਲਾਲ ਪਰਚਮ' ਦੇ ਲੇਖਕ ਜੀ ਵਿਚਾਰਧਾਰਕ ਤੌਰ 'ਤੇ ਤੁਸੀਂ ਖਾਸੇ ਹੀ ਕੰਗਾਲ ਹੋ। (ਸਾਡੇ ਅਜਿਹਾ ਕਹਿਣ ਤੇ 'ਲਾਲ ਪਰਚਮ' ਫਿਰ ਤੋਂ ਦੁਹੱਥੜੇ ਮਾਰਦਾ ਹੋਇਆ ਵਿਰਲਾਪ ਕਰਨ ਲੱਗੇਗਾ। ਅਤੇ ਸਾਡੇ ਉੱਪਰ 'ਗਾਲ੍ਹਾਂ 'ਤੇ ਉੱਤਰ ਆਉਣ', 'ਝੱਲੇ ਹੋ ਜਾਣ', 'ਹੰਕਾਰੀ ਹੋਣ' ਆਦਿ ਦੋਸ਼ਾਂ ਦੀ ਝੜੀ ਲਗਾ ਦੇਵੇਗਾ। ਪਰ ਇਸ ਸਭ ਦਾ ਖਤਰਾ ਮੁੱਲ ਲੈਂਦੇ ਹੋਏ ਵੀ ਅਸੀਂ 'ਲਾਲ ਪਰਚਮ' ਦੇ ਇਸ ਲੇਖਕ ਨੂੰ ਵਿਚਾਰਧਾਰਕ ਤੌਰ 'ਤੇ ਅੱਤ ਦਾ ਕੰਗਾਲ ਕਹਿਣ ਤੋਂ ਖੁਦ ਨੂੰ ਰੋਕ ਨਹੀਂ ਪਾ ਰਹੇ ਹਾਂ।) **ਲਾਲ ਪਰਚਮ ਦੇ ਲੇਖਕ ਜੀ ਮਜ਼ਦੂਰਾਂ ਨੂੰ ਘਰਾਂ ਦੇ ਰੂਪ ਵਿੱਚ ਨਿੱਜੀ ਜਾਇਦਾਦ ਦੇ ਮਾਲਕ ਬਣਾਉਣਾ ਲੈਨਿਨ ਦੀ ਯੁੱਧਨੀਤੀ ਅਤੇ ਦਾਅਪੇਚਾਂ ਦਾ ਅੰਗ ਕਦੋਂ ਤੋਂ ਬਣ ਗਿਆ ? ਲੈਨਿਨ ਨੇ ਕਿੱਥੇ ਲਿਖਿਆ ਹੈ ਕਿ ਸਾਮਰਾਜਵਾਦ ਦੇ ਯੁੱਗ ਵਿੱਚ ਮਜ਼ਦੂਰਾਂ ਨੂੰ ਘਰਾਂ ਦੇ ਰੂਪ ਵਿੱਚ ਨਿੱਜੀ ਜਾਇਦਾਦ ਦੇ ਮਾਲਕ ਬਣਾਇਆ ਜਾਣਾ ਚਾਹੀਦਾ ਹੈ ? ਤੁਸੀਂ ਲੈਨਿਨ ਦੀ ਕਿਸ ਲਿਖਤ ਦੇ ਅਧਾਰ 'ਤੇ ਮਜ਼ਦੂਰ ਘਰਾਂ ਦੇ ਸਵਾਲ 'ਤੇ ਲੈਨਿਨ ਨੂੰ ਏਂਗਲਜ਼ ਦੇ ਵਿਰੋਧ 'ਚ ਖੜ੍ਹਾ ਕਰ ਰਹੇ ਹੋ ? ਆਪਣੀ ਵਿਚਾਰਧਾਰਕ ਗਰੀਬੀ ਨੂੰ ਤੁਸੀਂ ਲੈਨਿਨ ਦੇ ਮੱਥੇ ਕਿਉਂ ਮੜ੍ਹੀ ਜਾ ਰਹੇ ਹੋ ?**

'ਲਾਲ ਪਰਚਮ' ਦਾ ਲੇਖਕ ਅੱਗੇ ਸਾਨੂੰ ਪੁੱਛਦਾ ਹੈ, 'ਕਾ. ਲੈਨਿਨ ਨੇ ਜਦੋਂ ਸਰਮਾਏਦਾਰੀ ਦੀ ਉੱਚਤਮ ਅਵਸਥਾ ਯਾਨੀ ਕਿ ਸਾਮਰਾਜਵਾਦ ਦੇ ਵਿਸ਼ੇਸ਼ ਲੱਛਣਾਂ ਦਾ ਵਿਸ਼ਲੇਸ਼ਣ ਕੀਤਾ ਸੀ ਤਾਂ ਇਸ ਨਾਲ਼ ਕੀ ਮਾਰਕਸਵਾਦ ਅਪ੍ਰਸੰਗਕ ਹੋ ਗਿਆ ਸੀ ?' ਹੁਣ ਅਜਿਹੀ ਸਮਝ ਉਤੇ ਅਸੀਂ ਤਰਸ ਨਾ ਕਰੀਏ ਤਾਂ ਫੇਰ ਕੀ ਕਰੀਏ ? 'ਲਾਲ ਪਰਚਮ' ਦੇ ਲੇਖਕ ਜੀ ਕੀ ਅਸੀਂ ਕਿਤੇ ਵੀ ਇਹ ਕਿਹਾ ਹੈ ਕਿ ਲੈਨਿਨ ਦੁਆਰਾ ਸਾਮਰਾਜਵਾਦ ਦੇ ਵਿਸ਼ੇਸ਼ ਲੱਛਣਾਂ ਦੇ ਵਿਸ਼ਲੇਸ਼ਣ ਨਾਲ਼ ਮਾਰਕਸਵਾਦ ਅਪ੍ਰਸੰਗਕ ਹੋ ਗਿਆ ਹੈ ? **ਕੀ ਕਾ. ਲੈਨਿਨ ਦੁਆਰਾ ਪੂੰਜੀਵਾਦ ਦੇ ਸਰਵਉੱਚ ਪੜਾਅ ਸਾਮਰਾਜਵਾਦ ਦਾ ਵਿਸ਼ਲੇਸ਼ਣ ਅਤੇ ਤੁਹਾਡੇ ਦੁਆਰਾ ਮਜ਼ਦੂਰਾਂ ਨੂੰ ਨਿੱਜੀ ਜਾਇਦਾਦ ਦੇ ਰੂਪ 'ਚ ਘਰ ਦਿੱਤੇ ਜਾਣ ਦੀ ਮੰਗ ਦਾ ਬੁਰਜੂਆ, ਨਿੱਕ ਬੁਰਜੂਆ ਵਿਰਲਾਪ ਦੋਵੇਂ ਇੱਕ ਹੀ ਚੀਜ਼ ਹਨ ? ਕਾ. ਲੈਨਿਨ ਨੇ ਤਾਂ ਪੂੰਜੀਵਾਦ ਦੇ ਸਰਵਉੱਚ ਪੜਾਅ ਸਾਮਰਾਜਵਾਦ ਦੇ ਵਿਸ਼ਲੇਸ਼ਣ ਰਾਹੀਂ ਮਾਰਕਸਵਾਦ ਨੂੰ ਹੋਰ ਵਿਕਸਤ ਕੀਤਾ (ਮਾਰਕਸਵਾਦ ਨੂੰ ਅਮੀਰ ਬਣਾਉਣ ਵਿੱਚ ਕਾ. ਲੈਨਿਨ ਦੀਆਂ ਬਹੁਤ ਸਾਰੀਆਂ ਦੇਣਾਂ 'ਚੋਂ ਇਹ ਇੱਕ ਮਹੱਤਵਪੂਰਨ ਦੇਣ ਹੈ) ਹੈ। ਕੀ ਤੁਸੀਂ "ਬਦਲੀਆਂ ਹੋਈਆਂ ਹਾਲਤਾਂ" 'ਚ ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ 'ਚ ਘਰਾਂ-ਪਲਾਟਾਂ ਦੀ ਪਿਛਾਂਹਖਿਚੂ ਮੰਗ ਕਰਕੇ**

**ਮਾਰਕਸਵਾਦ 'ਚ ਇਜ਼ਾਫਾ ਕਰ ਰਹੇ ਹੋ ?** ਪ੍ਰਤੀਬੱਧ ਦੇ ਪਿਛਲੇ ਅੰਕ ਵਿੱਚ ਅਸੀਂ ਪਹਿਲਾਂ ਹੀ ਦਿਖਾ ਚੁੱਕੇ ਹਾਂ ਆਪਣੀ ਪ੍ਰਸਿੱਧ ਕਿਤਾਬ **ਰਾਜ ਅਤੇ ਇਨਕਲਾਬ** ਵਿੱਚ ਕਾ. ਲੈਨਿਨ ਨੇ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਏਂਗਲਜ਼ ਦੇ ਹੀ ਵਿਚਾਰਾਂ ਨੂੰ ਬੁਲੰਦ ਕੀਤਾ ਸੀ। (ਦੇਖੋ ਪ੍ਰਤੀਬੱਧ ਜੁਲਾਈ 2010) ਇਸ ਸਬੰਧੀ ਸਾਡੇ ਵੱਲੋਂ ਦਿੱਤੇ ਤੱਥਾਂ ਨੂੰ ਰੱਦ ਕਰਨ 'ਚ ਲਾਲ ਪਰਚਮ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ।

'ਲਾਲ ਪਰਚਮ' ਆਪਣੇ ਮੂਰਖਤਾਪੂਰਨ ਸਵਾਲਾਂ ਦਾ ਕ੍ਰਮ ਜਾਰੀ ਰੱਖਦਾ ਹੋਇਆ ਪੁੱਛਦਾ ਹੈ, "ਕੀ ਲੈਨਿਨ, ਸਤਾਲਿਨ ਅਤੇ ਮਾਓ ਨੇ ਮਾਰਕਸ, ਏਂਗਲਜ਼ ਦੇ ਸਮੇਂ ਨਾਲੋਂ ਢੇਰਾਂ ਅੰਤਰ ਵਾਲੀ ਯੁੱਧਨੀਤੀ ਅਤੇ ਦਾਅਪੇਚ ਲਾਗੂ ਕਰਕੇ ਮਾਰਕਸਵਾਦ ਨੂੰ 'ਅਪ੍ਰਸੰਗਕ' ਕਰਾਰ ਦਿੱਤਾ ਸੀ ?" ਨਹੀਂ ਉਹਨਾਂ ਬਿਲਕੁਲ ਵੀ ਅਜਿਹਾ ਨਹੀਂ ਕੀਤਾ ਸੀ। ਉਹਨਾਂ ਨੇ ਮਾਰਕਸ-ਏਂਗਲਜ਼ ਦੀਆਂ ਸਿੱਖਿਆਵਾਂ ਦੀ ਬੁਨਿਆਦ 'ਤੇ ਖੜ੍ਹੇ ਹੋ ਕੇ, (ਇਸ ਵਿਚੋਂ ਹਾਲਤਾਂ ਬਦਲਣ ਨਾਲ਼ ਜੋ ਕੁਝ ਅਪ੍ਰਸੰਗਕ ਹੋ ਗਿਆ ਸੀ ਉਸ ਨੂੰ ਛੱਡਦੇ ਹੋਏ) ਆਪਣੇ ਸਮੇਂ ਅਤੇ ਸਥਾਨ ਦੀਆਂ ਹਾਲਤਾਂ 'ਚ ਮਾਰਕਸਵਾਦ ਨੂੰ ਸਿਰਜਣਾਤਮਕ ਰੂਪ 'ਚ ਲਾਗੂ ਕੀਤਾ ਅਤੇ ਕਾ. ਲੈਨਿਨ ਅਤੇ ਫਿਰ ਕਾ. ਮਾਓ ਨੇ ਮਾਰਕਸਵਾਦੀ ਵਿਗਿਆਨ ਨੂੰ ਆਪਣੀਆਂ ਸਿੱਖਿਆਵਾਂ ਨਾਲ਼ ਹੋਰ ਅਮੀਰ ਬਣਾਇਆ। **ਪਰ ਲਾਲ ਪਰਚਮ ਦੇ ਲੇਖਕ ਜੀ ਕੀ ਸਾਡੇ ਦਰਮਿਆਨ ਬਹਿਸ ਦਾ ਮੁੱਦਾ ਇਹੋ ਹੈ ? ਤੁਸੀਂ ਬੇਸਿਰ-ਪੈਰ ਸਵਾਲ ਖੜ੍ਹੇ ਕਰਕੇ ਬਹਿਸ ਨੂੰ ਮੂਲ ਸਵਾਲ ਤੋਂ ਲਾਂਭੇ ਲਿਜਾ ਕੇ ਅਸਲ ਸਵਾਲਾਂ ਨੂੰ ਰੋਲਣ ਦੀ ਕੋਸ਼ਿਸ਼ ਕਰ ਰਹੇ ਹੋ।** ਪਰ ਅਜਿਹਾ ਕਰਕੇ ਨਾ ਤਾਂ ਤੁਸੀਂ 'ਪ੍ਰਤੀਬੱਧ' ਅਤੇ ਨਾ ਹੀ 'ਲਾਲ ਪਰਚਮ' ਦੇ ਪਾਠਕਾਂ ਨੂੰ ਮੂਰਖ ਬਣਾਉਣ 'ਚ ਕਾਮਯਾਬ ਹੋ ਸਕੋਗੇ। **'ਲਾਲ ਪਰਚਮ' ਦੇ ਲੇਖਕ ਜੀ ਅਸੀਂ ਤੁਹਾਨੂੰ ਪੁੱਛਣਾ ਚਾਹੁੰਦੇ ਹਾਂ ਕਿ ਲੈਨਿਨ, ਸਤਾਲਿਨ ਅਤੇ ਮਾਓ ਨੇ 'ਮਾਰਕਸ ਤੇ ਏਂਗਲਜ਼ ਦੇ ਸਮੇਂ ਨਾਲੋਂ ਢੇਰਾਂ ਅੰਤਰਾਂ ਵਾਲੀ ਯੁੱਧਨੀਤੀ ਅਤੇ ਦਾਅਪੇਚ ਲਾਗੂ ਕਰਦੇ ਹੋਏ ਕੀ ਮਜ਼ਦੂਰ ਘਰਾਂ ਦੇ ਸਵਾਲ ਕੋਈ ਵੱਖਰੀ ਯੁੱਧਨੀਤੀ ਅਤੇ ਦਾਅਪੇਚ ਅਪਣਾਏ ਸਨ ? ਇਸ ਸਵਾਲ ਉੱਪਰ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕਾਂ ਲੈਨਿਨ, ਸਤਾਲਿਨ ਅਤੇ ਮਾਓ ਨੇ ਕੀ ਏਂਗਲਜ਼ ਤੋਂ ਵੱਖਰੇ ਕੋਈ ਵਿਚਾਰ ਦਿੱਤੇ ਸਨ ? ਕੀ ਮਾਰਕਸਵਾਦ ਵਿੱਚ ਇਹ (ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਘਰਾਂ ਦੀ ਮੰਗ) ਤੁਹਾਡਾ "ਮੌਲਿਕ ਇਜ਼ਾਫਾ" ਨਹੀਂ ਹੈ ?**

ਅੱਗੇ ਲਾਲ ਪਰਚਮ ਦਾ ਲੇਖਕ ਲਿਖਦਾ ਹੈ, 'ਜੇ ਮਾਰਕਸ-ਏਂਗਲਜ਼ ਦੇ ਵਿਚਾਰਾਂ ਨੂੰ ਪ੍ਰਤੀਬੱਧ ਦੇ ਲੇਖਕਾਂ ਦੀ ਸਮਝ ਅਨੁਸਾਰ ਕੱਟੜਵਾਦੀ ਢੰਗ ਨਾਲ਼ ਲਾਗੂ ਕੀਤਾ ਗਿਆ ਹੁੰਦਾ ਤਾਂ ਸਮਾਜਵਾਦ ਦਾ ਵਿਗਿਆਨਕ ਸਿਧਾਂਤ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਕਦੇ ਵੀ ਹੋਂਦ ਵਿੱਚ ਨਾ ਆਉਂਦਾ।' ਇਸ ਦੇ ਜਵਾਬ ਵਿੱਚ ਅਸੀਂ ਕਹਿਣਾ ਚਾਹਾਂਗੇ ਕਿ **ਅਸੀਂ ਮਾਰਕਸ-ਏਂਗਲਜ਼ (ਅਤੇ ਲੈਨਿਨ, ਸਤਾਲਿਨ ਤੇ ਮਾਓ ਵੀ) ਦੇ ਵਿਚਾਰਾਂ ਨੂੰ ਬਿਲਕੁਲ ਵੀ ਕੱਟੜਵਾਦੀ ਢੰਗ ਨਾਲ਼ ਲਾਗੂ ਨਹੀਂ ਕਰਦੇ। ਅਸੀਂ ਮਜ਼ਦੂਰ ਜਮਾਤ ਦੇ ਇਹਨਾਂ ਮਹਾਨ ਅਧਿਆਪਕਾਂ ਦੇ ਨਿਮਰ ਵਿਦਿਆਰਥੀ ਹਾਂ। ਅਸੀਂ ਇਹਨਾਂ ਦੇ ਵਿਚਾਰਾਂ ਦੀ ਰੌਸ਼ਨੀ ਵਿੱਚ ਮਜ਼ਦੂਰ ਜਮਾਤ ਦੀ ਸਮੁੱਚੀ ਵਿਰਾਸਤ (ਵੱਡੇਰੇ ਅਰਥਾਂ 'ਚ ਕਹਿਣਾ ਹੋਵੇ ਤਾਂ ਮਨੁੱਖਤਾ ਦੀ**

**ਸਮੁੱਚੀ ਵਿਰਾਸਤ), ਅੱਜ ਦੀਆਂ ਦੇਸ਼ ਅਤੇ ਦੁਨੀਆਂ ਦੀਆਂ ਹਾਲਤਾਂ ਅਤੇ ਖੁਦ ਇਹਨਾਂ ਹੀ ਮਹਾਨ ਅਧਿਆਪਕਾਂ ਦੇ ਵਿਚਾਰਾਂ ਦਾ ਅਲੋਚਨਾਤਮਕ ਅਧਿਐਨ ਕਰਦੇ ਹੋਏ, ਇਸ ਦੇ ਸਕਾਰਾਤਮਕ ਨੂੰ ਆਤਮਸਾਤ ਕਰਦੇ ਹੋਏ ਅਤੇ ਨਕਾਰਤਮਕ ਤੋਂ ਸਿੱਖਦੇ ਅਤੇ ਇਸ ਨੂੰ ਤੱਜਦੇ ਹੋਏ, ਅੱਜ ਦੀਆਂ ਹਾਲਤਾਂ 'ਚ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਨੂੰ ਸਿਰਜਣਾਤਮਕ ਢੰਗ ਨਾਲ਼ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਨਿਸ਼ਚੇ ਹੀ ਇਹ ਕੋਸ਼ਿਸ਼ ਕਈ ਤਰ੍ਹਾਂ ਦੀਆਂ ਘਾਟਾਂ ਕਮਜ਼ੋਰੀਆਂ ਅਤੇ ਸੀਮਤਾਈਆਂ ਤੋਂ ਸੁਰਖਰੂ ਨਹੀਂ ਹੈ। ਮਾਰਕਸਵਾਦ-ਲੈਨਿਨਵਾਦ-ਮਾਓਵਾਦ ਨੂੰ ਆਤਮਸਾਤ ਕਰਨ ਦੇ ਨਾਲ਼ ਨਾਲ਼ ਅਸੀਂ ਇਸ ਵਿਚਾਰਧਾਰਾ 'ਤੇ ਅੰਦਰੋਂ (ਮਾਰਕਸਵਾਦ ਦਾ ਝੰਡਾ ਲਹਿਰਾਉਂਦੇ ਹੋਏ ਇਸ ਉੱਪਰ ਹਮਲਾ ਕਰਨਾ, ਇਸ ਦੀਆਂ ਸਿੱਖਿਆਵਾਂ ਨੂੰ ਤੋੜਨਾ ਮਰੋੜਨਾ, ਜਿਵੇਂ ਕਿ 'ਲਾਲ ਪਰਚਮ' ਕਰ ਰਿਹਾ ਹੈ) ਅਤੇ ਬਾਹਰੋਂ (ਬੁਰਜੂਆ ਵਿਚਾਰਵਾਨਾਂ ਵਲੋਂ) ਹੋਣ ਵਾਲੇ ਹਮਲਿਆਂ ਦੀ ਮੋੜਵੇਂ ਹਮਲਿਆਂ ਦੇ ਰੂਪ ਵਿੱਚ ਹਿਫਾਜਤ ਕਰਦੇ ਹਾਂ।** ਮਾਰਕਸਵਾਦ ਪ੍ਰਤੀ ਸਾਡੀ ਪਹੁੰਚ ਕੱਟੜ ਨਹੀਂ ਹੈ, ਸਗੋਂ ਲਾਲ ਪਰਚਮ ਦੀ ਪਹੁੰਚ ਰੋਲ ਘਚੋਲੇ (Confused) ਵਾਲ਼ੀ ਹੈ। ਇਸ ਬਹਿਸ ਸਬੰਧੀ ਉਸ ਦੇ ਦੋਵਾਂ ਲੇਖਾਂ ਨੂੰ ਪੜ੍ਹ ਕੇ ਲਗਦਾ ਹੈ ਕਿ ਜਾਂ ਤਾਂ ਉਸ ਨੂੰ ਮਾਰਕਸਵਾਦ ਸਮਝ ਹੀ ਨਹੀਂ ਆਉਂਦਾ (ਜ਼ਿਆਦਾ ਸੰਭਾਵਨਾ ਇਸੇ ਦੀ ਹੈ) ਜਾਂ ਫਿਰ ਉਹ ਜਾਣ ਬੁੱਝ ਕੇ ਗਲਤ–ਬਿਆਨੀ ਕਰਦਾ ਹੈ, ਵਾਕ ਚਤੁਰਾਈ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕਰਦਾ ਹੈ।

ਅਸੀਂ ਆਪਣੇ ਪਿਛਲੇ ਲੇਖ ਵਿੱਚ 'ਲਾਲ ਪਰਚਮ' ਤੋਂ ਇਹ ਸਵਾਲ ਪੁੱਛਿਆ ਸੀ, "'ਲਾਲ ਪਰਚਮ' ਪ੍ਰਤੀਬੱਧ ਉੱਪਰ ਆਪਣੀ ਟਿੱਪਣੀ ਵਿੱਚ ਸਿਰਫ ਪੇਂਡੂ ਮਜ਼ਦੂਰਾਂ ਲਈ ਪਲਾਟਾਂ ਦੀ ਮੰਗ ਕਰਦਾ ਹੈ। ਸ਼ਹਿਰੀ ਮਜ਼ਦੂਰਾਂ ਬਾਰੇ ਉਹ ਬਿਲਕੁਲ ਚੁੱਪ ਹੈ।.... ਅੱਜ ਦੇ ਭਾਰਤ ਵਿੱਚ ਬੇਘਰਿਆਂ ਦੀ ਸਭ ਤੋਂ ਵੱਧ ਗਿਣਤੀ ਸ਼ਹਿਰਾਂ ਵਿੱਚ ਹੈ।... **ਅਸੀਂ 'ਲਾਲ ਪਰਚਮ' ਦੇ ਲੇਖਕ ਨੂੰ ਪੁੱਛਣਾ ਚਾਹਾਂਗੇ ਕਿ ਸ਼ਹਿਰੀ ਮਜ਼ਦੂਰਾਂ ਦੀ ਘਰਾਂ ਦੀ ਸਮੱਸਿਆ ਹੱਲ ਕਰਨ ਲਈ ਉਸ ਕੋਲ਼ ਕੀ ਪ੍ਰੋਗਰਾਮ ਹੈ ?**" ('ਪ੍ਰਤੀਬੱਧ' ਜੁਲਾਈ 2010, ਪੰਨਾ 18) ਪਰ ਸਵਾਲਾਂ ਤੋਂ ਬਚਣ ਦੀ ਆਪਣੀ ਫਿਤਰਤ ਅਨੁਸਾਰ ਉਸਨੇ ਸਾਡੇ ਸਵਾਲ ਦਾ ਕੋਈ ਉੱਤਰ ਨਹੀਂ ਦਿੱਤਾ। ਸਾਡੇ ਅਤੇ 'ਲਾਲ ਪਰਚਮ' ਦਰਮਿਆਨ ਬਹਿਸ ਦੇ ਦੋ ਬੁਨਿਆਦੀ ਮੁੱਦੇ ਸਨ, ਇੱਕ ਤਾਂ ਇਹ ਕਿ ਕੀ ਮਜ਼ਦੂਰਾਂ ਲਈ ਘਰਾਂ ਦੇ ਰੂਪ ਵਿੱਚ ਨਿੱਜੀ ਜਾਇਦਾਦ ਦੀ ਮੰਗ ਕਰਨਾ ਠੀਕ ਹੈ ? ਕੀ ਇਸ ਮੰਗ ਦਾ ਖਾਸਾ ਪ੍ਰੋਲੇਤਾਰੀ ਹੈ ਜਾਂ ਬੁਰਜੂਆ – ਨਿੱਕ ਬੁਰਜੂਆ ? ਕੀ ਇਹ ਪੋਜ਼ੀਸ਼ਨ (ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਘਰਾਂ ਦੀ ਮੰਗ) ਮਾਰਕਸਵਾਦੀ ਹੈ ਜਾਂ ਨਿੱਕ ਬੁਰਜੂਆ (ਪਰੂਧੋਂਵਾਦੀ) ਸਮਾਜਵਾਦੀ ਜਾਂ ਬੁਰਜੂਆ (ਸ਼੍ਰੀ ਸਾਕਸ) ਸਮਾਜਵਾਦੀ ? ਇਹਨਾਂ ਸਵਾਲਾਂ ਉੱਪਰ ਅਸੀਂ 'ਪ੍ਰਤੀਬੱਧ' ਦੇ ਪਿਛਲੇ ਅੰਕਾਂ (ਜਨਵਰੀ 2010 ਅਤੇ ਜੁਲਾਈ 2010) ਵਿੱਚ ਵਿਸਥਾਰ ਸਹਿਤ ਆਪਣੇ ਵਿਚਾਰ ਰੱਖ ਆਏ ਹਾਂ। ਸਾਨੂੰ ਲੱਗਦਾ ਹੈ ਕਿ ਇੱਥੇ ਇਹਨਾਂ ਨੂੰ ਦੁਹਰਾਉਣ ਦੀ ਕੋਈ ਲੋੜ ਨਹੀਂ। ਦੂਜਾ ਸਵਾਲ ਇਹ ਸੀ ਕਿ ਕੀ ਪੂੰਜੀਵਾਦ ਦੇ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਹੋਣ ਨਾਲ਼ ਫਰੈਡਰਿਕ ਏਂਗਲਜ਼ ਦੇ ਮਜ਼ਦੂਰਾਂ ਘਰਾਂ ਦੇ ਸਵਾਲ ਉੱਪਰ ਵਿਚਾਰ ਅਪ੍ਰਸੰਗਕ ਹੋ ਗਏ ਹਨ, ਜਿਵੇਂ ਕਿ

'ਲਾਲ ਪਰਚਮ' ਨੇ ਆਪਣੇ ਮਈ-ਜੂਨ 2010 ਅੰਕ ਵਿੱਚ ਦਾਅਵਾ ਕੀਤਾ ਸੀ, ਅਤੇ ਹੁਣ ਇਸ ਤੋਂ ('ਲਾਲ ਪਰਚਮ' ਜਨਵਰੀ-ਫਰਵਰੀ 2011) ਮੁਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਬਾਰੇ ਵੀ ਅਸੀਂ ਪਹਿਲਾਂ ਹੀ ('ਪ੍ਰਤੀਬੱਧ' ਜੁਲਾਈ, 2010) ਆਪਣੇ ਵਿਚਾਰ ਰੱਖ ਆਏ ਹਾਂ ਅਤੇ 'ਲਾਲ ਪਰਚਮ' ਦੇ ਇਸ ਸਵਾਲ ਉੱਪਰ ਆਪਣਾ ਸਟੈਂਡ "ਬਦਲਣ" ਦੀ ਕੋਸ਼ਿਸ਼ ਬਾਰੇ ਵੀ ਅਸੀਂ ਉੱਪਰ ਆਪਣੇ ਵਿਚਾਰ ਰੱਖ ਆਏ ਹਾਂ। ਆਓ ਹੁਣ ਬਹਿਸ ਅਧੀਨ ਆਏ ਦੂਸਰੇ ਸਵਾਲਾਂ ਵੱਲ ਪਰਤਦੇ ਹਾਂ।

## ਭਾਰਤ ਅੰਦਰ ਪੂੰਜੀਵਾਦੀ ਵਿਕਾਸ ਬਾਰੇ

ਵਰਤਮਾਨ ਬਹਿਸ ਸਬੰਧੀ ਆਪਣੇ ਪਿਛਲੇ ਲੇਖ ('ਪ੍ਰਤੀਬੱਧ', ਜੁਲਾਈ 2010) ਵਿੱਚ ਅਸੀਂ ਭਾਰਤ ਦੀ ਸਮਾਜੀ ਆਰਥਿਕ ਸੰਰਚਨਾ ਬਾਰੇ 'ਲਾਲ ਪਰਚਮ' ਦੇ ਭੰਬਲਭੂਸੇ (Confusion) ਦਾ ਵੀ ਵਿਸ਼ਲੇਸ਼ਣ ਕੀਤਾ ਸੀ। ਇਸ ਵਿਸ਼ਲੇਸ਼ਣ ਦੌਰਾਨ ਅਸੀਂ 'ਲਾਲ ਪਰਚਮ' 'ਤੇ ਜੋ ਵੀ ਸਵਾਲ ਉਠਾਏ ਸਨ 'ਲਾਲ ਪਰਚਮ' ਨੇ ਉਹਨਾਂ ਦਾ ਕੋਈ ਜਵਾਬ ਨਹੀਂ ਦਿੱਤਾ। ਉਸ ਨੇ ਸਾਰਾ ਜ਼ੋਰ ਇਹ ਸਾਬਤ ਕਰਨ 'ਤੇ ਲਾ ਦਿੱਤਾ ਹੈ ਕਿ ਕਿਵੇਂ ਭਾਰਤ ਵਿੱਚ ਹੋ ਰਿਹਾ 'ਪੂੰਜੀਵਾਦੀ ਵਿਕਾਸ ਪੂਰੀ ਤਰ੍ਹਾਂ ਰੋਗ-ਗ੍ਰਸਤ ਅਤੇ ਰੁੰਡਿਆ ਮਰੁੰਡਿਆ ਹੈ। ਇਸ ਸਵਾਲ ਉੱਪਰ ਉਸ ਨੇ 'ਪ੍ਰਤੀਬੱਧ' ਦੇ ਪੁਰਾਣੇ ਅੰਕ 'ਚੋਂ ਇੱਕ ਹਵਾਲਾ ਦੇ ਸਾਡੀ ਪੋਜ਼ੀਸ਼ਨ ਵਿੱਚ ਗੈਰ-ਇਕਸਾਰਤਾ ਦਿਖਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਉਸ ਨੇ 'ਪ੍ਰਤੀਬੱਧ' ਦੇ ਅਕਤੂਬਰ-ਦਸੰਬਰ 2008 'ਚੋਂ ਇੱਕ ਹਵਾਲਾ ਦਿੱਤਾ ਹੈ ਜਿੱਥੇ ਅਸੀਂ ਲਿਖਿਆ ਹੈ ਕਿ ਭਾਰਤੀ ਪੂੰਜੀਵਾਦ ਰੋਗ ਬੌਣਾ ਅਪੰਗ ਹੈ। ਜੀ ਹਾਂ 'ਲਾਲ ਪਰਚਮ' ਦੇ ਲੇਖਕ ਜੀ ਤੁਸੀਂ ਠੀਕ ਹੀ ਹਵਾਲਾ ਦਿੱਤਾ ਹੈ। ਭਾਰਤੀ ਪੂੰਜੀਵਾਦ ਬਾਰੇ ਸਾਡਾ ਏਹੋ ਮੰਨਣਾ ਹੈ। 'ਲਾਲ ਪਰਚਮ' ਦੇ ਲੇਖਕ ਜੀ ਸਾਨੂੰ ਗਿਲਾ ਹੈ ਕਿ ਤੁਸੀਂ (ਕੁਝ ਵੀ) ਧਿਆਨ ਨਾਲ਼ ਨਹੀਂ ਪੜ੍ਹਦੇ। ਜੇਕਰ ਤੁਸੀਂ ਸਾਡਾ ਪਿਛਲਾ ਲੇਖ (ਜੁਲਾਈ 2010) ਧਿਆਨ ਨਾਲ਼ ਪੜ੍ਹਿਆ ਹੁੰਦਾ ਤਾਂ ਤੁਹਾਨੂੰ 'ਲਾਲ ਪਰਚਮ' (ਜਰਵਰੀ-ਫਰਵਰੀ, 2011) ਦੇ ਢਾਈ ਪੇਜ ਹੋਰ ਕਾਲ਼ੇ ਨਾ ਕਰਨੇ ਪੈਂਦੇ। ਅਸੀਂ ਤੁਹਾਡੀ ਇਸ ਧਾਰਨਾ ਦਾ ਖੰਡਣ ਨਹੀਂ ਕੀਤਾ ਸੀ ਕਿ ਭਾਰਤ ਵਿੱਚ ਪੂੰਜੀਵਾਦ ਵਿਕਾਸ ਅਸਾਵਾਂ ਰੁੰਡਿਆ ਮਰੁੰਡਿਆ ਅਤੇ ਰੋਗ ਗ੍ਰਸਤ ਹੈ। ਅਸੀਂ ਤੁਹਾਡੀਆਂ ਉਹਨਾਂ ਦਲੀਲਾਂ ਦਾ ਖੰਡਣ ਕੀਤਾ ਸੀ ਜੋ ਤੁਸੀਂ ਇਹ ਸਾਬਤ ਕਰਨ ਲਈ ਦਿੱਤੀਆਂ ਸਨ। ਤੁਸੀਂ ਕਹਿੰਦੇ ਹੋ 'ਸਾਮਰਾਜੀ ਸੰਕਟ ਦੀਆਂ ਇਹਨਾਂ ਹਾਲਤਾਂ ਅੰਦਰ ਭਾਰਤ ਵਿੱਚ ਜੋ ਪੂੰਜੀਵਾਦੀ ਵਿਕਾਸ ਹੋਇਆ ਹੈ ਜਾਂ ਹੋ ਰਿਹਾ ਹੈ ਉਹ ਪੂਰੀ ਤਰ੍ਹਾਂ ਰੋਗ ਗ੍ਰਸਤ ਹੈ, ਰੁੰਡਿਆ ਮਰੁੰਡਿਆ ਹੈ ਅਤੇ ਅਣਸਾਵਾਂ ਹੈ। (ਲਾਲ ਪਰਚਮ ਮਈ-ਜੂਨ 2010 ਪੰਨਾ 32) ਸਾਡਾ ਕਹਿਣਾ ਹੈ, ਕਿ "ਜੇਕਰ ਭਾਰਤ ਦਾ ਬਸਤੀਕਰਨ ਨਹੀਂ ਹੁੰਦਾ ਤਾਂ ਆਪਣੀ ਸੁਭਾਵਿਕ ਗਤੀ ਅਤੇ ਪ੍ਰਕਿਰਿਆ ਰਾਹੀਂ ਇੱਥੇ ਜੋ ਪੂੰਜੀਵਾਦ ਵਿਕਸਤ ਹੁੰਦਾ ਉਹ ਅੱਜ ਦੇ ਭਾਰਤੀ ਪੂੰਜੀਵਾਦ ਜਿਹਾ ਰੋਗੀ ਬੌਣਾ ਅਪੰਗ ਨਾ ਹੁੰਦਾ।' (ਪ੍ਰਤੀਬੱਧ ਅਕਤੂਬਰ-ਦਸੰਬਰ 2008) ਇੱਥੇ 'ਲਾਲ ਪਰਚਮ' ਅਤੇ

'ਪ੍ਰਤੀਬੱਧ' ਦੁਆਰਾ ਕਹੀ ਗੱਲ ਲਗਭਗ ਮਿਲ਼ਦੀ ਜੁਲ਼ਦੀ ਲਗਦੀ ਹੈ। ਪਰ ਇਹ ਕਹਿਣ ਦੀ ਸਾਡੀ ਦੋਹਾਂ ਦੀ ਜ਼ਮੀਨ ਵੱਖੋ ਵੱਖਰੀ ਹੈ। ਅੰਨਾ ਹਜ਼ਾਰੇ ਵੀ ਭ੍ਰਿਸ਼ਟਾਚਾਰ ਦਾ ਵਿਰੋਧ ਕਰਦਾ ਹੈ ਅਤੇ ਕਮਿਊਨਿਸਟ ਵੀ ਕਰਦੇ ਹਨ, ਪਰ ਦੋਵੇਂ ਵੱਖਰੀ ਵੱਖਰੀ ਜ਼ਮੀਨ 'ਤੇ ਖੜ੍ਹਕੇ ਇੱਕੋ ਚੀਜ਼ ਦਾ ਵਿਰੋਧ ਕਰਦੇ ਹਨ। ਇਸੇ ਤਰ੍ਹਾਂ ਅਸੀਂ ਵੀ ਵੱਖ ਵੱਖ ਜ਼ਮੀਨ 'ਤੇ ਖੜ ਕੇ ਲਗਭਗ ਇੱਕੋ ਜਿਹੀ ਗੱਲ ਕਰਦੇ ਹਾਂ। 'ਲਾਲ ਪਰਚਮ' ਜਿਸ ਜ਼ਮੀਨ 'ਤੇ ਖੜ੍ਹ ਕੇ ਭਾਰਤੀ ਪੂੰਜੀਵਾਦ ਨੂੰ ਰੋਗ ਗ੍ਰਸਤ ਅਤੇ ਰੁੰਡਿਆ ਮਰੁੰਡਿਆ ਕਹਿੰਦਾ ਹੈ, ਉਹ ਦਲਦਲੀ ਜ਼ਮੀਨ ਹੈ। ਜੇਕਰ 'ਲਾਲ ਪਰਚਮ' ਇਸ ਦਲਦਲੀ ਜ਼ਮੀਨ ਤੋਂ ਲਾਂਭੇ ਨਾ ਹੋਇਆ ਤਾਂ ਉਸ ਦੇ ਇਸੇ ਜ਼ਮੀਨ 'ਚ ਹੋਰ ਥੱਲੇ ਨੂੰ ਧਸਦੇ ਜਾਣ ਦੀ ਸੰਭਾਵਨਾ ਹੈ। 'ਲਾਲ ਪਰਚਮ' ਜਿਸ ਜ਼ਮੀਨ 'ਤੇ ਖੜ੍ਹੇ ਹੋ ਕੇ ਭਾਰਤੀ ਪੂੰਜੀਵਾਦ ਨੂੰ ਰੋਗ ਗ੍ਰਸਤ ਅਤੇ ਰੁੰਡਿਆ ਮਰੁੰਡਿਆ ਕਹਿੰਦਾ ਹੈ ਉਸ ਦੀ ਮਿੱਟੀ ਅਸੀਂ ਪਹਿਲਾਂ ਹੀ ਕਾਫੀ ਪੁੱਟ ਚੁੱਕੇ ਹਾਂ। (ਦੇਖੋ 'ਪ੍ਰਤੀਬੱਧ' ਜੁਲਾਈ 2011)। ਆਓ ਇਹਨਾਂ ਦੀ ਥੋੜ੍ਹੀ ਹੋਰ ਮਿੱਟੀ ਪੁੱਟੀਏ। 'ਲਾਲ ਪਰਚਮ' ਦੇ ਤਾਜ਼ਾ ਲੇਖ (ਜਨਵਰੀ-ਫਰਵਰੀ, 2011) ਵਿੱਚ ਇਸ ਦਾ ਲੇਖਕ 'ਭਾਰਤ ਅੰਦਰ ਪੂੰਜੀਵਾਦੀ ਵਿਕਾਸ ਬਾਰੇ' ਉੱਪ-ਸਿਰਲੇਖ ਤਹਿਤ ਇੱਕ ਊਟ-ਪਟਾਂਗ ਤਕਰੀਰ ਕਰਦਾ ਹੈ। ਉਹ ਪੂੰਜੀਵਾਦੀ ਅਰਥਚਾਰੇ ਦੀ ਕਾਰਜਪ੍ਰਣਾਲੀ ਦੀ ਮੁੱਢਲੀ ਜਿਹੀ ਜਾਣਕਾਰੀ ਸਬੰਧੀ ਵੀ ਸਿਰੇ ਦੇ ਅਗਿਆਨ ਦੀ ਨੁਮਾਇਸ਼ ਲਾਉਂਦਾ ਹੈ।

ਉਸ ਦਾ ਕਹਿਣਾ ਹੈ,

"ਪ੍ਰਤੀਬੱਧ ਦਾ ਲੇਖਕ ਸਰਮਾਏਦਾਰੀ ਦੇ ਅਗਾਂਹਵਧੂ ਹੋਣ ਦੇ ਸਮੇਂ ਦੇ ਦੌਰ 'ਚ ਅਤੇ ਇਸ ਦੇ ਮਰਨ ਕੰਢੇ ਦੇ ਦੌਰ 'ਚ ਹੋ ਰਹੇ ਸਰਮਾਏਦਾਰੀ ਵਿਕਾਸ ਵਿੱਚ ਕੋਈ ਅੰਤਰ ਨਹੀਂ ਕਰਦਾ। ਉਸ ਮੁਤਾਬਿਕ ਪੂੰਜੀਵਾਦੀ ਵਿਕਾਸ ਤਾਂ ਦੋਹਾਂ ਖੇਤਰਾਂ ਨਾਲ਼ "ਤਨੀ ਰਿਸ਼ਤੇ" ਨਾਲ਼ ਹੀ ਹੋ ਰਿਹਾ ਹੈ। ਨਾ ਕਿ "ਹਵਾ ਵਿੱਚ ਹੋ ਰਿਹਾ ਹੈ"। ਇਸ ਦਾ ਅਰਥ ਹੈ ਕਿ ਪੂੰਜੀਵਾਦ ਪੱਛਮ ਦੇ ਦੇਸ਼ਾਂ ਦੀ ਤਰ੍ਹਾਂ ਹੀ ਭਾਰਤ ਅੰਦਰ ਪ੍ਰਫੁੱਲਤ ਹੋਇਆ ਹੈ ਅਤੇ ਹੋ ਰਿਹਾ ਹੈ। ਯਾਨੀ ਕਿ ਇਹ ਵਿਕਾਸ ਰੋਗ ਗ੍ਰਸਤ ਨਹੀਂ ਬਲਕਿ ਪੱਛਮ ਦੇ ਪਹਿਲੇ ਸਮੇਂ ਵਾਂਗ ਸਿਹਤਮੰਦ ਵਿਕਾਸ ਹੋ ਰਿਹਾ ਹੈ। ਸਿਹਤਮੰਦ ਹੀ ਨਹੀਂ ਬਲਕਿ ਇਸ ਦੇ ਵਿਕਾਸ ਦੀ ਗਤੀ ਬਹੁਤ ਤੇਜ਼ ਹੈ ਭਾਵੇਂ ਵਿਚ ਵਿਚਾਲੇ ਕਦੇ ਨਾ ਕਦੇ ਆਰਥਿਕ ਸੰਕਟ ਆਉਂਦੇ ਰਹਿੰਦੇ ਹਨ। ਪਰ ਇਹ ਕੋਈ ਗੱਲ ਨਹੀਂ ਕਿਉਂਕਿ ਇਹ ਤਾਂ ਅਸਥਾਈ ਵਰਤਾਰਾ ਹੈ ਅਤੇ ਪੂੰਜੀਵਾਦੀ ਪ੍ਰਬੰਧ ਅੰਦਰ ਅਕਸਰ ਦੁਹਰਾਇਆ ਜਾਂਦਾ ਹੈ। ਪਰ ਕੁੱਲ ਮਿਲਾ ਕੇ ਸਰਮਾਏਦਾਰਾ ਆਰਥਿਕ ਵਿਕਾਸ ਦੀ ਦਰ ਬਹੁਤ ਤੇਜ਼ ਹੈ। ਨਿੱਤ ਦਿਨ ਨਵੇਂ ਤੋਂ ਨਵੇਂ ਕਾਰਖਾਨੇ ਲੱਗ ਰਹੇ ਹਨ। ਸ਼ਹਿਰੀਕਰਨ ਦੀ ਰਫਤਾਰ ਕਿਸੇ ਪੱਖੋਂ ਵੀ ਪੱਛਮ ਦੀ ਸਰਮਾਏਦਾਰੀ ਦੇ ਚੜ੍ਹਤ ਦੇ ਜ਼ਮਾਨੇ ਨਾਲੋਂ ਘੱਟ ਨਹੀਂ। ਉਹ ਦੇਸ਼ ਅੰਦਰ ਸਰਮਾਏਦਾਰੀ ਵਿਕਾਸ ਦਾ ਭੁਕਾਨਾ ਇੰਝ ਫੁਲਾ ਰਹੇ ਹਨ ਜਿਸ ਨੂੰ ਦੇਖ ਸੁਣ ਕੇ ਮਨਮੋਹਣ-ਪ੍ਰਣਬ-ਆਹਲੂਵਾਲੀਆ ਦੀ ਤਿੱਕੜੀ ਵੀ ਦੰਗ ਰਹਿ ਜਾਵੇਗੀ। ਇਸ ਤਰ੍ਹਾਂ ਦੇ ਵਿਕਾਸ ਦਾ ਤਾਂ ਉਹ ਵੀ ਸੁਪਨਾ ਨਹੀਂ ਲੈਂਦੇ। ਉਹਨਾਂ ਨੂੰ ਵੀ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ, ਜ਼ਮੀਨ ਹੱਦ ਬੰਦੀ ਕਾਨੂੰਨ ਪਾਸ ਕਰਨ, ਸਬਸਿਡੀਆਂ ਅਤੇ ਹੋਰ ਸਹੂਲਤਾਂ ਦੇਣ ਦੇ

ਨਾਲ਼ ਨਾਲ਼ ਪੇਂਡੂ ਮਜ਼ਦੂਰਾਂ ਅਤੇ ਗਰੀਬਾਂ ਨੂੰ ਕਣਕ, ਚੌਲ਼ ਜਾਂ ਹੋਰ ਰਾਸ਼ਨ ਮੁਹੱਈਆ ਕਰਨ, ਉਹਨਾਂ ਨੂੰ ਰੁਜ਼ਗਾਰ ਦੇਣ ਲਈ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਬਣਾਉਣ ਅਤੇ ਅਵਾਸ ਅਤੇ ਸਿਹਤ ਸਬੰਧੀ ਤਰ੍ਹਾਂ ਤਰ੍ਹਾਂ ਦੀਆਂ ਸਕੀਮਾਂ ਘੜਨ ਲਈ ਮਜ਼ਬੂਰ ਹੋਣਾ ਪੈਂਦਾ ਹੈ ਤਾਂ ਕਿ ਪਿੰਡਾਂ ਅੰਦਰ ਹੀ ਆਬਾਦੀ ਦੇ ਵੱਡੇ ਹਿੱਸੇ ਨੂੰ ਟਿਕਾਇਆ ਜਾਵੇ।(ਲਾਲ ਪਰਚਮ ਜਨਵਰੀ-ਫਰਵਰੀ, 2011 ਪੰਨਾ 33)

ਇੱਥੇ ਲਾਲ ਪਰਚਮ ਦਾ ਲੇਖਕ ਮਨਭਾਉਂਦੇ ਢੰਗ ਨਾਲ਼ ਸਾਡੇ ਵਿਚਾਰਾਂ ਨੂੰ ਤੋੜ-ਮਰੋੜਦਾ ਹੈ। ਆਓ ਦੇਖੀਏ ਅਸੀਂ ਕੀ ਲਿਖਿਆ ਸੀ।

"ਇੱਥੇ ਹੀ ਲਾਲ ਪਰਚਮ ਪ੍ਰਤੀਬੱਧ ਦੀ 'ਮਜ਼ਬੂਰੀ' ਦੀ ਚਰਚਾ ਕਰਦਾ ਹੈ ਜਿਸ ਵਿੱਚ ਅਸੀਂ ਸੰਸਾਰ ਪੂੰਜੀਵਾਦ ਦੇ ਵਰਤਮਾਨ ਸੰਕਟ ਦੇ ਦੌਰ ਵਿੱਚ ਭਾਰਤੀ ਸੱਨਅਤ ਵਿੱਚੋਂ ਵੱਡੀ ਪੱਧਰ 'ਤੇ ਮਜ਼ਦੂਰਾਂ ਦਾ ਰੁਜ਼ਗਾਰ ਖੁੱਸਣ ਦੀ ਗੱਲ ਤਸਲੀਮ ਕੀਤੀ ਸੀ। ਪਰ ਅਸੀਂ ਪੂੰਜੀਵਾਦ ਦੇ ਜੀਵਨ ਦੇ ਇੱਕ ਖਾਸ ਸਮੇਂ ਦੀ ਗੱਲ ਕਰ ਰਹੇ ਸਾਂ। ਅਸੀਂ ਇਹ ਕਿਤੇ ਨਹੀਂ ਕਿਹਾ ਕਿ ਪੂੰਜੀਵਾਦ ਅਧੀਨ ਇਹ ਕੋਈ ਸਥਾਈ ਵਰਤਾਰਾ ਹੈ। ਕੋਈ ਨੌਸਿਖੀਆ ਵੀ ਜਾਣ ਸਕਦਾ ਹੈ ਕਿ ਪੂੰਜੀਵਾਦ ਵਿੱਚ ਤੇਜ਼ੀ ਅਤੇ ਸੰਕਟ ਦੇ ਦੌਰ ਆਉਂਦੇ ਜਾਂਦੇ ਰਹਿੰਦੇ ਹਨ। ਤੇਜ਼ੀ ਸਮੇਂ ਨਵੀਆਂ ਸੱਨਅਤਾਂ ਲੱਗਦੀਆਂ ਹਨ, ਪੁਰਾਣੀਆਂ ਵਧੇਰੇ ਜਾਂ ਆਪਣੀ ਪੂਰਨ ਸਮਰੱਥਾ ਮੁਤਾਬਕ ਪੈਦਾਵਾਰ ਕਰਦੀਆਂ ਹਨ। ਇਸ ਨਾਲ਼ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ। ਇਸੇ ਤੇਜ਼ੀ ਵਿੱਚ ਪੂੰਜੀਵਾਦ ਦੇ ਭਾਵੀ ਸੰਕਟ ਦੇ ਬੀਜ ਪਨਪਦੇ ਹਨ। ਪੂੰਜੀਵਾਦ ਵਿੱਚ ਵਾਰੀ ਵਾਰੀ ਇਹ ਦੋਵੇਂ ਦੌਰ ਪ੍ਰਗਟ ਹੁੰਦੇ ਰਹਿੰਦੇ ਹਨ। ਪਤਾ ਨਹੀਂ 'ਲਾਲ ਪਰਚਮ' ਦੇ ਲੇਖਕ ਨੂੰ ਇਹ ਸਿੱਧ ਪੱਧਰੀਆਂ ਗੱਲਾਂ ਕਿਉਂ ਨਹੀਂ ਸਮਝ ਆਉਂਦੀਆਂ?" (ਪ੍ਰਤੀਬੱਧ ਜੁਲਾਈ-2010, ਬੁਲਟਿਨ-13, ਪੰਨਾ 16) ਹੁਣ ਲਾਲ ਪਰਚਮ ਦਾ ਲੇਖਕ ਹੀ ਦੱਸੇ ਕਿ ਇਸ ਵਿੱਚ ਕੀ ਗਲਤ ਹੈ। ਇਹ ਤਾਂ ਪੂੰਜੀਵਾਦੀ ਅਰਥਚਾਰੇ ਸਬੰਧੀ ਆਮ ਮਾਰਕਸਵਾਦੀ ਸਮਝ ਹੈ। ਪਾਠਕ ਖੁਦ ਤੈਅ ਕਰਨ ਕਿ ਸਾਡੇ ਇਹਨਾਂ ਵਿਚਾਰਾਂ ਅਤੇ ਇਹਨਾਂ ਦੀ ਉੱਪਰ 'ਲਾਲ ਪਰਚਮ' ਵੱਲੋਂ ਕੀਤੀ ਵਿਆਖਿਆ ਵਿੱਚ ਕੁਝ ਵੀ ਸਾਂਝ ਹੈ? ਪਹਿਲਾਂ ਉਸ ਨੇ ਪ੍ਰਤੀਬੱਧ ਦੇ ਅਪ੍ਰੈਲ ਜੂਨ 2009 ਅੰਕ ਵਿੱਚ ਛਪੇ ਇੱਕ ਲੇਖ 'ਅਜੇ ਵੀ ਰੀਂਘ ਰਿਹਾ ਹੈ ਪੂੰਜੀਵਾਦੀ ਅਰਥਚਾਰਾ' ਚੋਂ ਲੈ ਕੇ ਕੁਝ ਤੱਥਾਂ ਨੂੰ ਗਲਤ ਪ੍ਰਸੰਗ 'ਚ ਪੇਸ਼ ਕੀਤਾ। ਅਤੇ ਉਸ ਦੀ ਸਫਾਈ 'ਚ ਦਿੱਤੇ ਸਾਡੇ ਵਿਚਾਰਾਂ ਨੂੰ ਹੁਣ ਫੇਰ ਭੰਨ ਤੋੜ ਕੇ ਪੇਸ਼ ਕਰ ਰਿਹਾ ਹੈ। **ਭਾਰਤ ਵਿੱਚ ਸ਼ਹਿਰੀਕਰਨ ਬਾਰੇ ਅਸੀਂ ਪਿਛਲੇ ਲੇਖ ਵਿੱਚ ਕਈ ਅਹਿਮ ਤੱਥ ਦਿੱਤੇ ਸਨ।** (ਪ੍ਰਤੀਬੱਧ ਜੁਲਾਈ-2010, ਪੰਨਾ 17)। **ਪਰ ਪਰਚਮ ਨੇ ਨਾ ਤਾਂ ਇਹਨਾਂ ਤੱਥਾਂ ਦਾ ਕੋਈ ਖੰਡਣ ਹੀ ਕੀਤਾ ਅਤੇ ਨਾ ਹੀ ਆਪਣੇ ਵੱਲੋਂ ਕੋਈ ਨਵੇਂ ਤੱਥ ਪੇਸ਼ ਕੀਤੇ। ਬੱਸ ਇੰਨਾ ਕਹਿ ਕੇ ਹੀ ਬੁੱਤਾ ਸਾਰ ਲਿਆ ਕਿ ਅਸੀਂ ਕਹਿੰਦੇ ਹਾਂ 'ਸ਼ਹਿਰੀਕਰਨ ਦੀ ਰਫਤਾਰ ਕਿਸੇ ਪੱਖੋਂ ਵੀ ਪੱਛਮ ਦੀ ਸਰਮਾਏਦਾਰੀ ਦੀ ਚੜ੍ਹਤ ਦੇ ਜ਼ਮਾਨੇ ਨਾਲੋਂ ਘੱਟ ਨਹੀਂ।' ਹਾਂ ਅਸੀਂ ਇਹ ਕਹਿੰਦੇ ਹਾਂ ਪਰ ਤੁਸੀਂ ਤਾਂ ਇਸ ਦੇ ਉਲਟ ਕਹਿੰਦੇ ਹੋ? ਤਾਂ ਫਿਰ ਤੁਸੀਂ ਸਾਡੇ ਵੱਲੋਂ ਆਪਣੀ ਧਾਰਨਾ ਦੀ ਪੁਸ਼ਟੀ ਲਈ ਜੋ ਤੱਥ ਦਿੱਤੇ ਗਏ ਹਨ, ਉਹਨਾਂ ਨੂੰ ਤੁਸੀਂ ਆਵਦੇ ਤੱਥਾਂ ਰਾਹੀਂ ਰੱਦ ਕਰੋ। ਪਰ ਤੁਸੀਂ ਅਜਿਹਾ ਨਹੀਂ ਕਰੋਗੇ। ਤੱਥਾਂ**

**ਤੋਂ ਸੱਚ ਤੱਕ ਪਹੁੰਚਣਾ ਤੁਹਾਡਾ ਤਰੀਕਾਕਾਰ ਹੈ ਹੀ ਨਹੀਂ।** ਉਪਰੋਕਤ ਹਵਾਲੇ 'ਚ 'ਲਾਲ ਪਰਚਮ' ਦਾ ਲੇਖਕ ਭਾਰਤੀ ਬੁਰਜੂਆਜ਼ੀ ਵੱਲੋਂ ਲੋਕਾਂ ਨੂੰ ਪਿੰਡਾਂ 'ਚ ਹੀ ਟਿਕਾਈ ਰੱਖਣ ਲਈ ਬਣਾਈਆਂ ਜਾ ਰਹੀਆਂ ਤਰ੍ਹਾਂ ਤਰ੍ਹਾਂ ਦੀਆਂ ਯੋਜਨਾਵਾਂ ਦੀ ਚਰਚਾ ਕਰਦਾ ਹੈ। ਇਹ ਠੀਕ ਹੈ ਇਸ ਦਾ ਹਵਾਲਾ ਕੋਈ ਸਾਡੀਆਂ ਲਿਖਤਾਂ ਵਿੱਚ ਵੇਖ ਸਕਦਾ ਹੈ। **ਪਰ 'ਲਾਲ ਪਰਚਮ' ਦਾ ਲੇਖਕ ਇਹ ਨਹੀਂ ਦੱਸਦਾ ਜਾਂ ਜਾਣਦਾ ਕਿ ਲੋਕ ਆਖਰ ਪਿੰਡ ਛੱਡ ਕੇ ਸ਼ਹਿਰਾਂ ਵੱਲ ਆ ਹੀ ਕਿਉਂ ਰਹੇ ਹਨ ? ਤੇ ਸ਼ਹਿਰਾਂ ਵੱਲ ਲੋਕਾਂ ਦੇ ਪ੍ਰਵਾਸ ਦੀ ਰਫਤਾਰ 'ਚ ਪਿਛਲੇ ਦੋ ਦਹਾਕਿਆਂ ਵਿੱਚ ਤੇਜ਼ ਵਾਧਾ ਕਿਉਂ ਹੋਇਆ ਹੈ ?** ਕੀ 'ਲਾਲ ਪਰਚਮ' ਦੇ ਲੇਖਕ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਸਾਡੇ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦੇਵੇਗਾ ? ਮੇਰਾ ਖਿਆਲ ਹੈ ਨਹੀਂ। ਕਿਉਂਕਿ ਸਵਾਲਾਂ ਨੂੰ ਸਿੱਧੇ ਮੱਥੇ ਟੱਕਰਨਾ ਨਹੀਂ, ਸਗੋਂ ਸਵਾਲਾਂ ਤੋਂ ਬਚਣਾ 'ਲਾਲ ਪਰਚਮ' ਦੀ ਫਿਤਰਤ ਹੈ।

ਸਾਡੇ ਇਸ ਸਵਾਲ ਕਿ 'ਪੰਜਾਬ ਵਿੱਚ ਗੰਨਾ ਅਤੇ ਕਤਾਈ ਮਿੱਲਾਂ ਸਨ ਹੀ ਕਿੰਨੀਆਂ ਕਿ ਵੱਡੀ ਪੱਧਰ 'ਤੇ ਬੰਦ ਹੋ ਗਈਆਂ' ਦੇ ਜਵਾਬ ਵਿੱਚ ਲਾਲ ਪਰਚਮ ਦਾ ਲੇਖਕ ਕੁਝ ਨਾਯਾਬ ਧਾਰਨਾਵਾਂ ਪੇਸ਼ ਕਰਦਾ ਹੈ ਅਤੇ ਬੰਦ ਹੋਣ ਵਾਲੀਆਂ ਕਤਾਈ ਅਤੇ ਗੰਨਾ ਮਿੱਲਾਂ ਦੀ ਗਿਣਤੀ ਦੱਸਦਾ ਹੈ। ਉਸ ਦੇ ਮੁਤਾਬਕ ਕੋਈ 30 ਗੰਨਾ ਅਤੇ ਕਤਾਈ ਮਿੱਲਾਂ ਬੰਦ ਹੋਈਆਂ ਹਨ। ਪਰ ਇਸ ਤੋਂ ਘੱਟੋ ਘੱਟ 10 ਗੁਣਾ ਨਵੀਆਂ ਲੱਗੀਆਂ ਮਿੱਲਾਂ ਤਾਂ ਲਾਲ ਪਰਚਮ ਦੇ ਲੇਖਕ ਨੂੰ ਪੰਜਾਬ ਦੇ ਇੱਕ ਪਿੰਡ ਲਾਲੜੂ 'ਚ ਹੀ ਮਿਲ ਜਾਣਗੀਆਂ। ਬਾਕੀ ਚੰਡੀਗੜ੍ਹ, ਲੁਧਿਆਣੇ ਦੇ ਆਸ ਪਾਸ ਪਿਛਲੇ ਦੋ ਦਹਾਕਿਆਂ ਤੋਂ ਜੋ ਵੱਡੀ ਪੱਧਰ 'ਤੇ ਸਨਅਤੀ ਵਿਕਾਸ ਹੋਇਆ ਹੈ ਉਹ ਇਸ ਲੱਕੜ ਦੀ ਐਨਕਾਂ ਵਾਲੇ ਲਾਲ ਪਰਚਮ ਦੇ ਲੇਖਕ ਨੂੰ ਦਿਖਾਈ ਹੀ ਨਹੀਂ ਦਿੰਦਾ। ਇਸ ਸਬੰਧੀ ਸਾਡੇ ਵੱਲੋਂ ਪਿਛਲੇ ਲੇਖ (ਪ੍ਰਤੀਬੱਧ ਜੁਲਾਈ-2010) ਵਿੱਚ ਦਿੱਤੇ ਤੱਥਾਂ ਬਾਰੇ ਵੀ ਉਹ ਪੂਰੀ ਤਰ੍ਹਾਂ ਮੌਨ ਹੈ।

'ਲਾਲ ਪਰਚਮ' ਦਾ ਲੇਖਕ ਆਵਦੇ ਅਵੱਲੇ ਸਿਧਾਂਤਾ ਦਾ ਤੋਤਾ ਰਟਣ ਜਾਰੀ ਰੱਖਦਾ ਹੋਇਆ ਲਿਖਦਾ ਹੈ,

"ਜੇ ਇਹ ਵਿਕਾਸ ਪਹਿਲੇ ਦੌਰ ਦੀ ਸਰਮਾਏਦਾਰੀ ਦੀ ਤਰ੍ਹਾਂ ਹੁੰਦਾ ਤਾਂ ਪੰਜਾਬ ਅੰਦਰ ਹੋਰ ਬਹੁਤ ਸਾਰੀਆਂ ਖੰਡ ਮਿੱਲਾਂ ਅਤੇ ਕਤਾਈ ਮਿੱਲਾਂ ਲੱਗਣੀਆਂ ਚਾਹੀਦੀਆਂ ਸਨ। ਪੰਜਾਬ ਜਿਹੜਾ ਦੇਸ਼ ਦੀ ਕਪਾਹ ਦੀ ਉਪਜ ਦਾ 27 ਪ੍ਰਤੀਸ਼ਤ ਪੈਦਾ ਕਰਦਾ ਹੈ ਪਰ ਇੱਥੋਂ ਦੀਆਂ ਕਤਾਈ ਮਿੱਲਾਂ ਇਸ ਦਾ ਸਿਰਫ਼ ਦੋ ਪ੍ਰਤੀਸ਼ਤ ਖਪਤ ਕਰਦੀਆਂ ਹਨ। ਇੱਕ ਅੰਦਾਜ਼ੇ ਮੁਤਾਬਿਕ ਪੰਜਾਬ ਅੰਦਰ ਕਪਾਹ ਦੀ ਉਪਜ ਦੀ ਵਰਤੋਂ ਕਰਨ ਲਈ ਇੱਥੇ 40 ਹੋਰ ਵੱਡੀਆਂ ਕਤਾਈ ਮਿੱਲਾਂ ਲੱਗ ਸਕਦੀਆਂ ਹਨ। ਇਥੇ ਹੋਰ ਵੱਡੀਆਂ ਕਤਾਈ ਅਤੇ ਖੰਡ ਮਿੱਲਾਂ ਤਾਂ ਕੀ ਲੱਗਣੀਆਂ ਸਨ ਸਗੋਂ ਪਹਿਲਾਂ ਵਾਲੀਆਂ ਵੀ ਬੰਦ ਹੋ ਗਈਆਂ ਹਨ।" ('ਲਾਲ ਪਰਚਮ', ਜਨਵਰੀ-ਫਰਵਰੀ, 2011, ਪੰਨੇ 33-34) ਇੱਥੇ 'ਲਾਲ ਪਰਚਮ' ਦਾ ਲੇਖਕ ਦੋ ਗਲਤੀਆਂ ਕਰ ਰਿਹਾ ਹੈ। ਇਕ ਤਾਂ ਉਹ ਦਿਖਾਉਂਦਾ ਹੈ ਕਿ ਪੂੰਜੀਵਾਦੀ ਅਰਥਚਾਰੇ ਦੀ ਕਾਰਜ ਪ੍ਰਣਾਲੀ ਤੋਂ ਪੂਰੀ ਤਰ੍ਹਾਂ ਨਾਵਾਕਿਫ ਹੈ। ਉਹ ਨਹੀਂ ਜਾਣਦਾ ਪੂੰਜੀ ਲਗਾਤਾਰ

ਘੱਟ ਮੁਨਾਫੇ ਵਾਲੇ ਆਰਥਿਕ ਸੈਕਟਰਾਂ ਤੋਂ ਵਧੇਰੇ ਮੁਨਾਫੇ ਵਾਲੇ ਸੈਕਟਰਾਂ (ਅਤੇ ਖੇਤਰਾਂ) ਵੱਲ ਪਲਾਇਨ ਕਰਦੀ ਰਹਿੰਦੀ ਹੈ। ਦੂਜੀ ਗਲਤੀ ਉਹ ਇਹ ਕਰਦਾ ਹੈ ਕਿ ਉਹ 'ਆਪਣੇ ਪਿਆਰੇ' ਪੰਜਾਬ ਨੂੰ ਪੂਰੇ ਦੇਸ਼ ਤੋਂ ਪੂਰੀ ਤਰ੍ਹਾਂ ਅਲੱਗ ਕਰ ਲੈਂਦਾ ਹੈ। ਇਹ ਖੂਹ ਦਾ ਡੱਡੂ ਨਹੀਂ ਜਾਣਦਾ ਕਿ ਪੰਜਾਬ ਦੀ ਕਪਾਹ ਗੁਜਰਾਤ ਦੀਆਂ ਕੱਪੜਾ ਮਿੱਲਾਂ 'ਚ ਵੀ ਖਪ ਸਕਦੀ ਹੈ। ਇੱਕ ਥਾਂ ਪੈਦਾ ਹੋਇਆ ਕੱਚਾ ਮਾਲ ਦੂਸਰੀ ਥਾਂ ਦੀ ਸਨਅਤ 'ਚ ਖਪ ਸਕਦਾ ਹੈ। ਉਸ ਨੇ ਸ਼ਾਇਦ ਤਿਰਪੁਰ ਦਾ ਨਾਂ ਨਾ ਸੁਣਿਆ ਹੋਵੇ, ਹੋ ਸਕਦਾ ਹੈ ਉਹ ਨੋਇਡਾ ਦੇ ਗਾਰਮੈਂਟ ਏਕਸਪੋਰਟ ਦੇ ਕਾਰਖਾਨਿਆਂ ਤੋਂ ਵੀ ਨਾਵਾਕਿਫ ਹੋਵੇ। ਇਸੇ ਨੂੰ ਅਸੀਂ ਕਿਹਾ ਸੀ ਕਿ 'ਲਾਲ ਪਰਚਮ' ਅੰਸ਼ ਨੂੰ ਸਮੁੱਚ ਬਣਾਉਂਦਾ ਹੈ। ਉਹ ਚੀਜ਼ਾਂ ਦੀ ਸਮੁੱਚਤਾ 'ਚ ਦੇਖਣ ਦੀ ਦਵੰਦਾਤਮਕ ਵਿਧੀ ਨਹੀਂ ਅਪਣਾਉਂਦਾ, ਸਗੋਂ ਸਮੁੱਚ ਨਾਲੋਂ ਅੰਸ਼ ਨੂੰ ਨਿਖੇੜ ਕੇ ਦੇਖਣ ਅਤੇ ਇਸੇ ਨੂੰ ਸਮੁੱਚ ਸਮਝਣ ਦੀ ਅਧਿਆਤਮਵਾਦੀ ਵਿਧੀ ਅਪਣਾਉਂਦਾ ਹੈ।

ਭਾਰਤ ਦੀ ਸਮਾਜੀ-ਆਰਥਿਕ ਸੰਰਚਨਾ ਦੇ ਖਾਸੇ ਬਾਰੇ 'ਲਾਲ ਪਰਚਮ' ਕੋਈ ਸਪਸ਼ਟ ਸਟੈਂਡ ਨਹੀਂ ਲੈਂਦਾ। 'ਲਾਲ ਪਰਚਮ' ਦੇ ਮਈ ਜੂਨ 2010 ਅੰਕ ਵਿੱਚ ਉਸਨੇ ਕਿਹਾ ਸੀ 'ਭਾਰਤ ਅੰਦਰ ਜੋ ਪੂੰਜੀਵਾਦੀ ਵਿਕਾਸ ਹੋਇਆ ਅਤੇ ਹੋ ਰਿਹਾ ਹੈ। (ਪੰਨਾ 32) ਪਰ 'ਲਾਲ ਪਰਚਮ' ਦੇ ਜਨਵਰੀ-ਫਰਵਰੀ 2011 ਅੰਕ ਵਿੱਚ ਉਹ ਲਿਖਦਾ ਹੈ ਕਿ 'ਅਸੀਂ ਭਾਰਤ ਅੰਦਰ ਵਿਕਸਤ ਹੋ ਰਹੇ ਸਰਮਾਏਦਾਰਾ ਵਿਕਾਸ ਦਾ ਜ਼ਿਕਰ ਕੀਤਾ ਸੀ।' (ਪੰਨਾ 33) 'ਲਾਲ ਪਰਚਮ' ਦੇ ਲੇਖਕ ਜੀ ਪਹਿਲਾਂ ਤੁਸੀਂ 'ਭਾਰਤ ਵਿੱਚ ਹੋਏ ਅਤੇ ਹੋ ਰਹੇ ਵਿਕਾਸ' ਦਾ ਜ਼ਿਕਰ ਕੀਤਾ ਹੈ। ਪਰ ਇਸ ਵਾਰ 'ਭਾਰਤ ਅੰਦਰ ਜੋ ਪੂੰਜੀਵਾਦੀ ਵਿਕਾਸ ਹੋਇਆ ਹੈ' ਉਸ ਨੂੰ ਤੁਸੀਂ ਗੋਲ ਕਰ ਗਏ। ਕਿਤੇ ਤੁਸੀਂ ਇਹ ਮੰਨਦੇ ਹੋ ਕਿ ਇੱਥੇ ਪੂੰਜੀਵਾਦੀ ਵਿਕਾਸ ਹੋਇਆ, ਅਤੇ ਕਿਤੇ ਇਹ ਕੀ ਹੋ ਰਿਹਾ ਹੈ। ਅਤੇ ਕਿਤੇ ਦੋਵੇਂ ਇਕੱਠੇ ਹੀ। **ਪਰ ਤੁਸੀਂ ਇਹ ਸਪਸ਼ਟ ਨਹੀਂ ਕਰਦੇ ਕਿ ਤੁਹਾਡੇ ਮੁਤਾਬਕ ਭਾਰਤੀ ਸਮਾਜੀ-ਆਰਥਿਕ ਸੰਰਚਨਾ ਦਾ ਖਾਸਾ ਕੀ ਹੈ ? ਕੀ ਇਹ ਅਰਧ ਜਗੀਰੂ ਅਰਧ ਬਸਤੀ ਹੈ ਜਾਂ ਪੂੰਜੀਵਾਦੀ ? ਇੱਕ ਥਾਵੇਂ 'ਲਾਲ ਪਰਚਮ' ਇਸ ਨੂੰ 'ਗਲ਼ੇ ਸੜੇ ਸਾਮਰਾਜੀ ਪ੍ਰਬੰਧ ਅਤੇ ਇਸ ਦੀ ਛਤਰ-ਛਾਇਆ ਹੇਠ ਪਣਪਿਆ ਰੋਗ ਗ੍ਰਸਤ ਪੂੰਜੀਵਾਦ' ਵੀ ਕਹਿੰਦਾ ਹੈ। ('ਲਾਲ ਪਰਚਮ' ਮਈ-ਜੂਨ, 2010)**

'ਲਾਲ ਪਰਚਮ' ਨੇ ਆਵਦੇ ਮਈ ਜੂਨ 2010 ਅੰਕ ਵਿੱਚ ਲਿਖਿਆ ਸੀ ਕਿ 'ਹਿੰਦੋਸਤਾਨ ਦੇ ਕਾਫੀ ਵੱਡੇ ਖਿੱਤੇ ਅੰਦਰ ਖੇਤੀ ਕਾਫੀ ਪੱਛੜੇਪਣ ਦੀ ਹਾਲਤ ਵਿੱਚ ਹੈ।' ਇਸ ਬਾਰੇ ਅਸੀਂ ਪੁੱਛਿਆ (ਪ੍ਰਤੀਬੱਧ, ਜੁਲਾਈ-2010, ਪੰਨਾ 18) ਸੀ ਕਿ **ਕੀ ਖੇਤੀਬਾੜੀ ਦੇ ਵਿਕਸਤ ਅਤੇ ਪੱਛੜੇ ਖਿੱਤਿਆ ਵਿੱਚ ਉਤਪਾਦਨ ਦੇ ਸਬੰਧ ਵੀ ਵੱਖ ਵੱਖ ਹਨ ? ਪਰ ਇਸ ਦਾ 'ਲਾਲ ਪਰਚਮ' ਨੇ ਕੋਈ ਜਵਾਬ ਨਹੀਂ ਦਿੱਤਾ।** 'ਲਾਲ ਪਰਚਮ' (ਮਈ-ਜੂਨ, 2010) ਨੇ ਇਹ ਵੀ ਕਿਹਾ ਸੀ ਕਿ 'ਭਾਰਤ ਦੇ ਕਈ ਹਿੱਸਿਆ 'ਚ ਬੇਜ਼ਮੀਨੇ ਕਿਸਾਨਾਂ ਲਈ ਜ਼ਮੀਨ ਦੀ ਲੜਾਈ ਲੜਨਾ ਅਤੇ ਇਸ ਨੂੰ ਰਾਜਸੱਤਾ ਹਾਸਲ ਕਰਨ ਦੀ ਲੜਾਈ ਨਾਲ਼ ਜੋੜਨ ਦੀ ਪ੍ਰਸੰਗਕਤਾ ਅਜੇ ਵੀ ਬਣੀ ਹੋਈ ਹੈ।' **ਇਸ ਬਾਰੇ ਅਸੀਂ ਪੁੱਛਿਆ ਸੀ (ਪ੍ਰਤੀਬੱਧ, ਜੁਲਾਈ-2010, ਪੰਨਾ-17) ਕਿ ਉਹ ਕਿਹੜੇ ਖਿੱਤੇ ਹਨ ਜਿੱਥੇ ਅਜਿਹੇ ਸੰਘਰਸ਼ਾਂ ਦੀ ਪ੍ਰਸੰਗਕਤਾ**

**ਬਣੀ ਹੋਈ ਹੈ ? ਇਸ ਸਵਾਲ ਬਾਰੇ ਵੀ 'ਲਾਲ ਪਰਚਮ' ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ ਅਪਣਾਈ ਹੈ।**

'ਪ੍ਰਤੀਬੱਧ' (ਜੁਲਾਈ 2010, ਪੰਨਾ 17) ਦੇ ਪਿਛਲੇ ਅੰਕ ਵਿੱਚ ਅਸੀਂ ਭਾਰਤ ਦੀ ਸਮਾਜੀ-ਆਰਥਿਕ ਸੰਰਚਨਾ ਬਾਰੇ 'ਲਾਲ ਪਰਚਮ' ਦੀ ਸਮਝ ਦੀ ਗੈਰ ਇਕਸਾਰਤਾ ਦਿਖਾਈ ਸੀ। ਇਸ ਦੇ ਜਵਾਬ ਵਿੱਚ 'ਲਾਲ ਪਰਚਮ' ਨੇ ਲਿਖਿਆ ਹੈ ਕਿ 'ਇਨਕਲਾਬੀ ਅਭਿਆਸ ਦੌਰਾਨ ਸਾਹਮਣੇ ਆਈਆਂ ਘਾਟਾਂ ਕਮਜ਼ੋਰੀਆਂ ਦਾ ਮੁਲੰਕਣ ਕਰਕੇ ਇਸ ਨੂੰ ਠੀਕ ਕਰਨਾ... ਆਪਣੇ ਆਪ ਵਿੱਚ ਕੋਈ ਹੇਠੀ ਵਾਲ਼ੀ ਗੱਲ ਨਹੀਂ।' (ਲਾਲ ਪਰਚਮ, ਜਨਵਰੀ-ਫਰਵਰੀ, 2011, ਪੰਨਾ 35) ਬਿਲਕੁਲ ਠੀਕ ਕਿਹਾ। ਹੇਠੀ ਵਾਲੀ ਨਹੀਂ ਸਗੋਂ ਇਹੋ ਤਾਂ ਅਭਿਆਸ-ਸਿਧਾਂਤ-ਅਭਿਆਸ ਦੀ ਵਿਗਿਆਨਕ ਦਵੰਦਾਤਮਕ ਵਿਧੀ ਹੈ। **ਪਰ ਹੈਰਾਨੀ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਤੁਹਾਨੂੰ ਆਪਣੀਆਂ ਘਾਟਾਂ ਕਮਜ਼ੋਰੀਆਂ ਦੇ ਮੁਲੰਕਣ ਲਈ 20 ਸਾਲ ਲੰਬੇ "ਇਨਕਲਾਬੀ ਅਭਿਆਸ" ਦੀ ਲੋੜ ਪਈ (1985 ਤੋਂ 2005)।** ਇਸ ਮਾਮਲੇ 'ਚ ਤਾਂ ਲੱਗਦਾ ਹੈ ਤੁਸੀਂ ਸੰਸਾਰ ਕਮਿਊਨਿਸਟ ਲਹਿਰ 'ਚ ਇੱਕ ਰਿਕਾਰਡ ਬਣਾ ਦਿੱਤਾ ਹੈ। **ਜੇਕਰ ਕਿਸੇ ਨੂੰ ਆਪਣੀ ਗਲਤੀ ਸਮਝਣ ਲਈ 20 ਸਾਲ ਲੱਗ ਜਾਣ ਤਾਂ ਉਸ ਨੂੰ ਮਾਰਕਸਵਾਦ ਦੀ ਆਵਦੀ ਸਮਝ ਬਾਰੇ ਹੀ ਸੋਚਣਾ ਚਾਹੀਦਾ ਹੈ। 1985 'ਚ ਵੀ ਤੁਸੀਂ ਲੰਬੇ ਅਭਿਆਸ (1967-70 ਤੋਂ ਲੈ ਕੇ) ਤੋਂ ਬਾਅਦ ਹੀ ਭਾਰਤੀ ਸਮਾਜੀ-ਆਰਥਿਕ ਸੰਰਚਨਾ ਦੇ ਪੂੰਜੀਵਾਦੀ ਖਾਸੇ ਅਤੇ ਇੱਥੇ ਸਮਾਜਵਾਦੀ ਇਨਕਲਾਬ ਦੇ ਪੜਾਅ ਦੀ ਸਮਝ ਤੇ ਪਹੁੰਚੇ ਸੀ। ਫਿਰ ਤੁਸੀਂ ਸਮਾਜਵਾਦੀ ਇਨਕਲਾਬ ਦੇ ਚੌਖਟੇ ਅੰਦਰ ਰਹਿੰਦੇ ਹੋਏ, ਇਨਕਲਾਬੀ ਅਭਿਆਸ ਦੌਰਾਨ ਕੁਝ ਘਾਟਾਂ ਕਮਜ਼ੋਰੀਆਂ ਦਾ ਮੁਲੰਕਣ ਨਹੀਂ ਕੀਤਾ, ਤੁਸੀਂ ਤਾਂ ਚੌਖਟਾ ਹੀ ਬਦਲ ਲਿਆ। 20 ਸਾਲਾਂ ਬਾਅਦ (2005) ਵਿੱਚ ਫਿਰ ਤੁਸੀਂ ਉਸੇ ਚੌਖਟੇ (ਭਾਰਤ ਦਾ ਖਾਸਾ ਅਰਧ ਜਗੀਰੂ ਅਰਧ ਬਸਤੀ, 'ਤੇ ਇਨਕਲਾਬ ਦਾ ਪੜਾਅ ਨਵ-ਜਮਹੂਰੀ) 'ਤੇ ਪਹੁੰਚ ਗਏ ਜਿਸ 'ਤੇ ਤੁਸੀਂ 1985 ਤੋਂ ਪਹਿਲਾਂ ਹੁੰਦੇ ਸੀ, ਜਿਸ ਨੂੰ ਤੁਸੀਂ 15 ਜਾਂ 18 ਸਾਲ ਲੰਬੇ "ਇਨਕਲਾਬੀ ਅਭਿਆਸ" ਤੋਂ ਬਾਅਦ ਛੱਡਿਆ ਸੀ। ਇਹ ਤੁਹਾਡਾ ਕੇਹੋ ਜਿਹਾ "ਇਨਕਲਾਬੀ ਅਭਿਆਸ" ਹੈ ਜਿਸ ਰਾਹੀਂ ਦੋ ਜਾਂ ਲਗਭਗ ਦੋ ਦਹਾਕਿਆਂ ਬਾਅਦ ਤੁਸੀਂ ਆਪਣੀਆਂ ਬੁਨਿਆਦੀ ਪੋਜ਼ੀਸ਼ਨਾਂ ਤੋਂ ਉਲਟਬਾਜ਼ੀ ਮਾਰ ਜਾਂਦੇ ਹੋ, ਜਾਂ 180 ਡਿਗਰੀ ਦੇ ਕੋਣ 'ਤੇ ਮੁੜ ਜਾਂਦੇ ਹੋ।** ਹੁਣ ਦੇਖਦੇ ਹਾਂ ਅਗਲੇ ਦਹਾਕਿਆਂ 'ਚ ਤੁਸੀਂ ਕਿਸ ਦਿਸ਼ਾ ਵਿੱਚ ਮੁੜਦੇ ਹੋ ? 2005 ਵਿੱਚ ਲਾਲ ਪਰਚਮ ਨੇ ਭਾਰਤ ਨੂੰ ਅਰਧ ਜਗੀਰੂ ਅਰਧ ਬਸਤੀ ਐਲਾਨਿਆ ਸੀ। ਅਤੇ ਹੁਣ ਕਹਿ ਰਿਹਾ ਹੈ ਇਥੇ ਪੂੰਜੀਵਾਦੀ ਵਿਕਾਸ ਹੋਇਆ ਹੈ ਅਤੇ ਹੋ ਰਿਹਾ ਹੈ" ਅਤੇ ਫਿਰ 'ਇੱਥੇ ਪੂੰਜੀਵਾਦੀ ਵਿਕਾਸ ਹੋਇਆ ਹੈ' ਨੂੰ ਗੋਲ ਕਰ ਦਿੱਤਾ ਅਤੇ ਕਿਹਾ ਕਿ 'ਇੱਥੇ ਪੂੰਜੀਵਾਦੀ ਵਿਕਾਸ ਹੋ ਰਿਹਾ ਹੈ। **ਇੱਥੇ ਅਸੀਂ 'ਲਾਲ ਪਰਚਮ' ਨੂੰ ਪੁੱਛਣਾ ਚਾਹਾਂਗੇ ਕਿ ਇਹ ਪੂੰਜੀਵਾਦੀ ਵਿਕਾਸ ਕਦੋਂ ਤੋਂ ਹੋ ਰਿਹਾ ਹੈ ? ਇਹ ਪ੍ਰਕਿਰਿਆ ਕਿਸੇ ਮੁਕਾਮ 'ਤੇ ਵੀ ਪਹੁੰਚੀ ਹੈ ਜਾਂ ਨਹੀਂ ? ਜਾਂ ਇਸ ਦੇ ਕਦੋਂ ਤੱਕ ਕਿਸੇ ਮੁਕਾਮ ਤੱਕ ਪਹੁੰਚਣ ਦੀ ਉਮੀਦ ਹੈ ? ਜਾਂ ਇਹ ਪ੍ਰਕਿਰਿਆ ਅਨੰਤ ਕਾਲ ਤੱਕ ਜਾਰੀ ਰਹੇਗੀ ? ਤੁਹਾਡੇ ਇਹ ਕਹਿਣ ਦਾ ਕਿ 'ਇੱਥੇ ਪੂੰਜੀਵਾਦੀ ਵਿਕਾਸ, ਹੋ ਰਿਹਾ ਹੈ', ਦਾ**

**ਵਿਗਿਆਨਕ ਅਧਾਰ ਕੀ ਹੈ ? ਉਹ ਕਿਹੜੇ ਕਾਰਕ ਹਨ ਜਿਹਨਾਂ ਦੇ ਅਧਾਰ 'ਤੇ ਤੁਸੀਂ ਇਹ ਕਹਿੰਦੇ ਹੋ ? ਹੁਣ ਦੇਖਦੇ ਹਾਂ ਲਾਲ ਪਰਚਮ ਸਾਡੇ ਇਹਨਾਂ ਸਵਾਲਾਂ ਦਾ ਜਵਾਬ ਦਿੰਦਾ ਵੀ ਹੈ ਜਾਂ ਨਹੀਂ।**

## ਸਾਮਰਾਜਵਾਦ ਬਾਰੇ

ਇਹ ਉਪ ਸਿਰਲੇਖ 'ਲਾਲ ਪਰਚਮ' ਦੇ ਤਾਜ਼ਾ ਅੰਕ (ਜਨਵਰੀ–ਫਰਵਰੀ, 2011) 'ਚ ਛਪੇ ਲੇਖ ਦਾ ਹੀ ਹੈ। ਅਸੀਂ ਆਪਣੇ ਪਿਛਲੇ ਲੇਖ (ਪ੍ਰਤੀਬੱਧ ਜੁਲਾਈ 2010) ਵਿੱਚ 'ਲਾਲ ਪਰਚਮ' ਦੀ ਇਸ ਧਾਰਨਾ ਦਾ ਖੰਡਣ ਕੀਤਾ ਸੀ ਕਿ 'ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਸਰਮਾਏਦਾਰੀ ਮੰਡੀ ਅਤੇ ਮੁਨਾਫ਼ੇ ਦੇ ਵਿਕਾਸ ਲਈ ਜਗੀਰਦਾਰੀ ਉੱਪਰ ਸੱਟ ਮਾਰ ਰਹੀ ਸੀ।' ਇਸ ਦੇ ਜਵਾਬ 'ਚ ਅਸੀਂ ਲਿਖਿਆ ਸੀ, "ਪਰ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਤਾਂ ਪਹਿਲਾਂ ਹੀ ਸਰਮਾਏਦਾਰੀ ਨੇ ਜਗੀਰਦਾਰੀ ਨੂੰ ਇਤਿਹਾਸ ਦੇ ਰੰਗ ਮੰਚ ਤੋਂ ਹਟਾ ਕੇ ਇਸ ਦੀ ਥਾਂ ਲੈ ਲਈ ਸੀ। ਤਾਂ ਫਿਰ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਜਗੀਰਦਾਰੀ ਕਿੱਥੋਂ ਆ ਗਈ ਜਿਸ ਉੱਪਰ ਸਰਮਾਏਦਾਰੀ ਸੱਟ ਮਾਰ ਰਹੀ ਸੀ ? ਸਰਮਾਏਦਾਰੀ ਪ੍ਰਬੰਧ ਸਥਾਪਤ ਹੋਣ ਤੋਂ ਪਹਿਲਾਂ ਇਸਦਾ ਜਗੀਰਦਾਰੀ ਨਾਲ਼ ਬਹੁਤ ਲੰਬਾ ਸੰਘਰਸ਼ ਚੱਲਦਾ ਰਿਹਾ ਹੈ। ਪਰ ਅਸੀਂ ਉਸ ਦੌਰ ਨੂੰ ਖੁੱਲ੍ਹੇ ਮੁਕਾਬਲੇ ਦੀ ਸਰਮਾਏਦਾਰੀ ਦਾ ਦੌਰ ਨਹੀਂ ਕਹਿ ਸਕਦੇ।" (ਪ੍ਰਤੀਬੱਧ, ਜੁਲਾਈ–2010, ਬੁਲੇਟਿਨ–13, ਪੰਨਾ 18)। ਸਾਡੀ ਇਸ ਪੋਜ਼ੀਸ਼ਨ ਦੇ ਖੰਡਣ ਲਈ ਲਾਲ ਪਰਚਮ ਦੇ ਲੇਖਕ ਨੇ ਹਿੱਕ ਦੇ ਜ਼ੋਰ ਲੈਨਿਨ ਤੋਂ ਮੱਦਦ ਲੈਣ ਦੀ ਕੋਸ਼ਿਸ਼ ਕੀਤੀ ਹੈ। ਪਰ ਲੈਨਿਨ ਤੋਂ ਉਸ ਨੂੰ ਕੋਈ ਮੱਦਦ ਨਹੀਂ ਮਿਲੀ। ਲੈਨਿਨ ਇਹ ਨਹੀਂ ਕਹਿੰਦੇ ਕਿ ਖੁੱਲ੍ਹੇ ਮੁਕਾਬਲੇ ਦੇ ਦੌਰ ਵਿੱਚ ਸਰਮਾਏਦਾਰੀ ਜਗੀਰਦਾਰੀ 'ਤੇ ਸੱਟ ਮਾਰ ਰਹੀ ਸੀ। ਅਜਿਹੇ ਅਨੂਠੇ ਸਿਧਾਂਤ ਨੂੰ ਤਾਂ 'ਲਾਲ ਪਰਚਮ' ਹੀ ਜਨਮ ਦੇ ਸਕਦਾ ਹੈ।

ਬੇਵਜ੍ਹਾ ਲੈਨਿਨ ਦੇ ਹਵਾਲੇ ਦੇਣ ਤੋਂ ਬਾਅਦ ਲਾਲ ਪਰਚਮ ਦਾ ਲੇਖਕ ਬੇਵਜ੍ਹਾ ਸਵਾਲ ਪੁੱਛਦਾ ਹੈ, "ਹੁਣ ਤੁਸੀਂ ਦੱਸੋ ਪ੍ਰਤੀਬੱਧ ਵਾਲ਼ਿਓ, ਕਿ ਤੁਹਾਡੇ ਵੱਲੋਂ ਕੀਤੀ ਟਿੱਪਣੀ ਦਾ ਕਾ. ਲੈਨਿਨ ਵੱਲੋਂ ਪੇਸ਼ ਕੀਤੀ ਇਸ ਸਮਝ ਨਾਲ਼ ਕੀ ਮੇਲ਼ ਹੈ ਅਤੇ ਸਾਡੇ ਵੱਲੋਂ ਪੇਸ਼ ਕੀਤੀ ਸਮਝ ਦਾ ਕਾ. ਲੈਨਿਨ ਦੀਆਂ ਉਪਰੋਕਤ ਸਤਰਾਂ ਨਾਲ਼ੋਂ ਕੀ ਵਖਰੇਵਾਂ ਹੈ।" ਕੇਹਾ ਹਾਸੋਹੀਣਾ ਸਵਾਲ ਹੈ ! ਕੇਹੀ ਤਰਸਯੋਗ ਸਮਝ ਹੈ ! ਖੈਰ ਇਹ ਨਿਰਣਾ ਦੋਹਾਂ ਪਰਚਿਆਂ ਦੇ ਪਾਠਕਾਂ 'ਤੇ ਛੱਡਦੇ ਹਾਂ ਕਿ ਉਹ ਖੁਦ ਨਿਰਣਾ ਕਰਨ ਕਿ ਕੀ 'ਲਾਲ ਪਰਚਮ' ਵੱਲੋਂ ਦਿੱਤੇ ਲੈਨਿਨ ਦੇ ਦੋਵਾਂ ਹਵਾਲਿਆਂ 'ਚ ਕਿਤੇ ਵੀ ਲੈਨਿਨ ਇਹ ਕਹਿੰਦੇ ਹਨ ਕਿ "ਖੁੱਲੇ ਮੁਕਾਬਲੇ ਦੇ ਦੌਰ ਵਿੱਚ ਸਰਮਾਏਦਾਰੀ ਜਗੀਰਦਾਰੀ ਉੱਪਰ ਸੱਟ ਮਾਰ ਰਹੀ ਸੀ ?"

# ''ਸਮਾਜਵਾਦ ਦੇ ਤੁੱਲ'' ਬਣਾਉਣ ਬਾਰੇ

ਅਸੀਂ 'ਪ੍ਰਤੀਬੱਧ' ਦੇ ਪਿਛਲੇ ਲੇਖ (ਜੁਲਾਈ 2010) ਵਿੱਚ ਸਿੱਧ ਕੀਤਾ ਸੀ ਕਿ ਲਾਲ ਪਰਚਮ ਏਂਗਲਜ਼ ਦੇ ਵਿਚਾਰ ਦੀ ਭੰਨਤੋੜ ਕਰਕੇ ਆਪਣੀਆਂ ਗਲਤ ਧਾਰਨਾਵਾਂ ਅਨੁਸਾਰੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। 'ਲਾਲ ਪਰਚਮ' ਨੇ ਆਪਣੇ ਪਿਛਲੇ ਲੇਖ ਵਿੱਚ ਲਿਖਿਆ ਸੀ, **''ਏਂਗਲਜ਼ ਨੇ ਆਪਣੇ ਸਮੇਂ ਇਹ ਵੀ ਨੋਟ ਕੀਤਾ ਸੀ ਕਿ ਜੇਕਰ ਕੋਈ ਮਜ਼ਦੂਰ ਜਮਾਤ ਦੇ ਇਨਕਲਾਬੀ ਪ੍ਰੋਗਰਾਮ ਨੂੰ ਤਸਲੀਮ ਕਰਕੇ ਮਜ਼ਦੂਰਾਂ ਵਾਸਤੇ ਘਰਾਂ ਦੀ ਮੰਗ ਕਰਦਾ ਹੈ ਤਾਂ ਇਸ ਨੂੰ 'ਨੁਕਸਾਨ ਦੇਹ ਪ੍ਰਵਿਰਤੀ' ਨਹੀਂ ਮੰਨਿਆ ਜਾਣਾ ਚਾਹੀਦਾ। ਉਸ ਨੇ ਇਹ ਵੀ ਕਿਹਾ ਕਿ ਜੇਕਰ ''ਇਹ ਪ੍ਰਵਿਰਤੀ ਡੂੰਘੀਆਂ ਜੜ੍ਹਾਂ ਜਮਾ ਲੈਂਦੀ ਹੈ ਤਾਂ ਇਸਨੂੰ ਆਪਣਾ ਪ੍ਰੋਗਰਾਮ ਤਹਿ ਕਰਨ ਲਈ ਆਪਣੇ ਪੂਰਵ ਗਾਮੀਆਂ ਵੱਲ ਰੁਖ ਕਰਨਾ ਪਵੇਗਾ ਅਤੇ ਅਜਿਹਾ ਕਰਕੇ ਉਸ ਲਈ ਪਰੂਧੋਂਵਾਦ ਤੋਂ ਬਚਣਾ ਮੁਸ਼ਕਿਲ ਹੋ ਜਾਵੇਗਾ।'' ਇਸ ਤੋਂ ਇਹੀ ਸਿੱਟਾ ਨਿਕਲ਼ਦਾ ਹੈ ਕਿ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁੱਖ ਹੋ ਕੇ ਸਿਰਫ ਮਜ਼ਦੂਰਾਂ ਨੂੰ ਘਰ ਦੁਆਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸਨੂੰ ਸਮਾਜਵਾਦ ਦੇ ਤੁਲ ਬਣਾ ਦੇਣ ਦੀਆਂ ਗਲ਼ਤ ਪ੍ਰਵਿਰਤੀਆਂ ਦੇ ਖਿਲਾਫ਼ ਸੰਘਰਸ਼ ਕਰ ਰਹੇ ਸਨ।'' (ਲਾਲ ਪਰਚਮ, ਮਈ-ਜੂਨ 2010 ਪੰਨਾ 32)**

ਲਾਲ ਪਰਚਮ ਦੇ ਇਸ ਬਿਆਨ ਦੇ ਦੋ ਹਿੱਸੇ ਹਨ, ਪਹਿਲੇ ਹਿੱਸੇ ਵਿੱਚ ਉਹ ਏਂਗਲਜ਼ ਦੇ ਵਿਚਾਰਾਂ ਨੂੰ ਗਲਤ ਢੰਗ ਨਾਲ਼ ਸਮਝਦਾ ਹੈ ਅਤੇ ਗਲਤ ਢੰਗ ਨਾਲ਼ ਪੇਸ਼ ਕਰਦਾ ਹੈ। ਇਸ ਬਾਰੇ ਅਸੀਂ ਪਹਿਲਾਂ (ਪ੍ਰਤੀਬੱਧ ਜੁਲਾਈ–2010) ਵਿਸਥਾਰਪੂਰਵਕ ਲਿਖ ਆਏ ਹਾਂ। ਇਸ ਨੂੰ ਇੱਥੇ ਦੁਹਰਾਉਣ ਦੀ ਲੋੜ ਨਹੀਂ। **ਲਾਲ ਪਰਚਮ ਦੇ ਲੇਖਕ ਜੀ ਪਿਛਲੀ ਵਾਰ (ਮਈ ਜੂਨ 2010) ਤਾਂ ਤੁਸੀਂ ਏਂਗਲਜ਼ ਨੂੰ ਵੀ ਆਵਦੇ ਗਲਤ ਵਿਚਾਰਾਂ ਦੇ ਹੱਕ ਵਿੱਚ ਭੁਗਤਾਉਣ ਦੀ ਕੋਸ਼ਿਸ਼ ਕੀਤੀ ਸੀ। ਤੁਸੀਂ ਲਿਖਿਆ ਸੀ 'ਏਂਗਲਜ਼ ਨੇ ਆਪਣੇ ਸਮੇਂ ਇਹ ਵੀ ਨੋਟ ਕੀਤਾ ਸੀ ਕਿ ਜੇਕਰ ਕੋਈ ਮਜ਼ਦੂਰ ਜਮਾਤ ਦੇ ਇਨਕਲਾਬੀ ਪ੍ਰੋਗਰਾਮ ਨੂੰ ਤਸਲੀਮ ਕਰਕੇ ਮਜ਼ਦੂਰਾਂ ਵਾਸਤੇ ਘਰਾਂ ਦੀ ਮੰਗ ਕਰਦਾ ਹੈ ਤਾਂ ਇਸ ਨੂੰ 'ਨੁਕਸਾਨਦੇਹ ਪ੍ਰਵਿਰਤੀ' ਨਹੀਂ ਮੰਨਿਆ ਜਾਣਾ ਚਾਹੀਦਾ।' ਕੀ ਤੁਸੀਂ ਇਹ ਨਹੀਂ ਸੀ ਲਿਖਿਆ? ਹੁਣ ਤੁਸੀਂ ਇਸ ਬਾਰੇ ਮੌਨ ਕਿਉਂ ਧਾਰ ਲਿਆ ਹੈ? ਏਂਗਲਜ਼ ਦੇ ਵਿਚਾਰਾਂ ਦੀ 'ਲਾਲ ਪਰਚਮ' ਦੁਆਰਾ ਗਲਤ ਪੇਸ਼ਕਾਰੀ ਦਾ ਸਾਡੇ ਵੱਲੋਂ ਜੋ ਖੰਡਣ ('ਪ੍ਰਤੀਬੱਧ' ਜੁਲਾਈ 2010) ਕੀਤਾ ਗਿਆ ਸੀ, ਉਸ ਬਾਰੇ ਤਾਂ 'ਲਾਲ ਪਰਚਮ' ਪੂਰੀ ਤਰ੍ਹਾਂ ਚੁੱਪ ਹੈ।** ਆਵਦੇ ਬਿਆਨ ਦੇ ਮਗਰਲੇ ਹਿੱਸੇ ਬਾਰੇ ਉਹ ਬੋਲਿਆ ਹੈ। ਉਹ ਕਹਿੰਦਾ ਹੈ, ''ਘਰਾਂ ਦੇ ਮਸਲੇ ਉਪਰ ਚੱਲ ਰਹੀ ਬਹਿਸ ਕਰਦੇ ਸਮੇਂ ਅਸੀਂ ਕਿਹਾ ਸੀ ਕਿ ਏਂਗਲਜ਼ ਜਦੋਂ ਇਸ ਮਸਲੇ ਨੂੰ ਨਜਿੱਠ ਰਹੇ ਸਨ ਤਾਂ ਉਹ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦੀਆਂ ਦੀ ਗਲਤ ਪੋਜ਼ੀਸ਼ਨ ਉੱਪਰ ਸੱਟ ਮਾਰ ਰਹੇ ਸਨ। ਉਹਨਾਂ ਨੇ ਕਿਹਾ ਸੀ ਕਿ ਵਿਗਿਆਨਕ ਸਮਾਜਵਾਦ ਹੀ ਇਸ ਮਸਲੇ ਦਾ ਢੁਕਵਾਂ ਹੱਲ ਕਰ ਸਕਦਾ ਹੈ।

ਦੂਸਰੇ ਪਾਸੇ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਇਸ ਮਸਲੇ ਨੂੰ ਪੂੰਜੀਵਾਦੀ ਢਾਂਚੇ ਦੀ ਵਲਗਣ ਅੰਦਰ ਰਹਿੰਦਿਆਂ ਹੀ ਹੱਲ ਕਰਨਾ ਚਾਹੁੰਦੇ ਹਨ। ਇਸ ਸੰਦਰਭ ਵਿਚ ਅਸੀਂ ਏਂਗਲਜ਼ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀਆਂ ਦੀ ਪੋਜ਼ੀਸ਼ਨ ਨੂੰ ਗਲਤ ਕਿਹਾ ਸੀ। ਉਹਨਾਂ ਦੀ ਪੋਜ਼ੀਸ਼ਨ "ਸਮਾਜਵਾਦ ਦੇ ਤੁੱਲ" ਹੈ ਅਜਿਹਾ ਵਿਚਾਰ ਸਾਡਾ ਕਦੇ ਵੀ ਨਹੀਂ ਸੀ ਅਤੇ ਨਾ ਹੈ। ਸਾਡੇ ਕਹਿਣ ਦਾ ਅਰਥ ਇਹ ਸੀ ਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰਾਂ ਦੇ ਮਾਲਿਕ ਬਣਾਉਣ ਨੂੰ ਹੀ ਮਜ਼ਦੂਰਾਂ ਦਾ ਭਲਾ ਸਮਝਦੇ ਸਨ ਪਰ ਇਸ ਸਮੱਸਿਆ ਦਾ ਹੱਲ ਸਰਮਾਏਦਾਰੀ ਪ੍ਰਬੰਧ ਦੇ ਘੇਰੇ ਅੰਦਰ ਰਹਿੰਦਿਆਂ ਹੀ ਕਰਨਾ ਚਾਹੁੰਦੇ ਸਨ। ਇਸੇ ਕਰਕੇ ਉਹਨਾਂ ਨੂੰ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਕਿਹਾ ਜਾਂਦਾ ਸੀ। ਉਹਨਾਂ ਦੀ ਪੋਜ਼ੀਸਨ ਵਿਗਿਆਨਕ ਸਮਾਜਵਾਦ ਦੇ ਨਹੀਂ ਬਲਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦ ਦੇ ਤੁੱਲ ਸੀ। ਵਿਗਿਆਨਕ ਸਮਾਜਵਾਦ ਬਾਰੇ ਸਾਡੀ ਸਮਝ ਤੋਂ ਜਾਣੂੰ ਹੋਣ ਦੇ ਬਾਵਜੂਦ ਪ੍ਰਤੀਬੱਧ ਦਾ ਲੇਖਕ ਸਾਡੀ ਪੋਜ਼ੀਸ਼ਨ ਨੂੰ ਜਾਂ ਤਾਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ ਅਤੇ ਜਾ ਸਾਡਾ ਵਿਰੋਧ ਕਰਨ ਅਤੇ ਸਾਡੀ ਸਮਝ ਨੂੰ "ਪੈਟੀ ਬੁਰਜੂਆ" ਸਾਬਿਤ ਕਰਨ ਦੀ ਅੰਨ੍ਹੀ ਧੁੱਸ ਵਿੱਚੋਂ ਇਸ ਨੂੰ ਵਿਗਾੜ ਕੇ ਪੇਸ਼ ਕਰਦਾ ਹੈ ਅਤੇ ਇਸ ਦੇ ਮਨਘੜਤ ਅਰਥ ਕੱਢਦਾ ਹੈ। ਅਜਿਹਾ ਕਰਦਾ ਹੋਇਆ ਉਹ ਸਾਡੀ ਪੋਜ਼ੀਸ਼ਨ ਬਾਰੇ "ਹਾਸੇ ਅਤੇ ਦਇਆ ਦਾ ਮਿਲਿਆ ਜੁਲਿਆ ਅਨੁਭਵ" ਕਰਦਾ ਹੈ ਅਤੇ ਆਪਣੇ ਆਪ ਨੂੰ ਗੂੜ੍ਹ ਗਿਆਨੀ ਸਮਝਣ ਦੇ ਹੰਕਾਰੀ ਰਵੱਈਏ ਦੀ ਖੂਬ ਨੁਮਾਇਸ਼ ਲਾਉਂਦਾ ਹੈ।" (ਲਾਲ ਪਰਚਮ, ਜਨਵਰੀ-ਫਰਵਰੀ-2011, ਪੰਨਾ 35) **'ਲਾਲ ਪਰਚਮ'** ਨੇ ਪਹਿਲਾਂ ਲਿਖਿਆ ਸੀ, **"ਇਸ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਏਂਗਲਜ਼ ਮਜ਼ਦੂਰ ਜਮਾਤ ਦੇ ਇਨਕਲਾਬੀ ਕਾਰਜਾਂ ਤੋਂ ਬੇਮੁਖ ਹੋ ਕੇ ਸਿਰਫ ਮਜ਼ਦੂਰਾਂ ਨੂੰ ਘਰ ਦਵਾਉਣ ਦੇ ਸਵਾਲ ਨੂੰ ਆਪਣਾ ਮਿਸ਼ਨ ਬਣਾ ਲੈਣ ਅਤੇ ਇਸ ਨੂੰ ਸਮਾਜਵਾਦ ਦੇ ਤੁੱਲ ਬਣਾ ਦੇਣ ਦੀਆਂ ਪ੍ਰਵਿਰਤੀਆਂ ਖਿਲਾਫ਼ ਸੰਘਰਸ਼ ਕਰ ਰਹੇ ਸਨ।"** ('ਲਾਲ ਪਰਚਮ' ਮਈ-ਜੂਨ 2010 ਪੰਨਾ 33)। ਅਸੀਂ ਇਹ ਪਹਿਲਾਂ ਹੀ ਦਿਖਾ ਚੁੱਕੇ ਹਾਂ ਕਿ ਏਂਗਲਜ਼ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦੀਆਂ ਦੁਆਰਾ ਮਜ਼ਦੂਰਾਂ ਨੂੰ ਨਿੱਜੀ ਮਾਲਕੀ ਦੇ ਰੂਪ ਵਿੱਚ ਘਰ ਦਵਾਉਣ ਨੂੰ 'ਸਮਾਜਵਾਦ ਦੇ ਤੁੱਲ' ਬਣਾਉਣ ਖਿਲਾਫ਼ ਸੰਘਰਸ਼ ਨਹੀਂ ਕਰ ਰਹੇ ਸਨ। ਸਗੋਂ ਉਹ ਨਿੱਕ ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ ਦੁਆਰਾ ਸਮਾਜ ਦਾ ਪਹੀਆਂ ਪਿਛਾਂਹ ਨੂੰ ਘੁੰਮਾਉਣ ਅਤੇ ਬੁਰਜੂਆ ਸਮਾਜਵਾਦ ਦੇ ਪੈਰੋਕਾਰਾਂ ਦੁਆਰਾ ਮਜ਼ਦੂਰਾਂ ਨੂੰ ਬੁਰਜੂਆਜ਼ੀ ਦੇ ਹਿੱਤ ਵਿੱਚ ਨਿੱਜੀ ਜਾਇਦਾਦ ਨਾਲ਼ ਬੰਨ੍ਹਣ ਖਿਲਾਫ ਸੰਘਰਸ਼ ਕਰ ਰਹੇ ਸਨ। ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਵਿਰੁੱਧ ਏਂਗਲਜ਼ ਸੰਘਰਸ਼ ਕਿਉਂ ਚਲਾ ਰਹੇ ਸਨ, ਇਹ ਅਸੀਂ ਪਹਿਲਾਂ ਹੀ ਵਿਸਥਾਰ ਵਿੱਚ ਦਿਖਾ ਚੁੱਕੇ ਹਾਂ। (ਪ੍ਰਤੀਬੱਧ ਜੁਲਾਈ 2010) ਲਾਲ ਪਰਚਮ ਇਸ ਨੂੰ ਸਮਾਜਵਾਦ ਦੇ ਤੁਲ ਸਮਝਦਾ ਹੈ। ਇਹ ਉੱਪਰ ਦਿੱਤੇ ਹਵਾਲੇ (ਲਾਲ ਪਰਚਮ ਮਈ-ਜੂਨ, 2010) ਤੋਂ ਸਪਸ਼ਟ ਹੈ। ਪਰ ਹੁਣ ਲਾਲ ਪਰਚਮ ਆਪਣੀ ਇਸ ਪੋਜ਼ੀਸ਼ਨ ਤੋਂ ਪਿੱਛੇ ਹਟਣ ਦੀ ਕੋਸ਼ਿਸ਼ ਕਰਦਾ ਹੈ। ਲਾਲ ਪਰਚਮ ਦਾ ਕਹਿਣਾ ਹੈ, "ਉਹਨਾਂ ਦੀ ਪੋਜ਼ੀਸ਼ਨ

"ਸਮਾਜਵਾਦ ਦੇ ਤੁੱਲ" ਹੈ ਅਜਿਹਾ ਵਿਚਾਰ ਸਾਡਾ ਕਦੇ ਸੀ ਨਾ ਹੈ। ਸਾਡੇ ਕਹਿਣ ਦਾ ਅਰਥ ਇਹ ਸੀ ਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰਾਂ ਦੇ ਮਾਲਿਕ ਬਣਾਉਣ ਨੂੰ ਹੀ ਮਜ਼ਦੂਰਾਂ ਦਾ ਭਲਾ ਸਮਝਦੇ ਸਨ, ਪਰ ਇਸ ਸਮੱਸਿਆ ਦਾ ਹੱਲ ਸਰਮਾਏਦਾਰੀ ਪ੍ਰਬੰਧ ਦੇ ਘੇਰੇ ਅੰਦਰ ਰਹਿੰਦਿਆਂ ਹੀ ਕਰਨਾ ਚਾਹੁੰਦੇ ਸਨ। ਇਸੇ ਕਰਕੇ ਉਹਨਾਂ ਦੀ ਪੋਜ਼ੀਸ਼ਨ ਵਿਗਿਆਨਕ ਸਮਾਜਵਾਦ ਦੇ ਨਹੀਂ ਬਲਕਿ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦ ਦੇ ਤੁੱਲ ਸੀ।" **ਪਰ ਪਹਿਲਾਂ ਤਾਂ ਤੁਸੀਂ ਇਸ ਨੂੰ 'ਸਮਾਜਵਾਦ ਦੇ ਤੁੱਲ ਬਣਾ ਦੇਣਾ' ਲਿਖਿਆ ਸੀ? ਕੀ ਤੁਸੀਂ ਅਜਿਹਾ ਨਹੀਂ ਸੀ ਲਿਖਿਆ? ਕੀ ਤੁਹਾਡੇ ਲਈ ਸਮਾਜਵਾਦ ਦਾ ਅਰਥ ਸਿਰਫ਼ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਹੀ ਹੈ?** 'ਲਾਲ ਪਰਚਮ' ਦਾ ਕਹਿਣਾ ਹੈ ਕਿ 'ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰਾਂ ਦੇ ਮਾਲਿਕ ਬਣਾਉਣ ਨੂੰ ਹੀ ਮਜ਼ਦੂਰਾਂ ਦਾ ਭਲਾ ਸਮਝਦੇ ਸਨ।' ਪਰ ਅਸੀਂ ਕਹਿਣਾ ਚਾਹਾਂਗੇ ਕਿ ਨਿੱਕ ਬੁਰਜੂਆ ਸਮਾਜਵਾਦ ਦੇ ਪੈਰੋਕਾਰ ਅਜਿਹਾ ਸਮਝਦੇ ਸਨ ਪਰ ਬੁਰਜੂਆ ਸਮਾਜਵਾਦ ਦੇ ਪੈਰੋਕਾਰ ਅਜਿਹਾ ਕਹਿੰਦੇ ਸਨ। ਇਹਨਾਂ ਦੋਹਾਂ ਗੱਲਾਂ 'ਚ ਬਹੁਤ ਵੱਡਾ ਅੰਤਰ ਹੈ। ਭਾਵੇਂ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦ ਦਾ ਆਪਣੇ ਅੰਤਮ ਵਿਸ਼ਲੇਸ਼ਣ ਵਿੱਚ ਸਾਰਤੱਤ ਇੱਕ ਹੀ ਹੈ, ਪਰ ਇਹਨਾਂ ਦੋਹਾਂ ਵਿੱਚ ਫਰਕ ਵੀ ਹੈ। ਨਿੱਕ ਬੁਰਜੂਆ ਸਮਾਜਵਾਦੀਆਂ ਨੇ ਪੂੰਜੀਵਾਦੀ ਲੁੱਟ ਦੇ ਬੇਕਿਰਕੀ ਨਾਲ਼ ਪਾਜ ਉਘਾੜੇ ਸਨ। ਪਰ ਇਹ ਪੂੰਜੀਵਾਦੀ ਢਾਂਚੇ ਦੀ ਅਲੋਚਨਾ ਛੋਟੇ ਮਾਲਕਾਂ ਦੇ ਪੈਂਤੜੇ ਤੋਂ ਕਰਦੇ ਸਨ ਅਤੇ ਪੂੰਜੀਵਾਦੀ ਲੁੱਟ ਦਾ ਬਦਲ ਇਹ ਛੋਟੀ ਮਾਲਕੀ ਨੂੰ ਬਚਾਉਣ 'ਚ ਦੇਖਦੇ ਸਨ (ਦੇਖੋ ਕਮਿਊਨਿਸਟ ਮੈਨੀਫੈਸਟੋ)। ਨਿੱਕ ਬੁਰਜੂਆ ਸਮਾਜਵਾਦ ਦੇ ਪੈਰੋਕਾਰ ਸਚੇਤਨ ਤੌਰ 'ਤੇ ਪੂੰਜੀਵਾਦੀ ਢਾਂਚੇ 'ਚ ਲੁੱਟੀ ਲਤਾੜੀ ਮਜ਼ਦੂਰ ਜਮਾਤ ਦੀ ਭਲਾਈ ਚਾਹੁੰਦੇ ਸਨ। ਪਰ ਬਾਹਰਮੁਖੀ ਤੌਰ 'ਤੇ (ਮਜ਼ਦੂਰਾਂ ਨੂੰ ਜਾਇਦਾਦ ਮਾਲਕ ਬਣਾਉਣ ਜਾਂ, ਛੋਟੇ ਮਾਲਕਾਂ ਨੂੰ ਪੂੰਜੀਵਾਦੀ ਹੱਲੇ ਤੋਂ ਬਚਾਉਣ ਦੇ ਰੂਪ 'ਚ) ਇਹਨਾਂ ਦੇ ਯਤਨ ਪੂੰਜੀਵਾਦੀ ਢਾਂਚੇ ਦੇ ਹੱਕ ਵਿੱਚ ਹੀ ਭੁਗਤਦੇ ਸਨ। ਦੂਜੇ ਪਾਸੇ ਬੁਰਜੂਆ ਸਮਾਜਵਾਦੀ ਸਚੇਤਨ ਰੂਪ ਵਿੱਚ ਬੁਰਜੂਆਜ਼ੀ ਦੀ ਸੇਵਾ ਹਿੱਤ ਮਜ਼ਦੂਰਾਂ ਨੂੰ ਨਿੱਕੀ ਜਾਇਦਾਦ ਦੇ ਮਾਲਕਾਂ 'ਚ ਬਦਲਣਾ ਚਾਹੁੰਦੇ ਸਨ।

ਇੱਥੇ ਹੀ ਲਾਲ ਪਰਚਮ ਦਾ ਲੇਖਕ ਇੱਕ ਹੋਰ ਗਲਤ ਬਿਆਨੀ ਕਰਦਾ ਹੈ ਉਹ ਕਹਿੰਦਾ ਹੈ, 'ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਮਜ਼ਦੂਰਾਂ ਨੂੰ ਘਰਾਂ ਦੇ ਮਾਲਿਕ ਬਣਾਉਣ ਨੂੰ ਹੀ ਮਜ਼ਦੂਰਾਂ ਦਾ ਭਲਾ ਸਮਝਦੇ ਸਨ ਪਰ ਇਸ ਸਮੱਸਿਆ ਦਾ ਹੱਲ ਸਰਮਾਏਦਾਰੀ ਪ੍ਰਬੰਧ ਦੇ ਘੇਰੇ ਅੰਦਰ ਰਹਿੰਦਿਆਂ ਹੀ ਕਰਨਾ ਚਾਹੁੰਦੇ ਸਨ। ਇਸੇ ਕਰਕੇ ਉਹਨਾਂ ਨੂੰ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਕਿਹਾ ਜਾਂਦਾ ਸੀ।' ਪਰ ਕੀ ਇਹ ਸੱਚ ਹੈ ਕਿ ਸਿਰਫ ਇਸੇ ਕਾਰਨ ਉਹਨਾਂ ਨੂੰ ਬੁਰਜੂਆ ਅਤੇ ਪੈਟੀ ਬੁਰਜੂਆ ਸਮਾਜਵਾਦੀ ਕਿਹਾ ਜਾਂਦਾ ਸੀ। ਆਓ ਦੇਖਦੇ ਹਾਂ ਕਿ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕ ਮਾਰਕਸ ਤੇ ਏਂਗਲਜ਼ ਇਸ ਦੀ ਕੀ ਪਰਿਭਾਸ਼ਾ ਦਿੰਦੇ ਹਨ। ਨਿੱਕ ਬੁਰਜੂਆ ਸਮਾਜਵਾਦ ਨੂੰ ਪਰਿਭਾਸ਼ਤ ਕਰਦੇ ਹੋਏ ਉਹ ਲਿਖਦੇ ਹਨ, "ਫ਼ਰਾਂਸ ਜਿਹੇ ਦੇਸ਼ਾਂ ਵਿੱਚ, ਜਿੱਥੇ ਕਿਸਾਨ ਵੱਸੋਂ ਦਾ ਅੱਧੇ ਨਾਲੋਂ ਵੀ ਕਿਤੇ ਜ਼ਿਆਦਾ

ਹਿੱਸਾ ਬਣਦੇ ਹਨ, ਇਹ ਕੁਦਰਤੀ ਸੀ ਕਿ ਜਿਨ੍ਹਾਂ ਲੇਖਕਾਂ ਨੇ ਬੁਰਜੂਆਜ਼ੀ ਦੇ ਖ਼ਿਲਾਫ਼ ਪ੍ਰੋਲਤਾਰੀ ਦੀ ਧਿਰ ਲਈ,ਉਹ ਆਪਣੀ ਬੁਰਜੂਆ ਰਾਜ-ਪ੍ਰਬੰਧ ਦੀ ਆਲੋਚਨਾ ਵਿੱਚ ਕਿਸਾਨ ਅਤੇ ਨਿਕ-ਬੁਰਜੂਆ ਦੀਆਂ ਪੱਧਰਾਂ ਵਰਤਣ, ਅਤੇ ਇਹਨਾਂ ਵਿਚਕਾਰਲੀਆਂ ਸ਼੍ਰੇਣੀਆਂ ਦੇ ਦ੍ਰਿਸ਼ਟੀਕੋਣ ਤੋਂ ਮਜ਼ਦੂਰ ਸ਼੍ਰੇਣੀ ਦੇ ਹੱਕ ਵਿੱਚ ਲੱਠ ਚੁੱਕਣ। ਇਉਂ ਨਿੱਕ-ਬੁਰਜੂਆ ਸੋਸ਼ਲਿਜ਼ਮ ਪੈਦਾ ਹੋਇਆ। ਸਿਸਮੋਂਦੀ, ਨਾ ਸਿਰਫ਼ ਫ਼ਰਾਂਸ ਵਿਚ ਹੀ ਸਗੋਂ ਇੰਗਲੈਂਡ ਵਿੱਚ ਵੀ, ਇਸ ਪਰਪਾਟੀ ਦਾ ਮੁਖੀ ਸੀ।

ਸੋਸ਼ਲਿਜ਼ਮ ਦੀ ਇਸ ਪਰਪਾਟੀ ਨੇ ਆਧੁਨਿਕ ਉਤਪਾਦਨ ਦੀਆਂ ਪ੍ਰਸਥਿਤੀਆਂ ਦੇ ਵਿਰੋਧਾਂ ਦੀ ਬੇਹੱਦ ਤੀਖਣ-ਬੁੱਧੀ ਨਾਲ ਚੀਰ-ਫਾੜ ਕੀਤੀ। ਇਸਨੇ ਅਰਥ-ਵਿਗਿਆਨੀਆਂ ਦੀਆਂ ਦੰਭੀ ਸਫ਼ਾਈਆਂ ਨੂੰ ਨੰਗਿਆਂ ਕਰ ਦਿੱਤਾ। ਇਸਨੇ ਮਸ਼ੀਨਰੀ ਅਤੇ ਕਿਰਤ ਦੀ ਵੰਡ ਦੇ, ਸਰਮਾਏ ਅਤੇ ਭੂਮੀ ਕੁਝ ਹੱਥਾਂ ਵਿਚ ਕੇਂਦਰਿਤ ਹੋਣ ਦੇ; ਬਹੁ-ਉਤਪਾਦਨ ਅਤੇ ਸੰਕਟਾਂ ਦੇ ਮਾਰੂ ਅਸਰਾਂ ਨੂੰ ਨਿਰਵਿਵਾਦ ਢੰਗ ਨਾਲ ਸਿੱਧ ਕਰ ਦਿੱਤਾ; ਇਸਨੇ ਨਿੱਕ-ਬੁਰਜੂਆ ਅਤੇ ਕਿਸਾਨ ਦੀ ਅਟੱਲ ਬਰਬਾਦੀ ਵੱਲ, ਪ੍ਰੋਲਤਾਰੀ ਦੀ ਮੰਦਹਾਲੀ ਵੱਲ, ਉਤਪਾਦਨ ਵਿਚਲੀ ਅਰਾਜਕਤਾ ਵੱਲ, ਧਨ ਦੀ ਵੰਡ ਵਿਚ ਉਘੜਵੀਆਂ ਨਾਬਰਾਬਰੀਆਂ ਵੱਲ, ਕੌਮਾਂ ਵਿਚਕਾਰ ਇੱਕ ਦੂਜੀ ਨੂੰ ਮਿਟਾਉਣ ਲਈ ਸਨਅਤੀ ਜੰਗ ਵੱਲ, ਪੁਰਾਣੇ ਸਦਾਚਾਰਕ ਸਬੰਧਾਂ ਦੇ, ਪੁਰਾਣੇ ਪਰਿਵਾਰਕ ਸਬੰਧਾਂ ਦੇ, ਪੁਰਾਣੇ ਕੌਮੀਅਤਾਂ ਦੇ ਖੇਰੂੰ-ਖੇਰੂੰ ਹੋਣ ਵੱਧ ਧਿਆਨ ਦਿਵਾਇਆ।

ਪਰ ਆਪਣੇ ਹਾਂ-ਪੱਖੀ ਨਿਸ਼ਾਨਿਆਂ ਵਿੱਚ, ਸੋਸ਼ਲਿਜ਼ਮ ਦਾ ਇਹ ਰੂਪ ਜਾਂ ਤਾਂ ਉਤਪਾਦਨ ਦੇ ਅਤੇ ਵਟਾਂਦਰੇ ਦੇ ਪੁਰਾਣੇ ਜਾਇਦਾਦੀ ਸਬੰਧ ਅਤੇ ਪੁਰਾਣੇ ਸਮਾਜ ਨੂੰ ਮੁੜ-ਸਥਾਪਤ ਕਰਨ ਲਈ ਤਾਂਘਦਾ ਹੈ, ਜਾਂ ਉਤਪਾਦਨ ਅਤੇ ਵਟਾਂਦਰੇ ਦੇ ਆਧੁਨਿਕ ਸਾਧਨਾਂ ਨੂੰ ਪੁਰਾਣੇ ਜਾਇਦਾਦੀ ਸਬੰਧਾਂ ਦੇ ਢਾਂਚੇ ਦੇ ਅੰਦਰ ਜਕੜਨ ਲਈ ਤਾਂਘਦਾ ਹੈ, ਜਿਨ੍ਹਾਂ ਸਬੰਧਾਂ ਨੂੰ ਇਹਨਾਂ ਸਾਧਨਾਂ ਨੇ ਉਡਾ ਦਿੱਤਾ ਹੈ ਅਤੇ ਜਿਨ੍ਹਾਂ ਦਾ ਉਡਾਇਆ ਜਾਣਾ ਲਾਜ਼ਮੀ ਸੀ। ਕਿਸੇ ਵੀ ਸੂਰਤ ਵਿੱਚ, ਇਹ ਪਿਛਾਂਹ-ਖਿੱਚੂ ਵੀ ਹੈ ਅਤੇ ਯੂਟੋਪੀਆਈ ਵੀ।" (ਕਮਿਊਨਿਸਟ ਮੈਨੀਫੈਸਟੋ, ਮਾਰਕਸ ਏਂਗਲਜ਼, ਚੋਣਵੀਆਂ ਕਿਰਤਾਂ, ਭਾਗ-1, ਪੰਨਾ 84-85)

ਬੁਰਜੂਆ ਸਮਾਜਵਾਦ ਨੂੰ ਉਹ ਇਸ ਪ੍ਰਕਾਰ ਪਰਿਭਾਸ਼ਤ ਕਰਦੇ ਹਨ, "ਬੁਰਜੂਆਜ਼ੀ ਦਾ ਇਕ ਹਿੱਸਾ, ਬੁਰਜੂਆ ਸਮਾਜ ਦੀ ਲਗਾਤਾਰ ਹੋਂਦ ਨੂੰ ਯਕੀਨੀ ਬਣਾਉਣ ਲਈ ਸਮਾਜਕ ਰੋਗਾਂ ਨੂੰ ਦੂਰ ਕਰਨ ਦਾ ਇੱਛਕ ਹੈ।

ਅਰਥ-ਵਿਗਿਆਨੀ, ਪਰਉਪਕਾਰੀ, ਮਾਨਵ-ਹਿਤੈਸ਼ੀ, ਮਜ਼ਦੂਰ ਸ਼੍ਰੇਣੀ ਦੀ ਹਾਲਤ ਨੂੰ ਸੁਧਾਰਨ ਵਾਲ਼ੇ, ਪੁੰਨ-ਦਾਨ ਜਥੇਬੰਦ ਕਰਨ ਵਾਲੇ, ਜਾਨਵਰਾਂ 'ਤੇ ਜ਼ੁਲਮ ਨੂੰ ਰੋਕਣ ਲਈ ਬਣੀਆਂ ਸਭਾਵਾਂ ਦੇ ਮੈਂਬਰ, ਨਸ਼ੇਬੰਦੀ ਦਾ ਝੱਲ ਰੱਖਣ ਵਾਲੇ, ਹਰ ਕਲਪਨਾ-ਯੋਗ ਕਿਸਮ ਦੇ ਨਿਕਚੂ ਸੁਧਾਰਕ ਇਸ ਹਿੱਸੇ ਵਿਚ ਆਉਂਦੇ ਹਨ। ਨਾਲੇ, ਸੋਸ਼ਲਿਜ਼ਮ ਦੇ ਇਸ ਰੂਪ ਦੀਆਂ ਪੂਰੀਆਂ ਦੀ ਪੂਰੀਆਂ ਪ੍ਰਣਾਲੀਆਂ ਬਣਾ ਦਿੱਤੀਆਂ ਗਈਆਂ ਹੋਈਆਂ ਹਨ।

ਅਸੀਂ ਪਰੂਦੋਂ ਦੀ ਰਚਨਾ 'ਕੰਗਾਲੀ ਦਾ ਫ਼ਲਸਫ਼ਾ' (Philosophie de la Misere)

ਨੂੰ ਇਸ ਰੂਪ ਦੇ ਇੱਕ ਉਦਾਹਰਣ ਵਜੋਂ ਪੇਸ਼ ਕਰ ਸਕਦੇ ਹਾਂ।

ਸੋਸ਼ਲਿਸਟ ਕਿਸਮ ਦੇ ਬੁਰਜੂਆ ਲੋਕ ਇਹਨਾਂ ਤੋਂ ਲਾਜ਼ਮੀ ਤੌਰ ’ਤੇ ਨਿਕਲਦੇ ਘੋਲਾਂ ਅਤੇ ਖ਼ਤਰਿਆਂ ਤੋਂ ਬਿਨਾਂ ਆਧੁਨਿਕ ਸਮਾਜਕ ਪ੍ਰਸਥਿਤੀਆਂ ਦੇ ਸਾਰੇ ਲਾਭ ਚਾਹੁੰਦੇ ਹਨ। ਉਹ ਸਮਾਜ ਦੀ ਵਿਦਮਾਨ ਅਵਸਥਾ ਦੀ ਇੱਛਾ ਕਰਦੇ ਹਨ, ਬਿਨਾਂ ਇਸਦੇ ਇਨਕਲਾਬੀ ਅਤੇ ਖੇਰੂੰ-ਖੇਰੂੰ ਕਰਨ ਵਾਲੇ ਅੰਸ਼ਾਂ ਦੇ। ਉਹ ਪ੍ਰੋਲਤਾਰੀ ਤੋਂ ਬਿਨਾਂ ਬੁਰਜੂਆਜ਼ੀ ਦੀ ਇੱਛਾ ਕਰਦੇ ਹਨ। ਸੁਭਾਵਕ ਹੀ, ਬੁਰਜੂਆਜ਼ੀ ਇੱਕ ਅਜਿਹੇ ਸੰਸਾਰ ਨੂੰ ਸਰਵਉਤਮ ਸਮਝਦੀ ਹੈ, ਜਿਸ ਵਿੱਚ ਉਹ ਸਰਵਉਚ ਹੈ; ਅਤੇ ਬੁਰਜੂਆ ਸੋਸ਼ਲਿਜ਼ਮ ਇਸ ਸੁਖਦਾਈ ਸੰਕਲਪ ਦਾ ਵਿਕਾਸ ਕਰਕੇ ਇਸਨੂੰ ਵੱਖੋ-ਵੱਖ ਘੱਟ ਜਾਂ ਵਧ ਪੂਰਨ ਪ੍ਰਣਾਲੀਆਂ ਦਾ ਰੂਪ ਦੇਂਦਾ ਹੈ। ਇਹ ਮੰਗ ਕਰਦਿਆਂ ਕਿ ਪ੍ਰੋਲਤਾਰੀ ਇਹੋ ਜਿਹੀ ਪ੍ਰਣਾਲੀ ਨੂੰ ਅਮਲ ਵਿੱਚ ਲਿਆਉਣ, ਅਤੇ ਇਉਂ ਸਿੱਧੇ ਸਮਾਜਕ ਨਵੇਂ-ਜੇਰੂਸਲਮ ਵਿਚ ਜਾ ਵੜਨ, ਇਹ ਹਕੀਕਤ ਵਿੱਚ ਸਿਰਫ਼ ਇਹ ਚਾਹੁੰਦਾ ਹੈ ਕਿ ਪ੍ਰੋਲਤਾਰੀ ਵਿਦਮਾਨ ਸਮਾਜ ਦੀਆਂ ਹੱਦਾਂ ਦੇ ਅੰਦਰ ਰਹਿਣ, ਪਰ ਬੁਰਜੂਆਜ਼ੀ ਸਬੰਧੀ ਆਪਣੇ ਸਾਰੇ ਘ੍ਰਿਣਤ ਵਿਚਾਰਾਂ ਨੂੰ ਤਿਆਗ ਦੇਣ।

ਸੋਸ਼ਲਿਜ਼ਮ ਦਾ ਇੱਕ ਦੂਜਾ ਅਤੇ ਵਧੇਰੇ ਅਮਲੀ, ਪਰ ਘੱਟ ਬਾਕਾਇਦਾ ਰੂਪ ਮਜ਼ਦੂਰ ਸ਼੍ਰੇਣੀ ਦੀਆਂ ਨਜ਼ਰਾਂ ਵਿੱਚ ਹਰ ਇਨਕਲਾਬੀ ਲਹਿਰ ਨੂੰ ਡੇਗਣ ਦੀ ਕੋਸ਼ਿਸ਼ ਕਰਦਾ ਸੀ, ਇਹ ਸਿੱਧ ਕਰਦਿਆਂ ਕਿ ਸਿਰਫ਼ ਰਾਜਸੀ ਸੁਧਾਰ ਨਹੀਂ, ਸਗੋਂ ਹੋਂਦ ਦੀਆਂ ਪਦਾਰਥਕ ਪ੍ਰਸਥਿਤੀਆਂ ਵਿੱਚ, ਆਰਥਕ ਸਬੰਧਾਂ ਵਿੱਚ ਤਬਦੀਲੀ ਹੀ ਉਹਨਾਂ ਨੂੰ ਕੋਈ ਲਾਭ ਪੁਚਾ ਸਕਦੀ ਹੈ। ਪਰ ਹੋਂਦ ਦੀਆਂ ਪਦਾਰਥਕ ਪ੍ਰਸਥਿਤੀਆਂ ਵਿੱਚ ਤਬਦੀਲੀ ਤੋਂ ਸੋਸ਼ਲਿਜ਼ਮ ਦੇ ਇਸ ਰੂਪ ਦਾ ਮਤਲਬ ਉਤਪਾਦਨ ਦੇ ਬੁਰਜੂਆ ਸਬੰਧਾਂ ਦਾ ਖ਼ਾਤਮਾ ਬਿਲਕੁਲ ਨਹੀਂ ਹੁੰਦਾ, ਜਿਹੜਾ ਖ਼ਾਤਮਾ ਕਿ ਸਿਰਫ਼ ਇਨਕਲਾਬ ਰਾਹੀਂ ਹੀ ਕੀਤਾ ਜਾ ਸਕਦਾ ਹੈ, ਸਗੋਂ ਇਸਦਾ ਮਤਲਬ ਇਹਨਾਂ ਸਬੰਧਾਂ ਦੀ ਲਗਾਤਾਰ ਹੋਂਦ ’ਤੇ ਅਧਾਰਿਤ ਪ੍ਰਬੰਧਕ ਸੁਧਾਰਾਂ ਤੋਂ ਹੁੰਦਾ ਹੈ; ਇਸ ਲਈ, ਅਜਿਹੇ ਸੁਧਾਰ ਜਿਹੜੇ ਸਰਮਾਏ ਅਤੇ ਕਿਰਤ ਵਿਚਕਾਰ ਸਬੰਧਾਂ ’ਤੇ ਕੋਈ ਅਸਰ ਨਹੀਂ ਪਾਉਂਦੇ ਸਗੋਂ, ਵੱਧ ਤੋਂ ਵੱਧ, ਬੁਰਜੂਆ ਸਰਕਾਰ ਦੇ ਖ਼ਰਚੇ ਨੂੰ ਘਟਾ ਦੇਂਦੇ ਹਨ ਅਤੇ ਇਸਦੇ ਪ੍ਰਬੰਧਕ ਕੰਮ ਨੂੰ ਸਰਲ ਬਣਾ ਦੇਂਦੇ ਹਨ।

ਬੁਰਜੂਆ ਸੋਸ਼ਲਿਜ਼ਮ ਦਾ ਯੋਗ ਪ੍ਰਗਟਾਅ ਸਿਰਫ਼ ਉਦੋਂ ਹੁੰਦਾ ਹੈ ਜਦੋਂ ਇਹ ਸਿਰਫ਼ ਇਕ ਅਲੰਕਾਰ ਬਣ ਕੇ ਰਹਿ ਜਾਂਦਾ ਹੈ।

ਆਜ਼ਾਦ ਵਪਾਰ : ਮਜ਼ਦੂਰ ਸ਼੍ਰੇਣੀ ਦੇ ਭਲੇ ਲਈ। ਰੱਖਿਅਕ ਤੱਟ-ਕਰ ਮਜ਼ਦੂਰ ਸ਼੍ਰੇਣੀ ਦੇ ਭਲੇ ਲਈ। ਜੇਲ੍ਹ ਸੁਧਾਰ : ਮਜ਼ਦੂਰ ਸ਼੍ਰੇਣੀ ਦੇ ਭਲੇ ਲਈ। ਬੁਰਜੂਆ ਸੋਸ਼ਲਿਜ਼ਮ ਦਾ ਇਹ ਆਖ਼ਰੀ ਸ਼ਬਦ ਹੈ ਅਤੇ ਇੱਕੋ ਇੱਕ ਸ਼ਬਦ ਹੈ ਜਿਸਨੂੰ ਇਹ ਗੰਭੀਰਤਾ ਨਾਲ ਲੈਂਦਾ ਹੈ।

ਇਸਦਾ ਨਿਚੋੜ ਇਸ ਵਾਕ ਵਿਚ ਕੱਢਿਆ ਜਾ ਸਕਦਾ ਹੈ : ਬੁਰਜੂਆ ਬੁਰਜੂਆ ਹੈ — ਮਜ਼ਦੂਰ ਸ਼੍ਰੇਣੀ ਦੇ ਭਲੇ ਲਈ।” (ਉਪਰੋਕਤ, ਪੰਨਾ 89-90)

ਪਾਠਕ ਖੁਦ ਨਿੱਕ ਬੁਰਜੂਆ ਅਤੇ ਬੁਰਜੂਆ ਸਮਾਜਵਾਦ ਦੀ ‘ਲਾਲ ਪਰਚਮ’ ਦੀ ਮੌਲਿਕ ਪਰਿਭਾਸ਼ਾ ਅਤੇ ਮਾਰਕਸ ਅਤੇ ਏਂਗਲਜ਼ ਦੁਆਰਾ ਦਿੱਤੀ ਪਰਿਭਾਸ਼ਾ ਵਿੱਚ ਫਰਕ

ਦੇਖ ਸਕਦੇ ਹਨ। ਪਿਛਲੀ ਵਾਰ (ਪ੍ਰਤੀਬੱਧ ਜੁਲਾਈ, 2010) ਜਦੋਂ ਅਸੀਂ ਇਹ ਲਿਖਿਆ ਸੀ ਕਿ, "ਲਾਲ ਪਰਚਮ ਦੇ ਲੇਖਕ ਜੀਓ ਕਦੇ ਕਦੇ ਇਹਨਾਂ ਮਹਾਨ ਆਗੂਆਂ (ਮਾਰਕਸ, ਏਂਗਲਜ਼, ਲੈਨਿਨ, ਸਤਾਲਿਨ, ਮਾਓ) ਦੀਆਂ ਲਿਖਤਾਂ ਦੇ ਪੰਨੇ ਵੀ ਪਲਟ ਲਿਆ ਕਰੋ।' ਤਾਂ ਸਾਡੇ ਇਸ ਦੋਸਤਾਨਾ ਸੁਝਾਅ ਨੂੰ 'ਲਾਲ ਪਰਚਮ' ਨੇ 'ਗਰੂਰ ਭਰੀ ਨਸੀਹਤ ਦੱਸਿਆ' (ਲਾਲ ਪਰਚਮ ਜਨਵਰੀ-ਫਰਵਰੀ, 2011) ਸੀ ਅਤੇ ਨਾਲ਼ ਹੀ ਇਹ ਵੀ ਕਿਹਾ ਸੀ 'ਅਸੀਂ ਇਸ ਉੱਪਰ ਅਮਲ ਕਰਨ ਲਈ ਹਮੇਸ਼ਾ ਤਿਆਰ ਹਾਂ ਅਤੇ ਇਸ ਸਬੰਧੀ ਕੋਸ਼ਿਸ਼ ਵੀ ਕਰਾਂਗੇ।' (ਉਪਰੋਕਤ)। ਪਰ ਲਗਦਾ ਹੈ ਉਹਨਾਂ ਅਜਿਹਾ ਕੀਤਾ ਨਹੀਂ। ਜੇਕਰ ਉਹਨਾਂ ਨੇ ਸਾਡੇ ਦੋਸਤਾਨਾ ਸੁਝਾਅ ਨੂੰ 'ਗਰੂਰ ਭਰੀ ਨਸੀਹਤ' ਨਾ ਸਮਝਿਆ ਹੁੰਦਾ ਅਤੇ ਸਾਡੇ ਸੁਝਾਅ ਉੱਪਰ ਅਮਲ ਕੀਤਾ ਹੁੰਦਾ ਤਾਂ ਉਹਨਾਂ ਨੇ ਬੁਰਜੂਆ ਨਿੱਕ ਬੁਰਜੂਆ ਸਮਾਜਵਾਦ ਦੀ ਆਪਣੀ ਗੈਰ-ਵਿਗਿਆਨਕ, ਪਰ ਮੌਲਿਕ ਪਰਿਭਾਸ਼ਾ ਦੇਣ ਦੀ ਬਜਾਏ ਮਾਰਕਸ-ਏਂਗਲਜ਼ ਦੁਆਰਾ ਦਿੱਤੀ ਵਿਗਿਆਨਕ ਪਰਿਭਾਸ਼ਾ ਦਿੱਤੀ ਹੁੰਦੀ।

## 'ਮਜ਼ਦੂਰ ਮੰਗ ਪੱਤਰ - 2011' ਬਾਰੇ

ਲਾਲ ਪਰਚਮ ਨੇ ਵਰਤਮਾਨ ਬਹਿਸ ਵਿੱਚ ਪ੍ਰਤੀਬੱਧ ਦੀ ਟਿੱਪਣੀ (ਜੁਲਾਈ-2010) ਦਾ ਕਾਫ਼ੀ ਦੇਰ ਨਾਲ਼ ਜਵਾਬ ਦਿੱਤਾ। ਇਸ ਦੇ ਉਸਨੇ ਕਈ ਕਾਰਨ ਦੱਸੇ ਹਨ। ਪਰ ਅਸਲ ਕਾਰਨ ਇਹ ਸੀ ਕਿ ਪ੍ਰਤੀਬੱਧ ਦੀ ਟਿੱਪਣੀ ਤੋਂ ਬਾਅਦ ਲਾਲ ਪਰਚਮ ਕੋਲ ਕਹਿਣ ਲਈ ਕੁਝ ਰਹਿ ਹੀ ਨਹੀਂ ਸੀ ਗਿਆ। ਜਿਵੇਂ ਕਿ ਉਸ ਦੇ ਤਾਜ਼ਾ ਲੇਖ (ਜਨਵਰੀ-ਫਰਵਰੀ 2011) ਤੋਂ ਵੀ ਸਪਸ਼ਟ ਹੈ। ਇਸ ਬਹਿਸ ਨੂੰ ਬੜੇ ਗਹੁ ਅਤੇ ਦਿਲਚਸਪੀ ਨਾਲ਼ ਪੜ੍ਹਨ ਵਾਲ਼ੇ 'ਪ੍ਰਤੀਬੱਧ' ਦੇ ਪਾਠਕ 'ਲਾਲ ਪਰਚਮ' ਦਾ ਜਵਾਬ ਉਡੀਕਦੇ ਉਡੀਕਦੇ ਨਾਉਮੀਦ ਹੋ ਚੁੱਕੇ ਸਨ। ਪਰ ਇਸੇ ਦੌਰਾਨ ਲਾਲ ਪਰਚਮ ਦੇ ਲੇਖਕ ਨੂੰ 'ਮਜ਼ਦੂਰ ਮੰਗ ਪੱਤਰ 2011' ਮਿਲ਼ ਗਿਆ। ਇਸ ਵਿੱਚ ਉਸ ਨੂੰ ਮਜ਼ਦੂਰ ਘਰਾਂ ਦੇ ਸਵਾਲ ਉੱਪਰ 'ਪ੍ਰਤੀਬੱਧ' ਅਤੇ 'ਮੰਗ ਪੱਤਰ' ਦੀਆਂ ਪੋਜ਼ੀਸ਼ਨਾਂ 'ਚ ਵਿਰੋਧ ਦਿਖਾਈ ਦਿੱਤਾ। ਬੱਸ ਫੇਰ ਕੀ ਸੀ 'ਲਾਲ ਪਰਚਮ' ਫਿਰ ਤੋਂ ਬਹਿਸ ਦੇ ਮੈਦਾਨ ਵਿੱਚ ਨਿੱਤਰ ਆਇਆ।

'ਮਜ਼ਦੂਰ ਮੰਗ ਪੱਤਰ 2011' ਦਾ ਬੇਸ਼ੱਕ 'ਪ੍ਰਤੀਬੱਧ' ਨਾਲ਼ ਕੋਈ ਸਿੱਧਾ ਸਬੰਧ ਨਹੀਂ ਹੈ। ਪਰ ਅਸੀਂ ਇਹ ਮੰਗ ਪੱਤਰ ਪੜ੍ਹਿਆ ਹੈ ਅਤੇ ਇਸ ਵਿੱਚ ਮਜ਼ਦੂਰਾਂ ਦੀਆਂ ਜੋ ਵੀ ਮੰਗਾਂ ਉਠਾਈਆਂ ਗਈਆਂ ਉਹਨਾਂ ਨਾਲ਼ ਸਾਡੀ ਪੂਰਨ ਸਹਿਮਤੀ ਹੈ। ਇਸ ਮੰਗ ਪੱਤਰ ਦਾ ਡਰਾਫਟ ਸਾਨੂੰ ਮਿਲਿਆ ਸੀ। ਜਿਸ ਵਿੱਚ ਮਜ਼ਦੂਰ ਘਰਾਂ ਦੀ ਮੰਗ ਨੂੰ ਜਿਸ ਢੰਗ ਨਾਲ਼ ਰੱਖਿਆ ਗਿਆ ਸੀ ਉਸ ਨਾਲ਼ ਸਾਡੀ ਸਹਿਮਤੀ ਨਹੀਂ ਸੀ। ਅਸੀਂ ਇਸ ਸਬੰਧੀ 'ਮਜ਼ਦੂਰ ਮੰਗ ਪੱਤਰ ਅੰਦੋਲਨ 2011' ਦੀ ਸੰਚਾਲਨ ਕਮੇਟੀ ਨਾਲ਼ ਵਿਚਾਰ ਵਟਾਂਦਰਾ ਕੀਤਾ, ਜਿਸ ਵਿੱਚ ਪ੍ਰਤੀਬੱਧ ਦੀ ਜੋ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਸਮਝ ਸੀ ਉਸ ਉੱਪਰ ਸਹਿਮਤੀ ਬਣੀ। ਪਰ ਜਦੋਂ ਇਹ ਖਰੜਾ ਛਪਣ ਲਈ ਗਿਆ, ਤਾਂ ਉਸ ਵਿੱਚ ਗਲਤੀ ਨਾਲ਼ ਮਜ਼ਦੂਰ

ਘਰਾਂ ਦੇ ਸਵਾਲ ਉੱਪਰ ਕੁਝ ਗਲਤ ਗੱਲਾਂ ਚਲੀਆਂ ਗਈਆਂ। ਇਸ ਲਈ ਸੰਚਾਲਨ ਕਮੇਟੀ ਨੇ ਪੂਰੇ ਵਿਗਿਆਨਕ ਸਾਹਸ ਨਾਲ਼ ਆਤਮ ਅਲੋਚਨਾ ਕੀਤੀ ਅਤੇ 'ਮੰਗ ਪੱਤਰ' ਦੇ ਅਗਲੇ ਐਡੀਸ਼ਨ ਵਿੱਚ ਇਸ ਨੂੰ ਠੀਕ ਕਰਨ ਦਾ ਵਾਅਦਾ ਕੀਤਾ।

'ਪ੍ਰਤੀਬੱਧ' ਅਤੇ ਮੰਗ ਪੱਤਰ ਦੀ ਇਸ ਪੋਜ਼ੀਸ਼ਨ 'ਚ ਵਿਰੋਧ ਦੀ ਚਰਚਾ ਕਰਦੇ ਹੋਏ 'ਲਾਲ ਪਰਚਮ' ਕਹਿੰਦਾ ਹੈ, "ਇਸ ਦਾ (ਲਾਲ ਪਰਚਮ ਦਾ) ਅਮਲ ਪ੍ਰਤੀਬੱਧ ਧਿਰ ਵਾਂਗ ਨਹੀਂ ਜੋ ਇਕ ਸਮੇਂ ਕਹਿ ਕੁਝ ਹੋਰ ਰਹੀ ਹੁੰਦੀ ਹੈ ਪਰ ਕਰ ਕੁਝ ਹੋਰ ਰਹੀ ਹੁੰਦੀ ਹੈ। ਹੋ ਸਕਦਾ ਹੈ ਕਿ ਪ੍ਰਤੀਬੱਧ ਦੇ ਲੇਖਕ ਸਾਡੇ ਇਸ ਕਥਨ ਉੱਪਰ ਅੱਗ ਬਬੂਲਾ ਹੋ ਉੱਠਣ ਅਤੇ ਝੂਠ ਝੂਠ ਦਾ ਸ਼ੋਰ ਪਾਉਣਾ ਸ਼ੁਰੂ ਕਰ ਦੇਣ।' 'ਲਾਲ ਪਰਚਮ' ਦੇ ਲੇਖਕ ਜੀ ਤੁਹਾਡੇ ਉਪਰੋਕਤ ਕਥਨ ਵਿੱਚ ਸਾਡੇ ਪ੍ਰਤੀ ਤੁਹਾਡੇ ਤੁਅੱਸਬ ਹੀ ਕੰਮ ਕਰ ਰਹੇ ਹਨ। ਪਹਿਲੀ ਗੱਲ ਅਸੀਂ ਤਿੱਖੀ ਤੋਂ ਤਿੱਖੀ ਅਲੋਚਨਾ 'ਤੇ ਵੀ ਬਿਲਕੁਲ ਵੀ ਅੱਗ ਬਬੂਲਾ ਨਹੀਂ ਹੁੰਦੇ। **ਜੇਕਰ ਅਸੀਂ ਹੋਰਾਂ ਦੀ ਤਿੱਖੀ ਆਲੋਚਨਾ ਕਰਦੇ ਹਾਂ ਤਾਂ ਤਿੱਖੀ ਅਲੋਚਨਾ ਸੁਣਨ ਦਾ ਵੀ ਜੇਰਾ ਰੱਖਦੇ ਹਾਂ।** ਅੱਗ ਬਬੂਲਾ ਹੋਣਾ ਤਾਂ ਇੱਕ ਪਾਸੇ ਸਾਡੀ ਗਲਤੀ ਸਾਡੇ ਧਿਆਨ ਵਿੱਚ ਲਿਆਉਣ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ। ਰਹੀ 'ਝੂਠ-ਝੂਠ ਦਾ ਸ਼ੋਰ' ਪਾਉਣ ਦੀ ਗੱਲ। ਇਸ ਬਾਰੇ ਪਹਿਲੀ ਗੱਲ ਤਾਂ ਇਹ ਹੈ ਕਿ ਜੇਕਰ ਤੁਸੀਂ ਝੂਠ ਬੋਲਿਆ ਵੀ ਹੁੰਦਾ ਤਾਂ ਵੀ ਅਸੀਂ 'ਝੂਠ ਝੂਠ ਦਾ ਸ਼ੋਰ' ਨਹੀਂ ਪਾਉਣਾ ਸੀ। ਅਸੀਂ ਬਾਦਲੀਲ ਅਤੇ ਤੱਥਾਂ ਸਹਿਤ ਤੁਹਾਡੇ ਝੂਠ ਨੂੰ ਰੱਦ ਕਰਦੇ। **ਇਹੋ ਪ੍ਰਤੀਬੱਧ ਦੀ ਰਵਾਇਤ ਹੈ।** ਪਰ ਇਸ ਮਾਮਲੇ 'ਚ ਤੁਸੀਂ ਝੂਠ ਨਹੀਂ ਬੋਲਿਆ। ਤੁਸੀਂ ਮਜ਼ਦੂਰ ਘਰਾਂ ਦੇ ਸਵਾਲ ਉੱਪਰ ਪ੍ਰਤੀਬੱਧ ਅਤੇ 'ਮੰਗ ਪੱਤਰ' ਦੀ ਪੋਜ਼ੀਸ਼ਨ ਦਰਮਿਆਨ ਠੀਕ ਹੀ ਵਿਰੋਧ ਫੜਨ ਦੀ ਕੋਸ਼ਿਸ਼ ਕੀਤੀ ਹੈ। **ਬੇਝਿਜਕ ਆਪਣੀਆਂ ਗਲਤੀਆਂ ਨੂੰ ਪ੍ਰਵਾਨ ਕਰਨਾ, ਉਹਨਾਂ ਗਲਤੀਆਂ ਹੋਣ ਪਿੱਛੇ ਦੇ ਬੁਨਿਆਦੀ ਕਾਰਨਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਉਹਨਾਂ ਨੂੰ ਦੁਹਰਾਉਣ ਤੋਂ ਬਚਣਾ ਹੀ ਕਮਿਊਨਿਸਟ ਤਰੀਕਾਕਾਰ ਹੈ। ਅਤੇ ਪ੍ਰਤੀਬੱਧ ਇਸੇ ਤਰੀਕਾਕਾਰ ਦਾ ਕਾਇਲ ਹੈ।** ਪਰ ਲਾਲ ਪਰਚਮ ਦੇ ਲੇਖਕ ਜੀ ਮੰਗ ਪੱਤਰ ਵਿਚਲੀ ਅਸਲ ਗਲਤੀ ਤੁਹਾਥੋਂ ਫੜੀ ਨਹੀਂ ਗਈ। (ਪਰ 'ਲਾਲ ਪਰਚਮ' ਦੇ ਧਿਆਨ ਦਿਵਾਉਣ ਤੋਂ ਬਾਅਦ ਅਸੀਂ ਖੁਦ ਅਸਲ ਗਲਤੀ ਜਾਣ ਸਕੇ) ਮੰਗ ਪੱਤਰ ਦੇ ਜਿਸ ਹਿੱਸੇ ਦਾ ਤੁਸੀਂ ਹਵਾਲਾ ਦਿੱਤਾ ਹੈ, ਉਸ ਵਿੱਚ ਤਾਂ ਸਪਸ਼ਟ ਲਿਖਿਆ ਹੈ ਕਿ 'ਸਰਕਾਰ ਸ਼ਹਿਰੀਆਂ ਨੂੰ ਪਲਾਟ ਜਾਂ ਘਰ ਉੱਤੇ ਨਿੱਜੀ ਮਾਲਕੀ ਨਾ ਦੇਵੇ, ਬਲਕਿ ਘਰ ਬਣਾ ਕੇ ਉਹਨਾਂ ਨੂੰ ਅਲਾਟ ਕਰੇ। ਜੇ ਅਸੀਂ ਲਾਲ ਪਰਚਮ ਦੀ ਤਰ੍ਹਾਂ ਆਪਣੀਆਂ ਗਲਤੀਆਂ ਨੂੰ ਢਕਣ ਲਈ ਕੁਤਰਕ ਕਰਨ ਦਾ ਤਰੀਕਾ ਅਪਨਾਉਣਾ ਹੋਵੇ ਤਾਂ ਇਸੇ ਅਧਾਰ 'ਤੇ ਕੀਤਾ ਜਾ ਸਕਦਾ ਸੀ। ਪਰ ਇਹੋ ਜਿਹੇ ਤੌਰ ਤਰੀਕੇ ਕਮਿਊਨਿਸਟਾਂ ਨੂੰ ਸ਼ੋਭਾ ਨਹੀਂ ਦਿੰਦੇ। ਮੰਗ ਪੱਤਰ ਵਿੱਚ ਅਸਲ ਗੜਬੜ ਕਿੱਥੇ ਹੈ ਉਹ ਅਸੀਂ ਦੱਸਦੇ ਹਾਂ। ਇਹ ਹੈ ਮੰਗ ਪੱਤਰ ਦੀ ਧਾਰਾ 14 ਦੀ ਉੱਪ ਧਾਰਾ (ii) ਦੀ ਉਪ ਧਾਰਾ ਙ। ਜਿੱਥੇ ਲਿਖਿਆ ਹੈ, "ਤੈਅਸ਼ੁਦਾ ਅਰਸੇ ਅੰਦਰ ਸਾਰੇ ਬੀ. ਪੀ. ਐਲ. ਕਾਰਡ ਵਾਲ਼ੇ ਪਰਿਵਾਰਾਂ ਨੂੰ ਅਤਿਅੰਤ ਸਸਤੀਆਂ ਦਰਾਂ ਉੱਤੇ (ਕਿਸ਼ਤਾਂ ਵਿੱਚ ਭੁਗਤਾਨ ਅਤੇ ਨਾਂਮਾਤਰ ਵਿਆਜ ਵਾਲ਼ੀ ਕਰਜ ਸਹੂਲਤ ਦੇ ਨਾਲ਼) ਅਵਾਸ ਉਪਲਬਧ ਕਰਾਉਣ ਲਈ ਸਰਕਾਰ ਨੂੰ ਸੰਵਿਧਾਨਕ ਰੂਪ

’ਚ ਵਚਨਬੱਧ ਹੋਣਾ ਚਾਹੀਦਾ ਹੈ। (ਹਿੰਦੀ ਤੋਂ ਅਨੁਵਾਦ ਸਾਡਾ)” ਇਹ ਹੈ ਮੰਗ ਪੱਤਰ ’ਚ ਮਜ਼ਦੂਰ ਘਰਾਂ ਸਬੰਧੀ ਗਲਤੀ ਜੋ ਕਿ ਅਗਲੇ ਐਡੀਸ਼ਨ ਵਿੱਚ ਦੂਰ ਕਰ ਲਈ ਜਾਵੇਗੀ।

‘ਮਜ਼ਦੂਰ ਮੰਗ ਪੱਤਰ 2011’ ਬਾਰੇ ਲਾਲ ਪਰਚਮ ਨੂੰ ਹੋਰ ਵੀ ਬਹੁਤ ਸਾਰੇ ਇਤਰਾਜ਼ ਹਨ। ਇਸ ‘ਮੰਗ ਪੱਤਰ’ ਦੇ ਸਮੁੱਚੇ ਮੁਲੰਕਣ ਲਈ ਉਹ ਵੱਖਰੇ ਆਰਟੀਕਲ ਦੀ ਲੋੜ ਵੀ ਮਹਿਸੂਸ ਕਰਦਾ ਹੈ। ਸਾਨੂੰ ਪਰਚਮ ਦੇ ਇਸ ਆਰਟੀਕਲ ਦਾ ਇੰਤਜ਼ਾਰ ਰਹੇਗਾ। ਪਰ ਕੀ ਸਾਡਾ ਇਹ ਇੰਤਜ਼ਾਰ ਕਦੇ ਖਤਮ ਹੋਵੇਗਾ ? ਪੂਰੇ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਇੰਤਜ਼ਾਰ ਕਦੇ ਖਤਮ ਨਹੀਂ ਹੋਵੇਗਾ।

‘ਮਜ਼ਦੂਰ ਮੰਗ ਪੱਤਰ 2011’ ਵਿੱਚ ਦਰਜ ਜ਼ਿਆਦਾਤਰ ਮੰਗਾਂ ਭਾਰਤ ਦੀ ਮਜ਼ਦੂਰ ਜਮਾਤ ਦੀਆਂ ਸਿਆਸੀ ਮੰਗਾਂ ਹਨ। ਇਸ ਵਿੱਚ ਜੋ ਆਰਥਿਕ ਮੰਗਾਂ ਵੀ ਦਰਜ ਹਨ, ਉਹ ਮੰਗਾਂ ਕਿਸੇ ਇੱਕ ਫੈਕਟਰੀ ਦੇ ਮਾਲਕਾਂ ਤੋਂ ਉਸ ਦੇ ਮਜ਼ਦੂਰਾਂ ਵੱਲੋਂ ਕੀਤੀਆਂ ਜਾਣ ਵਾਲ਼ੀਆਂ ਮੰਗਾਂ ਨਹੀਂ ਹਨ, ਸਗੋਂ ਸਮੁੱਚੀ ਮਜ਼ਦੂਰ ਜਮਾਤ ਵੱਲੋਂ, ਸਮੁੱਚੀ ਸਰਮਾਏਦਾਰ ਜਮਾਤ ਅਤੇ ਉਸ ਦੀ ਰਾਜ ਸੱਤਾ ਤੋਂ ਕੀਤੀਆਂ ਜਾਣ ਵਾਲੀਆਂ ਮੰਗਾਂ ਹਨ। ਇਸ ਲਈ ਇਹਨਾਂ ਮੰਗਾਂ ਦਾ ਖਾਸਾ ਵੀ ਸਿਆਸੀ ਹੀ ਹੈ। ਇਹ ‘ਮੰਗ ਪੱਤਰ’ ਮਜ਼ਦੂਰ ਲਹਿਰ ਨੂੰ ਆਰਥਿਕਤਾਵਾਦ, ਸਥਾਨਕਤਾਵਾਦ ਦੀਆਂ ਤੰਗ ਵਲਗਣਾ ਤੋਂ ਮੁਕਤ ਕਰਕੇ ਮਜ਼ਦੂਰਾਂ ਦੀ ਇੱਕ ਦੇਸ਼ ਵਿਆਪੀ ਸਿਆਸੀ ਜੱਦੋ ਜਹਿਦ ਵਿਕਸਤ ਕਰਨ ਦਾ ਦਸਤਾਵੇਜ਼ ਅਤੇ ਕੋਸ਼ਿਸ਼ ਹੈ। ਇਹ ਮੰਗ ਪੱਤਰ ਭਾਰਤ ਦੇ ਮਜ਼ਦੂਰ 1 ਮਈ, 2011 ਨੂੰ ਕੌਮਾਂਤਰੀ ਮਈ ਦਿਹਾੜੇ ਦੀ 125ਵੀਂ ਵਰ੍ਹੇਗੰਢ ਤੇ ਦੇਸ਼ ਦੀ ਪਾਰਲੀਮੈਂਟ ਨੂੰ ਦੇਣਗੇ। ‘ਲਾਲ ਪਰਚਮ’ ਨੂੰ ਸਭ ਤੋਂ ਵੱਡਾ ਇਤਰਾਜ਼ ਇਸ ਮੰਗ ਪੱਤਰ ਨੂੰ ਮਈ ਦਿਨ ਨਾਲ਼ ਜੋੜਨ ਸਬੰਧੀ ਹੈ। ਉਸ ਮੁਤਾਬਕ ‘ਮਈ ਦਿਨ ’ਤੇ ਮਜ਼ਦੂਰ ਜਮਾਤ ਆਰਥਿਕ ਜਾਂ ਅੰਸ਼ਕ ਮਸਲਿਆਂ/ਮੰਗਾਂ ਉੱਪਰ ਵਿਚਾਰ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਉਹ ਇਹਨਾਂ ਤੋਂ ਅੱਗੇ ਜਾ ਕੇ ਆਪਣੇ ਇਤਿਹਾਸਕ ਮਿਸ਼ਨ ਨੂੰ ਬੁਲੰਦ ਕਰਦੀ ਹੈ ਅਤੇ ਆਪਣੇ ਕੌਮਾਂਤਰੀ ਅਤੇ ਕੌਮੀ ਦੁਸ਼ਮਣਾਂ ਨੂੰ ਟਿੱਕਦੀ ਹੋਈ ਉਹਨਾਂ ਵੱਲੋਂ ਸਿਰਜੇ ਲੋਕ ਦੁਸ਼ਮਣ, ਜਾਬਰ ਅਤੇ ਪਿਛਾਂਹਖਿਚੂ ਸਿਆਸੀ ਸਮਾਜਿਕ ਢਾਂਚੇ ਨੂੰ ਮੁੱਢੋ-ਸੁੱਢੋਂ ਤਬਦੀਲ ਕਰਨ ਦਾ ਗਰਜਵਾਂ ਐਲਾਨ ਕਰਦੀ ਹੈ।’ (ਲਾਲ ਪਰਚਮ ਜਨਵਰੀ-ਫਰਵਰੀ 2011) **ਪਰ ਕੀ ‘ਮਜ਼ਦੂਰ ਮੰਗ ਪੱਤਰ 2011’ ਮਜ਼ਦੂਰਾਂ ਦੇ ਆਰਥਿਕ ਜਾਂ ਅੰਸ਼ਕ ਮਸਲੇ/ਮੰਗਾਂ ਹੀ ਸ਼ਾਮਿਲ ਹਨ ? ਇਹ ਮਾਰਕਸਵਾਦ ਦੀ ਕਿਹੜੀ ਕਿਤਾਬ ਵਿੱਚ ਲਿਖਿਆ ਹੈ ਕਿ ਮਈ ਦਿਨ ’ਤੇ ਮਜ਼ਦੂਰ ਜਮਾਤ ਨੂੰ ਹਾਕਮਾਂ ਅੱਗੇ ਆਪਣੀਆਂ ਆਰਥਿਕ ਅਤੇ ਸਿਆਸੀ ਮੰਗਾਂ ਨਹੀਂ ਰੱਖਣੀਆਂ ਚਾਹੀਦੀਆਂ ? ਖੁਦ ਇਤਿਹਾਸਕ ਮਈ ਦਿਨ ਪਿੱਛੇ ਵੀ ਜਿਹੜਾ ਮਜ਼ਦੂਰ ਸੰਘਰਸ਼ ਸੀ ਉਹ ਅੱਠ ਘੰਟੇ ਦੀ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਅਮਰੀਕਾ ’ਚ ਉੱਠਿਆ ਦੇਸ਼ ਵਿਆਪੀ ਮਜ਼ਦੂਰ ਉਭਾਰ ਸੀ। ਅਤੇ ਕੰਮ ਦੇ ਘੰਟੇ ਘਟਾਉਣ (ਫੌਰੀ ਤੌਰ ’ਤੇ ਅੱਠ ਘੰਟੇ ਦੀ ਕੰਮ ਦਿਹਾੜੀ ਕਰਨ ਅਤੇ ਦੂਰ ਰਸ ਤੌਰ ’ਤੇ ਛੇ ਘੰਟੇ ਦੀ ਕੰਮ ਦਿਹਾੜੀ ਕਰਨ) ਦੀ ਮੰਗ ‘ਮਜ਼ਦੂਰ ਮੰਗ ਪੱਤਰ 2011’ ਦੀ ਇੱਕ ਅਹਿਮ ਮੰਗ ਹੈ। 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਇੰਗਲੈਂਡ ਵਿੱਚ ਉੱਠੀ ਇਤਿਹਾਸਕ ਮਜ਼ਦੂਰ ਲਹਿਰ, ਜਿਸ ਨੂੰ ਚਾਰਟਿਸਟ ਲਹਿਰ ਦੇ ਨਾਂ ਨਾਲ ਜਾਣਿਆਂ**

**ਜਾਂਦਾ ਹੈ, ਦੇ ਮੰਗ ਪੱਤਰ ਵਿੱਚ ਅਜਿਹੀਆਂ ਹੀ ਬਹੁਤ ਸਾਰੀਆਂ ਮੰਗਾਂ ਸਨ ਜਿਹੋ ਜਿਹੀਆਂ ਕਿ 'ਮਜ਼ਦੂਰ ਮੰਗ ਪੱਤਰ 2011' 'ਚ ਸ਼ਾਮਿਲ ਹਨ।**

ਅਗਲੀ ਗੱਲ ਇੱਕ ਇਹ 'ਮੰਗ ਪੱਤਰ' ਮਜ਼ਦੂਰਾਂ ਦੇ 'ਆਰਥਿਕ ਜਾਂ ਅੰਸ਼ਕ ਮਸਲਿਆਂ/ਮੰਗਾਂ ਉੱਪਰ ਵਿਚਾਰ ਕਰਨ ਤੱਕ ਸੀਮਤ' ਨਹੀਂ ਹੈ, ਸਗੋਂ ਇਹ ਭਾਰਤ ਦੇ ਮਜ਼ਦੂਰਾਂ ਦੀ ਸਿਆਸੀ ਲਾਮਬੰਦੀ ਦਾ ਜ਼ਰੀਆ ਹੈ।

## ਇਨਕਲਾਬੀ ਰਾਜਨੀਤੀ ਬਨਾਮ ਟਰੇਡ ਯੂਨੀਅਨ ਰਾਜਨੀਤੀ

ਆਪਣੇ ਲੇਖ (ਲਾਲ ਪਰਚਮ ਜਨਵਰੀ–ਫਰਵਰੀ–2011) ਦੇ ਉਪਰੋਕਤ ਉਪ ਸਿਰਲੇਖ ਵਿੱਚ 'ਲਾਲ ਪਰਚਮ' 'ਪ੍ਰਤੀਬੱਧ ਦੇ ਲੇਖਕ' ਅਤੇ ਕਾਮਰੇਡ ਸੁਖਦੇਵ ਦੇ ਵਿਚਾਰਾਂ ਨੂੰ ਇੱਕ ਦੂਜੇ ਦੇ ਵਿਰੋਧ ਵਿੱਚ ਖੜ੍ਹੇ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦ ਕਿ ਹਕੀਕਤ ਇਹ ਨਹੀਂ ਹੈ। ਪਾਠਕ 'ਪ੍ਰਤੀਬੱਧ' ਦੇ ਜੁਲਾਈ 2010 ਅੰਕ ਵਿੱਚ ਦੋਵੇਂ ਲੇਖ ਪੜ੍ਹਕੇ ਦੇਖ ਸਕਦੇ ਹਨ। ਇਸ ਸਵਾਲ 'ਤੇ ਪੁਰਾਣੀਆਂ ਗੱਲਾਂ ਨੂੰ ਮੁੜ ਦੁਹਰਾਉਣ ਦੀ ਕੋਈ ਲੋੜ ਨਹੀਂ ਮਹਿਸੂਸ ਹੁੰਦੀ।

ਇੱਥੇ ਹੀ ਲਾਲ ਪਰਚਮ ਸਾਥੋਂ ਇੱਕ ਹੋਰ ਸਵਾਲ ਦਾ ਜਵਾਬ ਮੰਗਦਾ ਹੈ। ਉਹ ਪੁੱਛਦਾ ਹੈ, "ਅਸੀਂ ਪ੍ਰਤੀਬੱਧ ਦੇ ਲੇਖਕਾਂ ਨੂੰ ਇਹ ਪੁੱਛਣਾ ਚਾਹਾਂਗੇ ਕਿ ਤੁਹਾਡੇ ਤਰਕ ਮੁਤਾਬਿਕ ਕੀ ਘਰਾਂ ਦੀ ਮੰਗ ਵਾਂਗ ਮੁਫਤ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਗਰੰਟੀ ਕਰਨ ਦੀ ਮੰਗ ਮੰਨੇ ਜਾਣ ਨਾਲ਼ ਮਜ਼ਦੂਰਾਂ ਦੀਆਂ ਉਜ਼ਰਤਾਂ ਵਿੱਚ ਕਮੀ ਨਹੀਂ ਹੋਵੇਗੀ ?...ਕੀ ਘਰਾਂ ਦੀ ਮੰਗ ਵਾਲ਼ਾ ਤਰਕ ਸਿੱਖਿਆ ਅਤੇ ਸਿਹਤ ਸਹੂਲਤਾਂ ਉੱਪਰ ਲਾਗੂ ਨਹੀਂ ਹੋਵੇਗਾ ?" (ਲਾਲ ਪਰਚਮ, ਜਨਵਰੀ–ਫਰਬਰੀ 2011, ਪੰਨਾ 38) ਮਜ਼ਦੂਰ ਜਮਾਤ ਦੁਆਰਾ ਮੁਫਤ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਗਰੰਟੀ ਦੀ ਮੰਗ ਕਰਨਾ ਕਿਸੇ ਤਰ੍ਹਾਂ ਵੀ ਗਲਤ ਨਹੀਂ ਹੈ। ਬੁਰਜੂਆ ਰਾਜ ਸੱਤਾ ਜੇਕਰ ਮਜ਼ਦੂਰਾਂ ਨੂੰ ਇਹ ਸਹੂਲਤਾਂ ਦੇਣ 'ਤੇ ਖਰਚਾ ਕਰਦੀ ਹੈ ਤਾਂ ਅਜਿਹਾ ਉਹ ਮਜ਼ਦੂਰਾਂ ਤੋਂ ਨਿਚੋੜੀ ਵਾਫਰ ਕਦਰ ਦੁਆਰਾ ਹੀ ਕਰੇਗੀ। ਇਸ ਤਰ੍ਹਾਂ ਮਜ਼ਦੂਰ ਜਮਾਤ ਬੁਰਜੂਆਜ਼ੀ ਦੁਆਰਾ ਲੁੱਟੀ ਗਈ ਆਵਦੀ ਵਾਫਰ ਕਦਰ ਦਾ ਇੱਕ ਹਿੱਸਾ ਵਾਪਸ ਹਾਸਿਲ ਕਰ ਲਵੇਗੀ। ਜੇਕਰ ਸਿੱਖਿਆ ਦਾ ਪ੍ਰਸਾਰ ਹੁੰਦਾ ਹੈ ਤਾਂ ਇਸ ਨਾਲ਼ ਮਜ਼ਦੂਰਾਂ ਦੀ ਹੁਨਰਮੰਦੀ (Skill) ਵਿਕਸਤ ਹੋਵੇਗੀ ਅਤੇ ਉਹਨਾਂ ਦਾ ਸੱਭਿਆਚਾਰਕ ਵਿਕਾਸ ਵੀ ਹੋਵੇਗਾ। ਇਸ ਨਾਲ਼ ਨਿਰਪੇਖ ਰੂਪ 'ਚ ਹੁਨਰਮੰਦ (ਅਤੇ ਸਿਹਤਮੰਦ) ਮਜ਼ਦੂਰਾਂ ਦੀ ਉਜ਼ਰਤ ਵਧੇਗੀ (ਕਿਉਂਕਿ ਹੁਨਰਮੰਦ ਕਾਮੇ ਵਧੇਰੇ ਵਾਫਰ ਕਦਰ ਸਿਰਜਣਗੇ ਇਸ ਲਈ ਇਸ ਦੇ ਸਾਪੇਖ ਮਜ਼ਦੂਰਾਂ ਦੀ ਉਜ਼ਰਤ ਘਟੇਗੀ) ਅਤੇ ਮਜ਼ਦੂਰਾਂ ਦਾ ਜੀਵਨ ਪੱਧਰ ਸੁਧਰੇਗਾ। ਸਿੱਖਿਆ ਅਤੇ ਸਿਹਤ ਸਹੂਲਤਾਂ ਅੱਜ ਲੋਕਾਂ ਦੀਆਂ ਬੁਨਿਆਦੀ ਲੋੜਾਂ ਬਣ ਗਈਆਂ ਹਨ। ਪਰ ਬੁਰਜੂਆਜ਼ੀ ਲਈ ਇਹ ਖੇਤਰ ਵੀ ਆਪਣੀ ਪੂੰਜੀ ਦੇ ਲਾਹੇਵੰਦੇ ਨਿਵੇਸ਼ ਦੇ ਖੇਤਰ ਹਨ। ਉਹ ਹਰ ਚੀਜ਼ 'ਚੋਂ ਮੁਨਾਫਾ ਭਾਲ਼ਦੀ ਹੈ। ਇਸ ਲਈ ਪੂੰਜੀਵਾਦੀ ਢਾਂਚੇ ਵਿੱਚ ਇਹ ਸੰਭਵ ਹੀ ਨਹੀਂ ਕਿ ਉਹ

ਮਜ਼ਦੂਰਾਂ ਨੂੰ ਮੁਫਤ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਗਰੰਟੀ ਦੇ ਸਕੇ। ਜਿਹੜੇ ਵਿਕਸਤ ਪੂੰਜੀਵਾਦੀ ਦੇਸ਼ਾਂ ਵਿੱਚ ਇਹ ਸਹੂਲਤਾਂ ਲੋਕਾਂ ਨੂੰ ਦਿੱਤੀਆਂ (ਕੁਝ ਖਾਸ ਹਾਲਤਾਂ ਅੰਦਰ) ਜਾ ਰਹੀਆਂ ਸਨ, ਉੱਥੇ ਵੀ ਇਹਨਾਂ 'ਚ ਵੱਡੀ ਪੱਧਰ 'ਤੇ ਕਟੌਤੀ ਜਾਰੀ ਹੈ।

ਇਸ ਲਈ ਇਹਨਾਂ ਮੰਗਾਂ ਰਾਹੀਂ ਪੂੰਜੀਵਾਦੀ ਢਾਂਚੇ ਦਾ ਪਰਦਾਚਾਕ ਕੀਤਾ ਜਾ ਸਕਦਾ ਹੈ ਅਤੇ ਕਿਵੇਂ ਬਦਲਵੇਂ ਰਾਜ ਪ੍ਰਬੰਧ (ਸਮਾਜਵਾਦ) ਵਿੱਚ ਹੀ ਇਹ ਸਹੂਲਤਾਂ ਲੋਕਾਂ ਨੂੰ ਮਿਲ਼ ਸਕਦੀਆਂ ਹਨ, ਇਸਦਾ ਭਵਿੱਖ ਨਕਸ਼ਾ ਲੋਕਾਂ ਸਾਹਮਣੇ ਰੱਖਿਆ ਜਾ ਸਕਦਾ ਹੈ। ਪਰ ਮਜ਼ਦੂਰਾਂ ਲਈ ਘਰਾਂ ਦੇ ਰੂਪ ਵਿੱਚ (ਜਾਂ ਕਿਸੇ ਵੀ ਹੋਰ ਰੂਪ ਵਿੱਚ) ਨਿੱਜੀ ਜਾਇਦਾਦ ਦੀ ਮੰਗ ਦਾ ਮਜ਼ਦੂਰਾਂ ਲਈ ਮੁਫਤ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਨਾਲ਼ ਕੁਝ ਵੀ ਸਗਵਾਂ ਨਹੀਂ ਹੈ। ਆਓ ਦੇਖੀਏ ਕਿ ਬੁਰਜੂਆ ਅਤੇ ਨਿੱਕ ਬੁਰਜੂਆ ਸਮਾਜਵਾਦੀਆਂ ('ਲਾਲ ਪਰਚਮ' ਦੇ ਰਹਿਨੁਮਾ) ਦੁਆਰਾ ਮਜ਼ਦੂਰਾਂ ਲਈ ਨਿੱਜੀ ਜਾਇਦਾਦ ਦੇ ਰੂਪ ਵਿੱਚ ਕੀਤੀ ਜਾਂਦੀ ਘਰਾਂ ਦੀ ਮੰਗ ਦਾ ਏਂਗਲਜ਼ ਨੇ ਕਿਹੜੇ ਅਧਾਰਾਂ ਉੱਪਰ ਵਿਰੋਧ ਕੀਤਾ ਸੀ। ਏਂਗਲਜ਼ ਲਿਖਦੇ ਹਨ, **"ਇਹ ਜ਼ਰਾਇਤ ਅਤੇ ਜ਼ਮੀਨ ਦੀ ਮਾਲਕੀ ਹੀ ਹੈ ਅਤੇ ਉਹਨਾਂ ਨੂੰ ਦੂਜੀਆਂ ਥਾਵਾਂ ਉੱਤੇ ਰੁਜ਼ਗਾਰ ਦੀ ਤਲਾਸ਼ ਕਰਨੋਂ ਰੋਕਦੀ ਹੈ।"** (ਪ੍ਰਤੀਬੱਧ, ਜਨਵਰੀ 2010, ਪੰਨਾ 6, ਜ਼ੋਰ ਸਾਡਾ)

ਅੱਗੇ ਉਹ ਲਿਖਦੇ ਹਨ, **"ਵੱਡੇ ਸ਼ਹਿਰਾਂ ਵਿੱਚ ਸਾਡੇ ਮਜ਼ਦੂਰ ਲਈ ਚੱਲਣ ਫਿਰਨ ਦੀ ਅਜ਼ਾਦੀ, ਹੋਂਦ ਦੀ ਮੁੱਖ ਸ਼ਰਤ ਹੁੰਦੀ ਹੈ ਅਤੇ ਜ਼ਮੀਨ ਦੀ ਮਾਲਕੀ ਉਹਨਾਂ ਨੂੰ ਕੇਵਲ ਜੰਜ਼ੀਰਾਂ ਦਾ ਹੀ ਕੰਮ ਦੇ ਸਕਦੀ ਹੈ।"** (ਉਪਰੋਕਤ ਪੰਨਾ 7, ਜ਼ੋਰ ਸਾਡਾ)

ਅੱਗੇ ਉਹ ਜਾਰੀ ਰੱਖਦੇ ਹਨ, **"ਉਹਨਾਂ ਨੂੰ (ਮਜ਼ਦੂਰਾਂ ਨੂੰ -ਲੇਖਕ) ਘਰ ਦੇ ਦਿਓ, ਉਹਨਾਂ ਨੂੰ ਇੱਕ ਵਾਰ ਫਿਰ ਜ਼ਮੀਨ ਨਾਲ਼ ਬੰਨ੍ਹ ਦਿਓ ਤਾਂ ਫੇਰ ਤੁਸੀਂ ਫੈਕਟਰੀ ਦੇ ਮਾਲਕਾਂ ਵੱਲੋਂ ਉਜ਼ਰਤਾਂ ਵਿੱਚ ਕੀਤੀ ਕਟੌਤੀ ਦੀ ਮੁਜ਼ਾਹਮਤ ਕਰਨ ਦੀ ਉਹਨਾਂ ਦੀ ਸ਼ਕਤੀ ਭੰਨ ਦਿੰਦੇ ਹੋ।"** (ਉਪਰੋਕਤ, ਜ਼ੋਰ ਸਾਡਾ)

ਅੱਗੇ ਉਹ ਲਿਖਦੇ ਹਨ, **"ਆਓ ਅਸੀਂ ਫਰਜ਼ ਕਰੀਏ ਕਿ ਕਿਸੇ ਖਾਸ ਸਨਅਤੀ ਇਲਾਕੇ ਵਿੱਚ ਇਹ ਗੱਲ ਆਮ ਹੋ ਗਈ ਹੈ ਕਿ ਹਰ ਇੱਕ ਮਜ਼ਦੂਰ ਦਾ ਆਪਣਾ ਨਿੱਕਾ ਜਿਹਾ ਘਰ ਹੈ। ਇਸ ਮਾਮਲੇ ਵਿੱਚ ਉਸ ਇਲਾਕੇ ਦੀ ਮਜ਼ਦੂਰ ਜਮਾਤ ਬਿਨਾਂ ਕੋਈ ਕਿਰਾਇਆ ਦਿੱਤੇ ਰਹਿ ਰਹੀ ਹੈ, ਰਿਹਾਇਸ਼ ਦੇ ਖਰਚੇ ਹੁਣ ਉਹਦੀ ਕਿਰਤ ਸ਼ਕਤੀ ਦੀ ਕਦਰ ਵਿੱਚ ਸ਼ਾਮਿਲ ਨਹੀਂ ਹੁੰਦੇ। ...ਇਸ ਤਰ੍ਹਾਂ ਉਜ਼ਰਤਾਂ ਔਸਤ ਉਨੀਆਂ ਹੀ ਘਟ ਜਾਣਗੀਆਂ ਜਿੰਨੀ ਔਸਤ ਰਕਮ ਦੀ ਕਿਰਾਏ ਵਿੱਚ ਬੱਚਤ ਹੋਵੇਗੀ।"** (ਉਪਰੋਕਤ, ਜ਼ੋਰ ਸਾਡਾ)

ਅੱਗੇ ਉਹ ਲਿਖਦੇ ਹਨ, **"ਦੂਜੇ ਸ਼ਬਦਾਂ ਵਿੱਚ ਸ਼੍ਰੀ ਸਾਕਸ ਨੂੰ ਆਸ ਹੈ ਕਿ ਉਹਨਾਂ ਦੇ ਪ੍ਰੋਲੇਤਾਰੀ ਰੁਤਬੇ ਵਿੱਚ ਤਬਦੀਲੀ ਨਾਲ਼, ਜੋ ਕਿ ਇੱਕ ਘਰ ਦੀ ਪ੍ਰਾਪਤੀ ਵੱਲੋਂ ਲਿਆਂਦੀ ਜਾਵੇਗੀ, ਮਜ਼ਦੂਰ ਆਪਣਾ ਪ੍ਰੋਲੇਤਾਰੀ ਲੱਛਣ ਗੁਆ ਬੈਠਣਗੇ ਅਤੇ ਆਪਣੇ ਪੁਰਖਿਆਂ ਵਾਂਗ ਜਿਹੜੇ ਆਪ ਵੀ ਮਕਾਨ ਮਾਲਕ ਹੁੰਦੇ ਸਨ, ਇੱਕ ਵਾਰ ਫਿਰ ਆਗਿਆਕਾਰ ਟੋਡੀ ਬਣ ਜਾਣਗੇ। ਪਰੂਧੋਂਵਾਦੀਆਂ ਨੂੰ ਇਹ ਗੱਲ ਭਵਿੱਖੀ ਅਗਵਾਈ ਲਈ ਚੇਤੇ ਰੱਖਣੀ ਚਾਹੀਦੀ ਹੈ।"**

(ਉਪਰੋਕਤ, ਜ਼ੋਰ ਸਾਡਾ) (**ਅਸੀਂ ਇੱਥੇ ਜੋੜ ਦੇਈਏ ਕਿ 'ਲਾਲ ਪਰਚਮ' ਨੂੰ ਵੀ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ**)

ਅੱਗੇ ਏਂਗਲਜ਼ ਲਿਖਦੇ ਹਨ, "**ਹੁਕਮਰਾਨ ਜਮਾਤ ਦੇ ਸਭ ਤੋਂ ਹੁਸ਼ਿਆਰ ਆਗੂਆਂ ਨੇ ਹਮੇਸ਼ਾ ਹੀ ਆਪਣੇ ਯਤਨ ਜਾਇਦਾਦ ਦੇ ਛੋਟੇ ਮਾਲਕਾਂ ਦੀ ਗਿਣਤੀ ਵਿੱਚ ਵਾਧਾ ਕਰਨ ਵੱਲ ਸੇਧੇ ਹਨ ਤਾਂ ਜੋ ਉਹ ਖ਼ੁਦ ਆਪਣੇ ਲਈ ਪ੍ਰੋਲੇਤਾਰੀ ਦੇ ਵਿਰੁੱਧ ਇੱਕ ਫ਼ੌਜ ਤਿਆਰ ਕਰ ਸਕਣ।**" (ਉਪਰੋਕਤ ਪੰਨਾ 8, ਜ਼ੋਰ ਸਾਡਾ) (**ਪਰ ਲਾਲ ਪਰਚਮ ਦੇ ਲੇਖਕ ਜੀ, ਤੁਸੀਂ ਅਜਿਹੇ ਯਤਨ ਕਿਉਂ ਕਰ ਰਹੇ ਹੋ ? ਕਿਤੇ ਤੁਹਾਡਾ ਇਰਾਦਾ ਵੀ ਤਾਂ 'ਹੁਕਮਰਾਨ ਜਮਾਤ ਦੇ ਸਭ ਤੋਂ ਹੁਸ਼ਿਆਰ ਆਗੂਆਂ' ਵਾਲ਼ਾ ਤੇ ਨਹੀਂ ਹੈ ?**)

ਅੱਗੇ ਏਂਗਲਜ਼ ਲਿਖਦੇ ਹਨ, "**ਨੈਪੋਲੀਅਨ ਤੀਜੇ ਦਾ ਮੰਤਵ ਜਨਤਕ ਕਰਜ਼ੇ ਵਿੱਚ ਵਿਅਕਤੀਗਤ ਬਾਂਡਾਂ ਦੀ ਮੁਦਰਾ ਘਟਾ ਕੇ ਸ਼ਹਿਰਾਂ ਵਿੱਚ ਵੀ ਅਜਿਹੀ ਜਮਾਤ ਪੈਦਾ ਕਰਨਾ ਹੀ ਸੀ ਅਤੇ ਐਮ. ਡੋਲਫਸ ਤੇ ਉਹਦੇ ਸਹਿਕਾਰੀਆਂ ਨੇ ਸਾਲਾਨਾ ਕਿਸ਼ਤਾਂ ਵਿੱਚ ਅਦਾਇਗੀ ਵਾਲ਼ੇ ਨਿੱਕੇ ਘਰ ਉਹਨਾਂ ਨੂੰ ਵੇਚ ਕੇ ਆਪਣੇ ਮਜ਼ਦੂਰਾਂ ਵਿੱਚੋਂ ਇਨਕਲਾਬੀ ਜਜ਼ਬਾ ਖ਼ਤਮ ਕਰਨ ਦਾ ਅਤੇ ਇਹਦੇ ਨਾਲ਼ ਹੀ ਮਜ਼ਦੂਰਾਂ ਨੂੰ ਇਸ ਜਾਇਦਾਦ ਰਾਹੀਂ ਉਸੇ ਫੈਕਟਰੀ ਨਾਲ਼ ਬੰਨਣ ਦਾ, ਜਿਸ ਵਿੱਚ ਇੱਕ ਵਾਰ ਉਹਨਾਂ ਨੇ ਕੰਮ ਕੀਤਾ ਸੀ, ਯਤਨ ਕੀਤਾ।**" (ਉਪਰੋਕਤ, ਜ਼ੋਰ ਸਾਡਾ) ਹੁਣ ਤੁਸੀਂ ਦੱਸੋ ਲਾਲ ਪਰਚਮ ਵਾਲਿਓ ਕੀ ਮਜ਼ਦੂਰਾਂ ਵਾਸਤੇ ਮੁਫਤ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਮੰਗ ਦਾ ਨਿੱਜੀ ਜਾਇਦਾਦ ਦੇ ਰੂਪ ਵਿੱਚ ਘਰਾਂ ਦੀ ਮੰਗ ਨਾਲ਼ ਕੁਝ ਵੀ ਸਾਂਝਾ ਹੈ ? ਅਸੀਂ ਇੱਥੇ ਦਿਖਾਇਆ ਹੈ ਕਿ ਫਰੈਡਰਿਕ ਏਂਗਲਜ਼ ਸਿਰਫ ਉਜ਼ਰਤਾਂ ਵਿੱਚ ਕਟੌਤੀ ਦੇ ਅਧਾਰ 'ਤੇ ਹੀ ਮਜ਼ਦੂਰਾਂ ਨੂੰ ਘਰ ਰੂਪੀ ਨਿੱਜੀ ਜਾਇਦਾਦ ਦੀ ਮੰਗ ਦਾ ਵਿਰੋਧ ਨਹੀਂ ਕਰ ਰਹੇ ਸਨ। ਇਹ ਸਿੱਧੀਆਂ ਸਾਦੀਆਂ ਗੱਲਾਂ ਏਂਗਲਜ਼ ਆਪਣੀ ਕਿਤਾਬ ਰਿਹਾਇਸ਼ੀ ਘਰਾਂ ਦੇ ਸਵਾਲ ਵਿੱਚ ਇਸ ਨੂੰ ਬਹੁਤ ਸਿੱਧੇ ਸਰਲ ਸ਼ਬਦਾਂ ਵਿੱਚ ਸਮਝਾ ਚੁੱਕੇ ਹਨ, ਅਤੇ ਅਸੀਂ ਵੀ ਇਸਨੂੰ ਦੁਹਰਾ ਚੁੱਕੇ ਹਾਂ, 'ਲਾਲ ਪਰਚਮ' ਦੇ ਲੇਖਕ ਨੂੰ ਸਮਝ ਨਹੀਂ ਆਉਂਦੀਆਂ, ਸਾਨੂੰ ਇਹ ਵਾਰ ਵਾਰ ਉਸਨੂੰ ਸਮਝਾਉਣੀਆਂ ਪੈਂਦੀਆਂ ਹਨ, ਉਹ ਆਪਣੀ ਨਾਸਮਝੀ ਕਾਰਨ ਵਾਰ ਵਾਰ ਸਾਡੇ ਸਬਰ ਦਾ ਇਮਤਿਹਾਨ ਲੈਂਦਾ ਹੈ। ਹੋ ਸਕਦਾ ਹੈ ਕਿ ਇਸ ਵਾਰ ਉਸਨੂੰ ਸਮਝ ਆ ਜਾਵੇ।

## ਨਾ ਚਾਹੁੰਦੇ ਹੋਵੇ ਵੀ ਗਾਲ੍ਹਾਂ 'ਤੇ ਉੱਤਰ ਆਉਣ ਬਾਰੇ ਕੁਝ ਸਪੱਸ਼ਟੀਕਰਨ

'ਲਾਲ ਪਰਚਮ' ਦਾ ਇੱਕ ਹੋਰ ਵੱਡਾ ਇਤਰਾਜ਼ ਬਹਿਸ ਵਿੱਚ 'ਪ੍ਰਤੀਬੱਧ' ਵੱਲੋਂ ਵਰਤੀ ਭਾਸ਼ਾ ਸਬੰਧੀ ਹੈ। ਉਸ ਮੁਤਾਬਕ 'ਪ੍ਰਤੀਬੱਧ' ਨੇ 'ਲਾਲ ਪਰਚਮ' ਵਿਰੁੱਧ "ਭੱਦੇ ਵਿਸ਼ੇਸ਼ਣਾਂ" ਦਾ ਇਸਤੇਮਾਲ ਕੀਤਾ ਹੈ ਕਿ 'ਪ੍ਰਤੀਬੱਧ' ਦਾ ਲੇਖਕ' "ਝੱਲਾ ਹੋ ਗਿਆ" ਹੈ ਅਤੇ "ਗਾਲ੍ਹਾਂ 'ਤੇ ਉੱਤਰ ਆਇਆ ਹੈ"। ਪ੍ਰਤੀਬੱਧ ਦਾ ਲੇਖਕ "ਘੁਮੰਡੀ" ਅਤੇ "ਫ਼ਤਵੇਬਾਜ਼" ਹੈ ਆਦਿ ਆਦਿ।

'ਲਾਲ ਪਰਚਮ' ਬਹਿਸ ਵਿੱਚ ਤਿੱਖੀਆਂ ਵਿਅੰਗਆਤਮਕ ਸਿਆਸੀ ਟਿੱਪਣੀਆਂ ਨੂੰ ਗਾਲ੍ਹਾਂ ਸਮਝਦਾ ਹੈ ਤਾਂ ਇਹ ਲਾਲ ਪਰਚਮ ਦੇ ਲੇਖਕ ਦੀ ਸਮਝ ਦੀ ਸੀਮਾ ਹੈ। 'ਲਾਲ ਪਰਚਮ' ਵੱਲੋਂ "ਨਸੀਹਤਬਾਜ਼" ਦਾ ਲੇਬਲ ਲਏ ਜਾਣ ਦਾ ਖ਼ਤਰਾ ਮੁੱਲ ਲੈਂਦੇ ਹੋਏ ਵੀ ਅਸੀਂ ਇਹ ਕਹਿਣਾ ਚਾਹਾਂਗੇ ਕਿ ਲਾਲ ਪਰਚਮ ਦਾ ਲੇਖਕ ਬਹਿਸ ਦੀ ਮਾਰਕਸਵਾਦੀ-ਲੈਨਿਨਵਾਦੀ ਸ਼ੈਲੀ ਤੋਂ ਵਾਕਿਫ ਨਹੀਂ ਹੈ। ਕਿਸੇ ਗਲਤ ਸਿਆਸੀ ਪ੍ਰਵਿਰਤੀ ਨੂੰ ਪਰਿਭਾਸ਼ਤ ਕਰਨਾ ਅਤੇ ਫਿਰ ਉਸ ਉੱਪਰ ਤਿੱਖਾ ਵਾਰ ਕਰਨਾ ਬਹਿਸ ਦੀ ਮਾਰਕਸਵਾਦੀ-ਲੈਨਿਨਵਾਦੀ ਸ਼ੈਲੀ ਹੈ। ਕਿਸੇ ਗਲਤ ਸਿਆਸੀ ਧਾਰਾ-ਪ੍ਰਵਿਰਤੀ ਦੀ ਅਲੋਚਨਾ ਦੀ ਭਾਸ਼ਾ ਵਿੱਚ ਰਸਮੀਪਣ (Formality) ਦੀ ਮਾਰਕਸਵਾਦ-ਲੈਨਿਨਵਾਦ ਇਜ਼ਾਜਤ ਨਹੀਂ ਦਿੰਦਾ। ਇਸ ਲਈ ਅਸੀਂ ਲਾਲ ਪਰਚਮ ਦੇ ਲੇਖਕ ਨੂੰ ਫਿਰ ਤੋਂ ਇਹ "ਨਸੀਹਤ" ਦੇਵਾਂਗੇ ਕਿ ਲਾਲ ਪਰਚਮ ਦੇ ਲੇਖਕ ਜੀਓ ਕਦੇ ਕਦੇ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕਾਂ ਦੀਆਂ ਲਿਖਤਾਂ ਦੇ ਪੰਨੇ ਵੀ ਪਲਟ ਲਿਆ ਕਰੋ ਅਤੇ ਜੇ ਕਦੇ ਅਜੇਹੀ ਖੇਚਲ ਕਰੋ ਤਾਂ ਵੱਖ ਵੱਖ ਸਵਾਲਾਂ ਉੱਪਰ ਉਹਨਾਂ ਵੱਲੋਂ ਲਈ ਪੋਜ਼ੀਸ਼ਨ ਦੇ ਨਾਲ਼ ਨਾਲ਼ ਵਿਰੋਧੀਆਂ ਦੀ ਅਲੋਚਨਾ ਕਰਦੇ ਹੋਏ ਉਹਨਾਂ ਦੀ ਭਾਸ਼ਾ ਸ਼ੈਲੀ ਵੱਲ ਵੀ ਧਿਆਨ ਦੇਣਾ।

ਲਾਲ ਪਰਚਮ ਇੱਕ ਪਾਸੇ ਤਾਂ ਸਾਡੀ ਵੱਲੋਂ ਵਰਤੀਂ ਭਾਸ਼ਾ ਨੂੰ 'ਗਾਲ੍ਹਾਂ 'ਤੇ ਉੱਤਰ ਆਉਣਾ' 'ਭੱਦੇ ਵਿਸ਼ੇਸ਼ਣਾਂ' ਦਾ ਇਸਤੇਮਾਲ ਦੱਸਦਾ ਹੈ। ਪਰ ਇਸ ਬਹਿਸ ਵਿੱਚ ਉਸ ਦੇ ਦੋਵੇਂ ਲੇਖ ਪੜ੍ਹ ਕੇ ਨਹੀਂ ਲੱਗਦਾ ਕਿ ਉਹ ਖੁਦ ਇਸ ਦੇ ਖਿਲਾਫ ਹੈ। ਉਹ ਸਾਡੇ ਵੱਲੋਂ ਮਜ਼ਦੂਰ ਘਰਾਂ ਦੇ ਸਵਾਲ ਉੱਤੇ ਬਹਿਸ ਸ਼ੁਰੂ ਕਰਨ ਨੂੰ ਇਨਕਲਾਬੀ ਲਹਿਰ ਨੂੰ 'ਸਿੱਖਿਅਤ ਕਰਨਾ' ਅਤੇ 'ਇਸ 'ਤੇ ਸ਼ਬਦ ਬਾਣ ਦਾਗਣ ਦਾ ਗਣੀਮਤ ਮੌਕਾ ਸਮਝਣ' ਆਦਿ ਤਨਜ਼ਾਂ ਕੱਸਦਾ ਹੈ। (ਦੇਖੋ ਲਾਲ ਪਰਚਮ, ਮਈ-ਜੂਨ 2010) ਪਰ ਅਸੀਂ ਇਸ ਦਾ ਕੋਈ ਨੋਟਿਸ ਨਹੀਂ ਲਿਆ। ਕਿਉਂ ਸਾਨੂੰ ਲੱਗਦਾ ਹੈ ਤਿੱਖੀ ਆਲੋਚਨਾ, ਵਿਅੰਗ ਆਦਿ ਬਹਿਸ ਦੀ ਮਾਰਕਸਵਾਦੀ ਸ਼ੈਲੀ ਦਾ ਹੀ ਇੱਕ ਅੰਗ ਹੈ। ਇਸ ਵਾਰ ਇਹਨਾਂ ਨੇ ਅੱਗੇ ਵਧ ਕੇ 'ਪ੍ਰਤੀਬੱਧ ਦੇ ਲੇਖਕ' ਤੇ ਵਿਅਕਤੀਗਤ ਟਿੱਪਣੀਆਂ ਕੀਤੀਆਂ ਹਨ। ਜਿਵੇਂ 'ਗਾਹਲਾਂ 'ਤੇ ਉੱਤਰ ਆਇਆ', 'ਝੱਲਾ ਹੋ ਗਿਆ ਹੈ' ਆਦਿ। (ਦੇਖੋ ਲਾਲ ਪਰਚਮ ਜਨਵਰੀ-ਫਰਵਰੀ, 2011) ਪਰ ਸਾਨੂੰ ਇਸ ਉੱਪਰ ਵੀ ਕੋਈ ਇਤਰਾਜ਼ ਨਹੀਂ ਹੈ। ਸਾਨੂੰ ਇਤਰਾਜ਼ ਇਸ ਗੱਲ 'ਤੇ ਹੈ ਕਿ ਜੇਕਰ 'ਲਾਲ ਪਰਚਮ' 'ਗਾਲ੍ਹਾਂ 'ਤੇ ਉੱਤਰ ਆਉਣ' ਦਾ ਵਿਰੋਧੀ ਹੈ ਤਾਂ ਉਸ ਨੂੰ ਖੁਦ "ਗਾਲ੍ਹਾਂ 'ਤੇ ਉੱਤਰ ਆਉਣ" ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਪਰ ਲਾਲ ਪਰਚਮ ਜਿਸ ਚੀਜ਼ ਦਾ ਵਿਰੋਧ ਕਰਦਾ ਹੈ ਖੁਦ ਓਹੋ ਕੁਝ ਕਰਦਾ ਹੈ।

ਲਾਲ ਪਰਚਮ ਨੂੰ ਗਿਲਾ ਹੈ ਕਿ ਅਸੀਂ ਉਹਨਾਂ ਨੂੰ ਉੱਤਰ ਆਧੁਨਿਕਤਾਵਾਦੀ, ਦਲਿਤਵਾਦੀ, ਪਰੂਧੋਂਵਾਦੀ ਆਦਿ ਕਿਹਾ ਹੈ। ਪਰ ਇੱਥੇ ਫੇਰ ਲਾਲ ਪਰਚਮ ਦੇ ਲੇਖਕ ਦੀ ਸਮਝ ਦੀ ਸੀਮਾ ਸਾਹਮਣੇ ਆਉਂਦੀ ਹੈ। ਲਾਲ ਪਰਚਮ ਦੇ ਲੇਖਕ ਜੀਓ ਅਸੀਂ ਤੁਹਾਨੂੰ ਇਹ ਕੁਝ ਨਹੀਂ ਕਿਹਾ। ਅਸੀਂ ਤੁਹਾਡੀ ਏਸ ਪੋਜ਼ੀਸ਼ਨ ਨੂੰ ਕਿ ਹਾਲਤਾਂ ਬਦਲਣ ਨਾਲ਼ ਏਂਗਲਜ਼ ਦੇ ਵਿਚਾਰ ਅਪ੍ਰਸੰਗਕ ਹੋ ਗਏ ਹਨ, ਉੱਤਰ ਆਧੁਨਿਕਤਾਵਾਦੀਆਂ ਅਤੇ ਦਲਿਤਵਾਦੀਆਂ

ਨਾਲ ਮਿਲਦੀ ਹੋਈ ਕਿਹਾ ਹੈ ਅਤੇ ਤੁਹਾਡੀ ਮਜ਼ਦੂਰ ਘਰਾਂ ਦੇ ਸਵਾਲ ’ਤੇ ਪੋਜ਼ੀਸ਼ਨ (ਉਹਨਾਂ ਨੂੰ ਘਰਾਂ ਦੇ ਰੂਪ ’ਚ ਨਿੱਜੀ ਜਾਇਦਾਦ ਦੇ ਮਾਲਕ ਬਣਾਉਣਾ) ਨੂੰ ਪਰੂਧੋਂਵਾਦੀ ਦੱਸਿਆ ਹੈ।

ਤੁਸੀਂ ਵੀ ਤਾਂ ਸਾਡੀ ਸਮਝ ਨੂੰ ‘ਗੈਰ ਪ੍ਰੋਲੇਤਾਰੀ ਨਜ਼ਰੀਏ ਦਾ ‘ਸਿੱਕੇਬੰਦ’ ਨਮੂਨਾ” ਦੱਸਿਆ ਹੈ। ਤੁਹਾਡੇ ਮੁਤਾਬਕ ਜੇਕਰ ਸਾਡਾ ਨਜ਼ਰੀਆ ਗੈਰ ਪ੍ਰੋਲੇਤਾਰੀ ਹੈ ਤਾਂ ਇਹ ਬੁਰਜੂਆ ਅਤੇ ਨਿੱਕ ਬੁਰਜੂਆ ਹੀ ਹੋ ਸਕਦਾ ਹੈ। ਜੇਕਰ ਮਜ਼ਦੂਰ ਘਰਾਂ ਦੇ ਸਵਾਲ ’ਤੇ ਅਸੀਂ ਤੁਹਾਡੀ ਸਮਝ ਨੂੰ ਬੁਰਜੂਆ ਜਾਂ ਨਿੱਕ ਬੁਰਜੂਆ ਕਹਿੰਦੇ ਹਾਂ ਤਾਂ ਤੁਸੀਂ ਇਸ ਨੂੰ ‘ਭੱਦੇ ਵਿਸ਼ੇਸ਼ਣ’ ਦਸਦੇ ਹੋ, ਅਤੇ ਫਿਰ ਖੁਦ ਹੀ ਉਹਨਾਂ ‘ਭੱਦੇ ਵਿਸ਼ੇਸ਼ਣਾਂ’ ਦੀ ਇਸਤੇਮਾਲ ਕਰਨ ਲੱਗਦੇ ਹੋ।

**ਲਾਲ ਪਰਚਮ ਦੇ ਲੇਖਕ ਜੀਓ ਤੁਹਾਨੂੰ ਰਚਨਾ ਦੇ ਤੱਤ ਅਤੇ ਰੂਪ ਵਿੱਚ ਫਰਕ ਕਰਨਾ ਸਿੱਖਣਾ ਚਾਹੀਦਾ ਹੈ। ਇਸ ਵਿੱਚ ਆਮ ਕਰਕੇ ਤੱਤ ਪ੍ਰਧਾਨ ਹੁੰਦਾ ਹੈ ਅਤੇ ਰੂਪ ਗੌਣ। ਇਸ ਲਈ ਭਾਸ਼ਾ ਨੂੰ ਬਹਾਨਾ ਬਣਾ ਕੇ ਬਹਿਸ ਨਾ ਚਲਾਉਣਾ ਕਿਸੇ ਵੀ ਤਰ੍ਹਾਂ ਮਾਰਕਸਵਾਦੀ ਚਾਲ ਚਲਣ ਨਹੀਂ ਹੈ। ਪਹਿਲਾਂ ਤਾਂ ਤੁਹਾਨੂੰ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਅਸੀਂ ਜੋ ਕਹਿ ਰਹੇ ਹਾਂ ਉਹ ਵਿਚਾਰਧਾਰਕ-ਸਿਆਸੀ ਤੌਰ ’ਤੇ ਕਿਵੇਂ ਗਲਤ ਹੈ ਅਤੇ ਫਿਰ ਸਾਡੇ ਗੱਲ ਕਹਿਣ ਦੇ ਤਰੀਕੇ ਦੀ ਅਲੋਚਨਾ ਕਰਨੀ ਚਾਹੀਦੀ ਹੈ, ਜੇਕਰ ਤੁਹਾਨੂੰ ਸਾਡਾ ਤਰੀਕਾ ਗਲਤ ਲੱਗਦਾ ਹੈ ਤਾਂ। ਪਰ ਤੁਸੀਂ ਤੱਤ ਅਤੇ ਰੂਪ ਦੋਹਾਂ ਨੂੰ ਇੱਕ ਬਰਾਬਰ ਰੱਖ ਕੇ ਇਸ ਨੂੰ ਬਹਿਸ ਨੂੰ ਅੱਗੇ ਨਾ ਚਲਾਉਣ ਲਈ ਬਹਾਨੇ ਵਜੋਂ ਵਰਤਦੇ ਹੋ।**

‘ਲਾਲ ਪਰਚਮ’ ਦਾ ਲੇਖਕ ਸਾਡੇ ’ਤੇ ਇੱਕ ਹੋਰ ਸਵਾਲ ਉਠਾਉਂਦਾ ਹੈ, “ਇਸਦੀ ਇੱਕ ਹੋਰ ਵੰਨਗੀ ਉਸਦੀ ਲਿਬਰੇਸ਼ਨ ਧਿਰ ਨਾਲ਼ ਬਹਿਸ ਪ੍ਰਤੀ ਪਹੁੰਚ ਦੀ ਹੈ। ਉਸਦੀ ‘ਪ੍ਰੋਲੇਤਾਰੀ’ ਪਹੁੰਚ ਕਿਹੋ ਜਿਹੀ ਹੈ, ਇਸਦੇ ਦੀਦਾਰ ਕਰਨ ਲਈ ਪ੍ਰਤੀਬੱਧ ਦੇ ਜਨਵਰੀ 2010 ਦੇ ਅੰਕ ਵੱਲ ਮੁੜ ਪਰਤੋ ਅਤੇ ਉਸਦੇ ਇਹਨਾਂ ਕਥਨਾਂ ਵੱਲ ਗੌਰ ਕਰੋ, “ਜਿਸ ਪਾਰਟੀ ਨਾਲ਼ ਸਾਡੇ ਵਿਚਾਰਧਾਰਾ ਸਮੇਤ ਹੋਰ ਅਨੇਕਾਂ ਬੁਨਿਆਦੀ ਸਵਾਲਾਂ ’ਤੇ ਮੱਤਭੇਦ ਹੋਣ ਉਸ ਪਾਰਟੀ ਨਾਲ਼ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੇ ਸਵਾਲ ਬਾਰੇ ਪਹੁੰਚ ’ਤੇ ਬਹਿਸ ਚਲਾਉਣ ਦੀ ਕੋਈ ਤੁਕ ਨਹੀਂ ਬਣਦੀ।” ਕੀ ਇਹ ਪਹੁੰਚ ਮਾਰਕਸਵਾਦੀ ਪਹੁੰਚ ਹੈ? ਮਾਰਕਸ, ਏਂਗਲਜ਼ ਤਾਂ “ਬੁਰਜੂਆ” ਅਤੇ “ਨਿੱਕ ਬੁਰਜੂਆ” ਰੁਝਾਨਾਂ ਨਾਲ਼ ਬਹਿਸ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਘਰਾਂ ਦੀ ਸਮੱਸਿਆ ਸਬੰਧੀ ਏਂਗਲਜ਼ ਦੀ ਪੁਸਤਕ, ਜਿਸਦੇ ਪ੍ਰਤੀਬੱਧ ਦੇ ਲੇਖਕ ਨੇ ਲੰਬੇ ਲੰਬੇ ਹਵਾਲੇ ਦੇ ਕੇ ਆਪਣੇ ਆਪ ਨੂੰ ਉਹਨਾਂ ਦਾ ਇੱਕ ਵੱਡਾ ਪੈਰੋਕਾਰ ਹੋਣ ਦਾ ਵਿਖਾਵਾ ਕੀਤਾ ਹੈ, ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਏਂਗਲਜ਼ ਕਿਵੇਂ ਬੁਰਜੂਆ ਅਤੇ ਨਿੱਕ ਬੁਰਜੂਆ ਸੋਚ ਦੇ ਧਾਰਨੀ ਲੋਕਾਂ ਨਾਲ਼ ਸੰਵਾਦ ਰਚਾ ਰਹੇ ਸਨ। ਪ੍ਰਤੀਬੱਧ ਦੇ ਲੇਖਕ ਦੀ ਆਪਣੇ ਵਿਰੋਧੀਆਂ ਵਿਰੁੱਧ ਵਿਚਾਰਧਾਰਕ ਸੰਘਰਸ਼ ਕਰਨ ਪ੍ਰਤੀ ਇਹ ਪਹੁੰਚ ਪ੍ਰੋਲੇਤਾਰੀ ਪਹੁੰਚ ਦਾ ਨਹੀਂ ਬਲਕਿ “ਨਿੱਕ ਬੁਰਜੂਆ” ਪਹੁੰਚ ਦਾ ਸਪੱਸ਼ਟ ਝਲਕਾਰਾ ਹੈ।” (ਲਾਲ ਪਰਚਮ, ਮਈ–ਜੂਨ 2011, ਪੰਨਾ 38)

ਇੱਥੇ ਪਰਚਮ ਫਿਰ ਪ੍ਰਸੰਗ ਨਾਲੋਂ ਕੁਝ ਸਤਰਾਂ ਨਿਖੇੜ ਅਰਥਾਂ ਦੇ ਅਨਰਥ ਕਰਦਾ ਹੈ, ਅਸੀਂ ਲਿਖਿਆ ਕਿਉਂਕਿ ਲੋਕ ਲੁਭਾਊ (Populist) ਨਾਹਰੇ ਸੋਧਵਾਦੀ ਸੰਸਦਮਾਰਗੀ

ਰਾਜਨੀਤੀ ਦਾ ਅੰਗ ਹੁੰਦੇ ਹਨ। ਇਸ ਲਈ ਸੋਧਵਾਦੀ ਪਾਰਟੀਆਂ ਕੋਈ ਨਾ ਕੋਈ ਸ਼ਗੂਫਾ ਉਛਾਲਦੀਆਂ ਹੀ ਰਹਿੰਦੀਆਂ ਹਨ। ਇਸ ਲਈ ਹਰ ਮੁੱਦੇ 'ਤੇ ਇਹਨਾਂ ਨਾਲ਼ ਬਹਿਸ ਚਲਾਉਣਾ ਕੋਈ ਜ਼ਰੂਰੀ ਨਹੀਂ ਹੁੰਦਾ। ਅਖੌਤੀ ਮਾਲਵੇ ਦਾ ਮਜ਼ਦੂਰ ਅੰਦੋਲਨ ਵੀ ਲਿਬਰੇਸ਼ਨ ਦੀ ਵੋਟ ਪਾਲਿਟਿਕਸ ਦਾ ਹੀ ਹਿੱਸਾ ਸੀ। ਇਸ ਲਈ 'ਜੇਕਰ ਪੰਜਾਬ ਦੀ ਸਮੁੱਚੀ ਖੱਬੀ ਲਹਿਰ, ਇਨਕਲਾਬੀ ਕਾਡਰਾਂ, ਅਤੇ ਇਨਕਲਾਬੀ ਲਹਿਰ ਦੇ ਹਮਦਰਦ ਖੱਬੇ-ਪੱਖੀ ਬੁੱਧੀਜੀਵੀਆਂ 'ਚ ਇਸ ਸਵਾਲ ਉੱਪਰ ਵਿਆਪਕ ਭਰਮ ਭੁਲੇਖੇ ਨਾ ਹੁੰਦੇ ਤਾਂ ਅਸੀਂ ਇਹ ਬਹਿਸ ਨਹੀਂ ਚਲਾਉਣੀ ਸੀ। ਇਹ ਕਿਸੇ ਵੀ ਪੱਖੋਂ 'ਨਿੱਕ ਬੁਰਜੂਆ ਪਹੁੰਚ ਦਾ ਸਪੱਸ਼ਟ ਝਲਕਾਰਾ' ਨਹੀਂ ਹੈ। ਉਲਟਾ 'ਲਾਲ ਪਰਚਮ' ਦੀ ਅਤੇ ਇਸ ਵਿੱਚ 2005 ਵਿੱਚ ਸ਼ਾਮਿਲ ਹੋਏ 'ਚਮਕਦਾ ਲਾਲ ਤਾਰਾ' ਦੀ ਪਹੁੰਚ ਹਮੇਸ਼ਾ ਵਿਚਾਰਧਾਰਕ ਸੰਘਰਸ਼ਾਂ ਤੋਂ ਬਚਣ ਦੀ ਰਹੀ ਹੈ। ਅਸੀਂ ਇਹਨਾਂ ਦੀ ਕਿਸਾਨੀ ਬਾਰੇ ਪੁਜ਼ੀਸ਼ਨ ਦੀ ਲਗਾਤਾਰ ਅਲੋਚਨਾ ਕਰਦੇ ਰਹੇ ਹਾਂ ਪਰ ਇਹਨਾਂ ਕਦੇ ਵੀ ਕਿਸੇ ਅਲੋਚਨਾ ਦਾ ਜਵਾਬ ਨਹੀਂ ਦਿੱਤਾ। ਅਕਤੂਬਰ 2003 ਵਿੱਚ ਅਸੀਂ 'ਲਾਲ ਪਰਚਮ' ਦੀ ਕਿਸਾਨ ਦੀ ਸੇਧ ਦੀ ਅਲੋਚਨਾ, 'ਲਾਲਾ ਪਰਚਮ ਦੀ ਕਿਸਾਨ ਸੇਧ, ਛੋਟੇ ਪੈਮਾਨੇ ਦੇ ਮਾਲ ਉਤਪਾਦਨ ਨੂੰ ਬਚਾਈ ਰੱਖਣ ਦੀ ਕੁਰਲਾਹਟ' ਸਿਰਲੇਖ ਹੇਠ ਲੇਖ ਲਿਖ ਕੇ ਕੀਤੀ ਸੀ। (ਦੇਖੋ 'ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ' ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ) ਜਿਸ ਬਾਰੇ ਅੱਜ ਤੱਕ ਲਾਲ ਪਰਚਮ ਨੇ ਜ਼ੁਬਾਨ ਨਹੀਂ ਖੋਲੀ। ਇਸ ਤਰ੍ਹਾਂ ਅਸੀਂ ਭਾਰਤੀ ਸਮਾਜਿਕ-ਆਰਥਿਕ ਸੰਰਚਨਾ ਬਾਰੇ 'ਚਮਕਦਾ ਲਾਲ ਤਾਰਾ' ਦੇ ਗੰਧਲ਼ੇ ਵਿਚਾਰਾਂ ਦੀ ਅਲੋਚਨਾ, 'ਚਮਕਦਾ ਲਾਲ ਤਾਰਾ ਦਾ ਅਨੂਠਾ ਅਰਥਸ਼ਾਸਤਰ' ਨਾਮਕ ਲੇਖ ਲਿਖ ਕੇ ਕੀਤੀ ਸੀ। ਜਿਸ ਬਾਰੇ ਇਹ ਅਜੇ ਤੱਕ ਚੁੱਪ ਹਨ। ਇਸ ਤੋਂ ਇਲਾਵਾ 'ਪ੍ਰਤੀਬੱਧ' ਦੇ ਪਹਿਲੇ ਅੰਕ ਤੋਂ ਸ਼ੁਰੂ ਕਰਕੇ ਇਸਦੇ ਕਈ ਕਈ ਅੰਕਾਂ 'ਚ ਅਸੀਂ ਭਾਰਤ ਨੂੰ ਅਰਧ ਜਗੀਰੂ ਸਾਬਤ ਕਰਨ ਵਾਲ਼ਿਆਂ, ਦੀ ਇੱਕ ਲੜੀਵਾਰ ਲੇਖ 'ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ (1990 ਤੋਂ ਬਾਅਦ ਹੋਈਆਂ ਤਬਦੀਲੀਆਂ ਦਾ ਵੇਰਵਾ)' ਲਿਖ ਕੇ ਕੀਤੀ ਸੀ, ਲਾਲ ਪਰਚਮ ਦੀ ਵੀ ਉਦੋਂ ਇਹੋ ਪੁਜ਼ੀਸ਼ਨ (ਅਰਧ ਜਗੀਰੂ) ਹੋਣ ਦੇ ਬਾਵਜੂਦ ਇਸ ਬਾਰੇ ਪੂਰੀ ਤਰ੍ਹਾਂ ਚੁੱਪ ਰਿਹਾ। ਇਸ ਤੋਂ ਇਲਾਵਾ ਭਾਰਤ ਵਿੱਚ ਨਵ-ਜਮਹੂਰੀ ਇਨਕਲਾਬ ਦਾ ਪੜਾਅ ਮੰਨਣ ਵਾਲਿਆਂ ('ਲਾਲ ਪਰਚਮ' ਵੀ ਇਹਨਾਂ 'ਚ ਸ਼ਾਮਿਲ ਹੈ) ਦੀਆਂ ਵਿਚਾਰਧਾਰਕ-ਸਿਆਸੀ ਪੋਜ਼ੀਸ਼ਨਾਂ ਦੀ ਪ੍ਰਤੀਬੱਧ ਵਿੱਚ ਲਗਾਤਾਰ ਅਲੋਚਨਾ ਕਰਦੇ ਰਹੇ ਹਾਂ, ਪਰ 'ਲਾਲ ਪਰਚਮ' ਇਸ ਬਾਰੇ ਕਦੇ ਵੀ ਕੁਝ ਨਹੀਂ ਬੋਲਿਆ। ਅਸੀਂ ਜਿੱਥੇ ਲਗਾਤਾਰ ਆਪਣੇ ਵਿਰੋਧੀਆਂ ਵਿਰੁੱਧ ਵਿਚਾਰਧਾਰਕ ਸੰਘਰਸ਼ ਚਲਾਉਂਦੇ ਰਹੇ ਹਾਂ, ਉੱਥੇ ਲਾਲ ਪਰਚਮ ਦੀ ਹਮੇਸ਼ਾ ਵਿਚਾਰਧਾਰਕ ਸੰਘਰਸ਼ਾਂ ਤੋਂ ਬਚਣ ਦੀ ਪਹੁੰਚ ਰਹੀ ਹੈ। ਇਸ ਲਈ ਇਸ ਸਬੰਧ ਵਿੱਚ 'ਲਾਲ ਪਰਚਮ' ਨੇ ਸਾਡੇ 'ਤੇ ਜਿੰਨੇ ਦੋਸ਼ ਲਾਏ ਹਨ, ਉਹ ਉਲਟਾ 'ਲਾਲ ਪਰਚਮ 'ਤੇ ਲਾਗੂ ਹੁੰਦੇ ਹਨ।

ਆਪਣੇ ਲੇਖ ਦੇ ਅੰਤ ਵਿੱਚ ਲਾਲ ਪਰਚਮ ਦਾ ਲੇਖਕ ਸਾਨੂੰ 'ਨਸੀਹਤ ਨਹੀਂ ਰਾਏ' ਦਿੰਦਾ ਹੈ ਕਿ "ਪ੍ਰਤੀਬੱਧ ਦੇ ਲੇਖਕ ਜੀਓ, ਮਜ਼ਦੂਰ ਜਮਾਤ ਦੇ ਮਹਾਨ ਉਸਤਾਦਾਂ

ਦੀਆਂ ਲਿਖਤਾਂ ਦੇ ਪੰਨੇ ਪਲਟਣ, ਇਹਨਾਂ ਦੇ ਅਨੁਵਾਦ ਕਰਨ ਅਤੇ ਉਹਨਾਂ ਨੂੰ ਗੱਡੀਆਂ 'ਤੇ ਢੋਣ ਵੇਚਣ ਦੇ ਨਾਲ਼ ਨਾਲ਼ ਇਹਨਾਂ ਨੂੰ ਸਮਝਣ ਅਤੇ ਉਸਾਰੂ ਢੰਗ ਨਾਲ਼ ਲਾਗੂ ਕਰਨ ਦਾ ਵੀ ਕਸ਼ਟ ਕਰ ਲਿਆ ਕਰੋ।" (ਲਾਲ ਪਰਚਮ ਜਨਵਰੀ-ਫਰਵਰੀ, 2011)

ਲਾਲ ਪਰਚਮ ਦੀ ਇਸ 'ਰਾਇ' ਬਾਰੇ ਅਸੀਂ ਇੱਥੇ ਸੰਖੇਪ 'ਚ ਆਪਣੇ ਵਿਚਾਰ ਰੱਖਾਂਗੇ।

ਅੱਜ ਦੇ ਸਮੇਂ ਸੰਸਾਰ ਪੱਧਰ 'ਤੇ ਇਨਕਲਾਬ ਉੱਪਰ ਉਲਟ ਇਨਕਲਾਬ ਦੀ ਧਾਰਾ ਹਾਵੀ ਹੈ। 20ਵੀਂ ਸਦੀ ਵਿੱਚ ਧਰਤੀ ਦੇ ਲਗਭਗ ਇੱਕ ਤਿਹਾਈ ਹਿੱਸੇ 'ਤੇ ਸਮਾਜਵਾਦੀ ਉਸਾਰੀ ਦੇ ਯੁੱਗਪਲਟਾਊ ਪ੍ਰਯੋਗ ਹੋਏ। ਪਰ ਬਹੁਤ ਸਾਰੇ ਬਾਹਰਮੁਖੀ ਅਤੇ ਅੰਤਰਮੁਖੀ ਕਾਰਕਾਂ ਕਾਰਨ ਵੀਹਵੀਂ ਸਦੀ ਦੇ ਸਮਾਜਵਾਦੀ ਪ੍ਰਯੋਗਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਸੋਵੀਅਤ ਯੂਨੀਅਨ ਵਿੱਚ 1956 'ਚ ਪੂੰਜੀਵਾਦ ਦੀ ਮੁੜ ਬਹਾਲੀ ਹੋਈ, ਇਸ ਤੋਂ ਬਾਅਦ ਪੂਰਬੀ ਯੂਰਪ ਦੇ ਕਈ ਦੇਸ਼ਾਂ ਵਿੱਚ ਪੂੰਜੀਵਾਦੀ ਮੁੜ ਬਹਾਲੀ ਹੋਈ। 1976 ਵਿੱਚ ਕਾ. ਮਾਓ ਦੀ ਮੌਤ ਤੋਂ ਬਾਅਦ ਚੀਨ ਵਿੱਚ ਰਾਜ ਸੱਤਾ 'ਤੇ ਸੋਧਵਾਦੀ ਕਾਬਜ਼ ਹੋਏ। ਉਦੋਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਸੰਸਾਰ ਭਰ ਦੀ ਬੁਰਜੂਆਜ਼ੀ ਵੱਲੋਂ "ਮਾਰਕਸਵਾਦ ਦੇ ਫੇਲ੍ਹ ਹੋਣ", "ਮਰੀ ਹੋਈ ਵਿਚਾਰਧਾਰਾ ਹੋਣ" ਦਾ ਸ਼ੋਰ ਮਚਾਇਆ ਜਾ ਰਿਹਾ ਹੈ। ਇਸ ਸ਼ੋਰ ਸ਼ਰਾਬੇ ਨੇ 1991 ਵਿੱਚ ਸੋਧਵਾਦੀ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਹੋਰ ਵੀ ਜ਼ੋਰ ਫੜ ਲਿਆ।

ਸਾਡਾ ਮੰਨਣਾ ਹੈ ਕਿ ਵੀਹਵੀਂ ਸਦੀ ਦੇ ਸਮਾਜਵਾਦੀ ਪ੍ਰਯੋਗਾਂ ਦੌਰਾਨ ਮਾਰਕਸਵਾਦ ਜਾਂ ਸਮਾਜਵਾਦ ਫੇਲ੍ਹ ਨਹੀਂ ਹੋਇਆ, ਸਗੋਂ ਕਈ ਕਾਰਨਾਂ ਕਰਕੇ ਇਸ ਦੀ ਹਾਰ ਹੋਈ ਹੈ। ਵੀਹਵੀਂ ਸਦੀ ਦੇ ਸਮਾਜਵਾਦੀ ਪ੍ਰਯੋਗ ਬਹੁਤ ਸ਼ਾਨਦਾਰ ਸਨ। ਇਹਨਾਂ ਦੌਰਾਨ ਮਨੁੱਖਤਾ ਨੇ ਆਪਣੀ ਮੁਕਤੀ ਦੀ ਦਿਸ਼ਾ ਵਿੱਚ ਵੱਡੀਆਂ ਪੁਲਾਂਘਾਂ ਪੁੱਟੀਆਂ।

ਅੱਜ ਦੁਨੀਆਂ ਭਰ ਦੇ ਲੁਟੇਰੇ ਹਾਕਮ ਇਹਨਾਂ ਪ੍ਰਯੋਗਾਂ 'ਤੇ ਮਿੱਟੀ ਪਾ ਦੇਣ 'ਤੇ ਉਤਾਰੂ ਹਨ। ਉਹ ਇਹਨਾਂ ਯੁੱਗ ਪਲਟਾਊ ਪ੍ਰਯੋਗਾਂ ਦੇ ਮਹਾਨ ਕਾਰਨਾਮਿਆਂ ਨੂੰ ਲੋਕਾਂ ਦੀਆਂ ਯਾਦਾਂ 'ਚੋਂ ਮਿਟਾ ਦੇਣਾ ਚਾਹੁੰਦੇ ਹਨ। ਜਾਂ ਇਹਨਾਂ ਬਾਰੇ ਕੂੜ ਪ੍ਰਚਾਰ ਰਾਹੀਂ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

**ਅਜਿਹੇ ਸਮੇਂ 'ਚ ਪ੍ਰੋਲੇਤਾਰੀ ਇਨਕਲਾਬੀਆਂ ਦਾ ਇੱਕ ਅਹਿਮ ਕਾਰਜ ਇਹ ਬਣਦਾ ਹੈ ਕਿ ਉਹ ਆਪਣੇ ਮਹਾਨ ਵਿਰਸੇ ਨੂੰ ਸਹੇਜਣ, ਇਸ ਨੂੰ ਉਹਨਾਂ ਕਿਰਤੀ ਲੋਕਾਂ ਤੱਕ ਪਹੁੰਚਾਉਣ ਜੋ ਆਪਣੀ ਮੁਕਤੀ ਦੇ ਨਵੇਂ ਰਾਹ ਖੋਜਣ ਲਈ ਇਸ ਤੋਂ ਪ੍ਰੇਰਨਾ ਅਤੇ ਰਹਿਨੁਮਾਈ ਹਾਸਲ ਕਰਨਗੇ। ਸੰਸਾਰ ਮਜ਼ਦੂਰ ਜਮਾਤ ਦੀ ਵਿਰਾਸਤ ਬਹੁਤ ਅਮੀਰ ਹੈ। ਇਸ ਨੇ ਦਰਸ਼ਨ, ਕਲਾ, ਸਾਹਿਤ, ਸਮਾਜ ਵਿਗਿਆਨ, ਕੁਦਰਤੀ ਵਿਗਿਆਨ ਆਦਿ ਹਰ ਖੇਤਰ 'ਚ ਬੁਰਜੂਆਜ਼ੀ ਨੂੰ ਜ਼ਬਰਦਸਤ ਟੱਕਰ ਦਿੱਤੀ ਹੈ ਅਤੇ ਉਸ ਨੂੰ ਹਰਾਇਆ ਹੈ। ਅਸੀਂ ਆਪਣੀ ਮਹਾਨ ਵਿਰਾਸਤ 'ਤੇ ਮਾਣ ਕਰਦੇ ਹਾਂ। ਪਰ ਇੱਥੇ ਤੱਕ ਹੀ ਸੀਮਤ ਨਹੀਂ ਰਹਿੰਦੇ। ਅਸੀਂ ਸਮਝਦੇ ਹਾਂ ਕਿ ਇਸ ਨੂੰ ਹਰ ਹੀਲੇ ਲੋਕਾਂ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ। ਆਪਣੀ ਵਿਰਾਸਤ (ਕਲਾਸਿਕਸ)**

**ਦੀ ਰੌਸ਼ਨੀ ਅਤੇ ਪ੍ਰੇਰਨਾ ਸਦਕਾ ਹੀ ਅਸੀਂ ਵਰਤਮਾਨ ਹਾਲਤਾਂ ਦੀਆਂ ਗੁੰਝਲਾਂ ਨੂੰ ਸਮਝ ਸਕਦੇ ਹਾਂ ਅਤੇ ਫਿਰ ਇਸ ਤੋਂ ਅੱਗੇ ਵਧਕੇ ਇਹਨਾਂ ਗੁੰਝਲਾਂ ਨੂੰ ਸੁਲਝਾਉਣ ਲਈ ਇਸ ਸਮਝ ਨੂੰ ਇਸ ਦੁਨੀਆਂ ਨੂੰ ਬੁਨਿਆਦੀ ਰੂਪ 'ਚ ਤਬਦੀਲ ਕਰਨ ਦੇ ਪ੍ਰਯੋਗਾਂ 'ਚ ਸਿਰਜਣਾਤਮਕ ਰੂਪ 'ਚ ਲਾਗੂ ਕਰ ਸਕਦੇ ਹਾਂ। ਇਹ ਨਵੇਂ ਪ੍ਰੋਲੇਤਾਰੀ ਨਵਜਾਗਰਣ ਅਤੇ ਪ੍ਰਬੋਧਨ (New Proletarian Rennaisance and Enlightenment) ਦਾ ਇੱਕ ਅਹਿਮ ਕਾਰਜ ਹੈ। ਇਹ ਵਿਸਮ੍ਰਿਤੀ (ਭੁਲਾ ਦੇਣਾ) ਵਿਰੁੱਧ ਇੱਕ ਜੱਦੋਜ਼ਹਿਦ ਹੈ।**

ਪਰ ਲਾਲ ਪਰਚਮ ਨੂੰ ਇਹ ਕਿਤਾਬਾਂ ਢੋਣਾ ਅਤੇ ਵੇਚਣਾ ਹੀ ਨਜ਼ਰ ਆਉਂਦਾ ਹੈ।

ਲਾਲ ਪਰਚਮ ਨੂੰ ਉਸ ਦੀ ਇਹ ਸੋਚ ਮੁਬਾਰਕ!

ਇਸ ਬਹਿਸ ਵਿੱਚ ਅਸੀਂ 'ਲਾਲ ਪਰਚਮ' ਵੱਲੋਂ ਉਠਾਏ ਸਾਰੇ ਹੀ ਸਵਾਲਾਂ ਦਾ ਜਵਾਬ ਦਿੱਤਾ ਹੈ। ਪਰ 'ਲਾਲ ਪਰਚਮ' ਨੇ ਸਾਡੇ ਵੱਲੋਂ ਉਠਾਏ (ਪ੍ਰਤੀਬੱਧ ਜੁਲਾਈ 2010) ਬਹੁਤ ਸਾਰੇ ਸਵਾਲਾਂ ਤੋਂ ਬਚਣ ਦਾ ਰੁੱਖ ਅਪਣਾਇਆ ਹੈ। ਲਾਲ ਪਰਚਮ ਦੇ ਲੇਖਕ ਜੀ, ਵਿਚਾਰਧਾਰਕ ਜੰਗ ਪੋਜ਼ੀਸ਼ਨ ਜੰਗ (Position Warfare) ਹੁੰਦੀ ਹੈ ਨਾ ਕਿ ਗੁਰੀਲਾ ਜੰਗ। ਵਿਰੋਧੀ ਦੇ ਸਵਾਲਾਂ ਨੂੰ ਸਿੱਧੇ ਮੱਥੇ ਟੱਕਰਨ ਦੀ ਬਜਾਏ ਉਹਨਾਂ ਤੋਂ ਬਚਣਾ ਅਤੇ ਨਵੇਂ-ਨਵੇਂ ਸਵਾਲ ਉਠਾਉਂਦੇ ਜਾਣਾ ਹੀ ਵਿਚਾਰਧਾਰਕ ਜੰਗ ਦਾ ਗੁਰੀਲਾ ਢੰਗ ਹੈ, ਜੋ ਤੁਸੀਂ ਇਸ ਬਹਿਸ ਵਿੱਚ ਅਪਣਾ ਰੱਖਿਆ ਹੈ। ਉਮੀਦ ਹੈ ਤੁਸੀਂ ਬਹਿਸ ਨੂੰ ਅੱਗੇ ਵਧਾਓਗੇ, ਜਿਵੇਂ ਅਸੀਂ ਤੁਹਾਡੇ ਸਵਾਲਾਂ ਦੇ ਜਵਾਬ ਦਿੱਤੇ ਹਨ, ਉਵੇਂ ਹੀ ਤੁਸੀਂ ਵੀ ਸਾਡੇ ਸਵਾਲਾਂ ਦੇ ਜਵਾਬ ਦਿਓਂਗੇ ਅਤੇ ਵਿਚਾਰਧਾਰਕ ਜੰਗ ਦੇ ਗੁਰੀਲਾ ਢੰਗ ਦਾ ਤਿਆਗ ਕਰਦੇ ਹੋਏ, ਮਾਰਕਸਵਾਦੀ ਤੌਰ-ਤਰੀਕਿਆਂ ਅਤੇ ਰਵਾਇਤ ਅਨੁਸਾਰ ਬਹਿਸ ਚਲਾਓਗੇ। ਉਮੀਦ ਕਰਦੇ ਹਾਂ ਕਿ ਜਲਦ ਹੀ ਤੁਸੀਂ ਸਾਡੀ ਇਸ ਅਲੋਚਨਾ ਦਾ ਜਵਾਬ ਦਿਓਗੇ ਅਤੇ ਸਾਬਤ ਕਰੋਂਗੇ ਕਿ 'ਵਿਰੋਧੀਆਂ ਵਿਰੁੱਧ ਵਿਚਾਰਧਾਰਕ ਸੰਘਰਸ਼ ਕਰਨ ਪ੍ਰਤੀ' ਤੁਹਾਡੀ ਪਹੁੰਚ ਪ੍ਰੋਲੇਤਾਰੀ ਹੈ ਅਤੇ ਇਸ ਵਿੱਚ ਸਾਨੂੰ 'ਨਿੱਕ-ਬੁਰਜੂਆ ਪਹੁੰਚ ਦਾ ਸਪੱਸ਼ਟ ਝਲਕਾਰਾ' ਨਹੀਂ ਦਿਖਾਈ ਦੇਵੇਗਾ।

**('ਪ੍ਰਤੀਬੱਧ' ਮਈ 2011)**

• • •

# ਸੰਪਾਦਕ ਦੇ ਨਾਂ ਇੱਕ ਖ਼ਤ

**ਸਤਿਕਾਰਯੋਗ ਸੰਪਾਦਕ ਜੀਓ,**

ਮੈਂ ਪ੍ਰਤੀਬੱਧ ਅਤੇ ਲਾਲ ਪਰਚਮ ਵਿੱਚ ਘਰਾਂ ਦੇ ਸਵਾਲ ਬਾਰੇ ਚਰਚਾ ਪੜ੍ਹੀ ਹੈ, ਪਰਚਮ ਨੇ ਪ੍ਰਤੀਬੱਧ ਨੂੰ ਜੋ ਜੁਆਬ ਦਿੱਤਾ ਉਹ ਮੈਨੂੰ ਠੀਕ ਅਤੇ ਢੁਕਵਾਂ ਲੱਗਿਆ। ਮੋੜਵੇਂ ਰੂਪ ਵਿੱਚ ਪ੍ਰਤੀਬੱਧ ਵਿੱਚ ਜੁਆਬ ਦਿੰਦਾ ਖਿਲਾਰਾ ਪਾਇਆ ਗਿਆ ਹੈ। ਮੈਂ ਜ਼ੋਰ ਲਾ ਕੇ ਪ੍ਰਤੀਬੱਧ ਦਾ ਜੁਆਬ ਅਤੇ ਏਂਗਲਜ਼ ਦੀ ਕਿਤਾਬ "ਰਿਹਾਇਸ਼ੀ ਘਰਾਂ ਦਾ ਸਵਾਲ" ਦੋਨੋਂ ਪੜ੍ਹੇ ਹਨ।

1. ਪ੍ਰਤੀਬੱਧ ਨੇ ਕਿਤਾਬ ਵਿੱਚੋਂ ਬੇਲੋੜੇ ਵੱਡੇ-ਵੱਡੇ ਹਵਾਲੇ ਦੇ ਕੇ, ਗੱਲਬਾਤ ਨੂੰ ਬੇਲੋੜਾ ਲੰਬਾ ਕੀਤਾ ਹੈ। ਜੇਕਰ ਹਵਾਲਿਆਂ ਦੇ ਅਧਾਰ 'ਤੇ ਏਂਗਲਜ਼ ਦੇ ਤੱਤ ਸਾਰ ਨੂੰ ਸਮਝਣਾ ਹੋਵੇ ਤਾਂ ਸੰਭਵ ਨਹੀਂ, ਅਕਾਊ ਹੈ। ਸੋ ਲੋੜਵੰਦ ਪਾਠਕਾਂ ਨੂੰ ਅਪੀਲ ਕਰ ਦੇਣੀ ਬਣਦੀ ਹੈ ਕਿ ਉਹ ਖ਼ੁਦ ਏਂਗਲਜ਼ ਦੀ ਕਿਤਾਬ ਪੜ੍ਹ ਕੇ ਨਿਰਣਾ ਕਰ ਲੈਣ ਕਿ ਸੁਖਵਿੰਦਰ ਨੂੰ ਕਿਤਾਬ ਦੀ ਕਿੰਨੀ ਕੁ ਸਮਝ ਹੈ। ਸ਼੍ਰੀ ਮਾਨ ਜੀ ਨੇ ਕਿਤਾਬ ਦਾ ਪਾਠ ਕੀਤਾ ਲੱਗਦਾ ਹੈ ਤੱਤ ਸਾਰ ਨਹੀਂ ਸਮਝਿਆ। ਅਗਾਂਹ ਆਈਨਸਟਾਈਨ ਦੇ ਸਿਧਾਂਤ ਅਨੁਸਾਰ, ਤੱਤ ਸਾਰ ਨੂੰ ਸਮੇਂ ਦੇ ਸਾਪੇਖੀ ਵਿਕਸਤ ਕਰ ਸਕਣ ਦੀ ਸਮਰੱਥਾ ਬਾਰੇ ਨਿਰਣਾ ਕਰਨਾ ਕੋਈ ਔਖਾ ਨਹੀਂ।

2. ਪਰਚਮ ਦੇ ਕੇਂਦਰੀ ਭਾਵ ਕਿ ਸਾਬਕਾ ਬਸਤੀਆਂ ਵਿੱਚ ਇਨਕਲਾਬਾਂ ਦੀ ਖਸ਼ਲਤ ਕਿਹੋ ਜਿਹੀ ਹੋਵੇਗੀ ਬਾਰੇ ਗੱਲਬਾਤ ਕਰਨੋਂ ਟਾਲ਼ਾ ਵੱਟਿਆ ਗਿਆ ਹੈ।

3. ਪ੍ਰਤੀਬੱਧ ਦਾ ਸਾਰਾ ਜ਼ੋਰ ਬਹਿਸ ਨੂੰ ਆਪਣੇ ਨੀਤੀ ਨਿਰਣੇ, ਕਿ ਭਾਰਤ ਵਿੱਚ ਪੂੰਜੀਵਾਦੀ ਵਿਕਾਸ ਹੋ ਚੁੱਕਿਆ ਹੈ ਵੱਲ, ਖਿੱਚ ਕੇ ਲਿਆਉਣ ਵੱਲ ਲੱਗਿਆ ਹੋਇਆ ਹੈ। ਇਨ੍ਹਾਂ ਦੀ ਇਸ ਗੱਲ ਨੂੰ ਕੋਈ ਸੰਘਰਸ਼ਸ਼ੀਲ ਨੁਮਾਇੰਦਾ ਸੁਣਨ ਨੂੰ ਤਿਆਰ ਨਹੀਂ, ਇਸ ਨੀਤੀ ਨਿਰਣੇ ਨੂੰ ਲਾਗੂ ਕਰਕੇ ਸਿੱਟੇ ਕੱਢ ਕੇ ਵਿਖਾ ਦੇਣ ਦੇ ਚੱਕਰ ਵਿੱਚ ਇਹ ਪੈਣਾ ਨਹੀਂ ਚਾਹੁੰਦੇ/ਜਾਂ ਪੈ ਨਹੀਂ ਸਕਦੇ। ਸੋ 'ਘਰਾਂ ਦੇ ਸਵਾਲ 'ਤੇ ਬਹਿਸ' ਦੇ ਬਹਾਨੇ ਆਪਣੀ ਗੱਲ ਸੁਣਾਉਣੀ ਚਾਹੁੰਦਾ ਸੀ ਸੋ ਸੁਣਾ ਗਿਆ। ਇਸ ਫ਼ਿਲਮੀ ਸਟਾਈਲ ਪ੍ਰਚਾਰ ਕਰਾ ਸਕਣ 'ਚ ਕਾਮਯਾਬੀ ਲਈ ਇਨ੍ਹਾਂ ਨੂੰ ਵਧਾਈਆਂ।

4. ਇਨ੍ਹਾਂ ਦੀਆਂ ਪੰਡਤਾਊ ਗੱਲਾਂ-ਬਾਤਾਂ, ਜਿਹੜੀਆਂ ਅਸਲ ਪ੍ਰੈਕਟਿਸ ਤੋਂ ਟੁੱਟੀਆਂ ਕਿਸੇ ਪੂਰੇ ਸੂਰੇ ਬੱਝਵੇਂ ਪ੍ਰੋਗਰਾਮ ਤੋਂ ਰਹਿਤ ਹਨ, ਬਹਿਸ ਕਰਨਾ, ਗੈਰ-ਜ਼ਰੂਰੀ ਸਮਾਂ

ਸ਼ਕਤੀ ਬਰਬਾਦ ਕਰਨਾ ਹੋਵੇਗਾ। ਜੇਕਰ ਇਨ੍ਹਾਂ ਦੇ ਪੂਰੇ ਪੇਪਰਾਂ ਦਾ ਮੈਟੀਰੀਅਲ ਵੇਖੋਂ ਤਾਂ ਇਨ੍ਹਾਂ ਲਈ ਕਾਗਜ਼ ਕਾਲ਼ੇ ਕਰਨ ਨੂੰ ਮਸਾਲਾ ਚਾਹੀਦਾ ਸੀ ਸੋ ਮਿਲ਼ ਗਿਆ।

ਸੋ ਅਪੀਲ ਹੈ ਕਿ ਪਰਚਮ ਦੇ ਪੇਜ਼, ਸਮਾਂ ਕੀਮਤੀ ਹੈ, ਇਨ੍ਹਾਂ 'ਪੰਡਤਾਂ' ਨਾਲ਼ ਬਹਿਸ ਬੰਦ ਕੀਤੀ ਜਾਵੇ।

**- ਸੁਨਾਮ ਤੋਂ ਤੁਹਾਡਾ ਹਮਰਾਹੀ**

(**'ਲਾਲ ਪਰਚਮ', ਸਤੰਬਰ-ਅਕਤੂਬਰ** 2010)

# ਇੱਕ ਪਾਠਕ ਦਾ ਖ਼ਤ

**ਸੰਪਾਦਕ ਜੀ,**

ਪ੍ਰਤੀਬੱਧ ਨੇ ਆਪਣੇ ਜਨਵਰੀ-2010 ਦੇ ਅੰਕ ਵਿੱਚ ਸੀ. ਪੀ. ਆਈ. (ਐੱਮ. ਐੱਲ) ਲਿਬਰੇਸ਼ਨ ਵੱਲੋਂ ਮਜ਼ਦੂਰਾਂ ਵਾਸਤੇ ਰਿਹਾਇਸ਼ੀ ਪਲਾਟਾਂ ਲਈ ਚਲਾਏ ਸੰਘਰਸ਼ ਦੀ ਬਾਦਲੀਲ ਆਲੋਚਨਾ ਕੀਤੀ ਸੀ। ਲਿਬਰੇਸ਼ਨ ਇਸ ਪੂਰੀ ਬਹਿਸ ਵਿੱਚ ਇੱਕ ਮੌਕਾਪ੍ਰਸਤ ਚੁੱਪ ਧਾਰ ਕੇ ਅਤੇ ਕੁਝ ਚੁਟਕੁਲਾਨੁਮਾ ਟਿੱਪਣੀਆਂ ਕਰਕੇ ਆਪਣੀ "ਮੂੜ ਮੱਤ" ਦੀ ਨੁਮਾਇਸ਼ ਲਾਉਣ ਤੱਕ ਹੀ ਸੀਮਤ ਰਹੀ। ਪਰ ਲਾਲ ਪਰਚਮ ਨੇ ਇਨਕਲਾਬੀ ਲਹਿਰ ਵਾਸਤੇ ਇਸ ਮਹੱਤਵਪੂਰਨ ਸਿਧਾਂਤਕ ਸਵਾਲ 'ਤੇ ਆਪਣੇ ਜੁਲਾਈ-ਅਗਸਤ 2010 ਅੰਕ ਵਿੱਚ ਟਿੱਪਣੀ ਕਰਕੇ ਇੱਕ ਸ਼ਲਾਘਾਯੋਗ ਸ਼ੁਰੂਆਤ ਕੀਤੀ ਸੀ। ਬਹੁਤ ਦੇਰ ਬਾਅਦ ਕਮਿਊਨਿਸਟਾਂ ਦਰਮਿਆਨ ਕੋਈ ਸਾਰਥਕ ਸਿਧਾਂਤਕ ਬਹਿਸ ਪੜ੍ਹਨ ਨੂੰ ਮਿਲੀ। ਪ੍ਰਤੀਬੱਧ ਨੇ 'ਪਰਚਮ ਦੀ ਆਲੋਚਨਾ ਦਾ ਜਵਾਬ ਦਿੱਤਾ ਤਾਂ ਮੈਂ ਪਰਚਮ ਦੇ ਅਗਲੇ ਅੰਕ (ਸਤੰਬਰ-ਅਕਤੂਬਰ 2010) ਦੀ ਬੜੀ ਬੇਸਬਰੀ ਨਾਲ਼ ਉਡੀਕ ਕਰ ਰਿਹਾਂ ਸਾਂ। ਮੈਨੂੰ ਪੂਰੀ ਉਮੀਦ ਸੀ ਕਿ ਲਾਲ ਪਰਚਮ ਪ੍ਰਤੀਬੱਧ ਦੀ ਮੋੜਵੀਂ ਆਲੋਚਨਾ ਦਾ ਜਵਾਬ ਜ਼ਰੂਰ ਦੇਵੇਗਾ। ਪਰ ਲਾਲ ਪਰਚਮ ਦਾ ਸਤੰਬਰ-ਅਕਤੂਬਰ 2010 ਅੰਕ ਮਿਲਿਆ, ਨਿਰਾਸ਼ਾ ਹੀ ਪੱਲੇ ਪਈ। ਲਾਲ ਪਰਚਮ ਨੇ ਨਾ ਤਾਂ ਪ੍ਰਤੀਬੱਧ ਦੀ ਮੋੜਵੀਂ ਆਲੋਚਨਾ ਦਾ ਕੋਈ ਜਵਾਬ ਹੀ ਦਿੱਤਾ ਅਤੇ ਨਾ ਹੀ ਭਵਿੱਖ ਦੇ ਕਿਸੇ ਅੰਕ ਵਿੱਚ ਜਵਾਬ ਦੇਣ ਦਾ ਕੋਈ ਵਾਅਦਾ ਕੀਤਾ। ਲਾਲ ਪਰਚਮ ਨੇ ਇਸ ਬਹਿਸ ਸਬੰਧੀ ਕਿਸੇ ਗੁੰਮਨਾਮ ਵਿਅਕਤੀ ਦੀ ਚਿੱਠੀ ਛਾਪ ਕੇ ਬੁੱਤਾ ਸਾਰਨਾ ਚਾਹਿਆ ਹੈ। ਇਹ ਚਿੱਠੀ ਲੇਖਕ ਵਿੱਚ ਇੰਨੀ ਵੀ ਜੁਅੱਰਤ ਨਹੀਂ ਹੈ ਕਿ ਉਹ ਆਪਣੇ ਨਾਂ 'ਤੇ ਚਿੱਠੀ ਲਿਖ ਸਕੇ। ਜਾਂ ਤਾਂ ਉਸਨੂੰ ਆਪਣੇ ਹੀ ਵਿਚਾਰਾਂ 'ਤੇ ਭਰੋਸਾ ਨਹੀਂ ਹੈ ਜਾਂ ਉਹ ਮੋੜਵੇਂ ਹਮਲੇ ਤੋਂ ਡਰਦਾ ਹੈ। ਇਸ ਅੰਡਰਗਰਾਉਂਡ ਚਿੱਠੀ ਦਾ ਲੇਖਕ ਪ੍ਰਤੀਬੱਧ ਅਤੇ ਲਾਲ ਪਰਚਮ ਦਰਮਿਆਨ ਬਹਿਸ ਅਧੀਨ ਆਏ ਮੁੱਦੇ ਤੇ ਪੂਰੀ ਤਰ੍ਹਾਂ ਚੁੱਪ ਹੈ। ਉਸਨੇ ਪ੍ਰਤੀਬੱਧ ਉੱਪਰ ਤਾਂ ਪ੍ਰੈਕਟਿਸ ਤੋਂ ਟੁੱਟੇ ਹੋਣ, 'ਪੰਡਤ' ਹੋਣ ਆਦਿ ਦੇ ਧੜਾਧੜ ਇਲਜ਼ਾਮ ਲਾਏ ਹਨ, ਪਰ ਉਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਖੁਦ ਕਿਹੜੀ "ਇਨਕਲਾਬੀ ਪ੍ਰੈਕਟਿਸ" ਕਰ ਰਿਹਾ ਹੈ ਅਤੇ ਉਸਦੀ ਇਸ "ਇਨਕਲਾਬੀ ਪ੍ਰੈਕਟਿਸ" ਨੇ ਕਿਹੜੇ 'ਸਿੱਟੇ ਕੱਢ ਕੇ ਵਿਖਾ' ਦਿੱਤੇ ਹਨ। ਕੀ ਉਹ ਉਸ 'ਇਨਕਲਾਬੀ' ਪ੍ਰੈਕਟਿਸ ਨਾਲ਼ ਜੁੜਿਆ ਹੋਇਆ ਹੈ, ਜੋ ਧਨੀ ਕਿਸਾਨਾਂ ਦੇ ਮੁਨਾਫ਼ੇ ਵਧਾਉਣ ਵਿੱਚ ਰੁੱਝੀ ਰਹਿੰਦੀ ਹੈ, ਜੋ ਖੇਤ ਮਜ਼ਦੂਰਾਂ ਨੂੰ ਧਨੀ ਕਿਸਾਨਾਂ ਦੀ ਪੂਛ ਬਣਾਉਂਦੀ ਹੈ। ਜੋ ਧਨੀ ਕਿਸਾਨਾਂ ਅਤੇ ਖੁਸ਼ਹਾਲ ਮੁਲਾਜ਼ਮਾਂ ਦੇ ਤਾਂ ਹਜ਼ਾਰਾਂ ਦੇ ਇਕੱਠ ਕਰਦੀ ਹੈ ਪਰ ਪਿਛਲੇ 38 ਸਾਲਾਂ ਤੋਂ ਪੰਜਾਬ ਦੇ ਸਭ ਤੋਂ ਵੱਡੇ ਸਨਅਤੀ ਕੇਂਦਰ 'ਤੇ "ਪ੍ਰੈਕਟਿਸ" ਕਰਦੇ ਹੋਏ 20 ਮਜ਼ਦੂਰ

ਵੀ ਇਕੱਠੇ ਨਹੀਂ ਕਰ ਸਕਦੀ। ਚਿੱਠੀ ਲੇਖਕ ਜੇਕਰ ਆਪਣੀ "ਇਨਕਲਾਬੀ ਪ੍ਰੈਕਟਿਸ" ਬਾਰੇ ਸਪੱਸ਼ਟ ਕਰਦਾ ਤਾਂ ਇਸ ਪ੍ਰੈਕਟਿਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਸੀ।

ਖੈਰ ਇਸ ਚਿੱਠੀ ਲੇਖਕ ਅਤੇ ਉਸ ਦੀ ਚਿੱਠੀ ਬਾਰੇ ਤਾਂ ਬਹੁਤੀ ਚਰਚਾ ਮੁਮਕਿਨ ਨਹੀਂ ਹੈ ਕਿਉਂਕਿ ਉਸ ਦੀ ਚਿੱਠੀ ਵਿੱਚ ਅਜਿਹਾ ਕੋਈ ਨੁਕਤਾ ਹੀ ਨਹੀਂ ਹੈ ਜੋ ਬਹੁਤੀ ਚਰਚਾ ਯੋਗ ਹੋਵੇ।

ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਲਾਲ ਪਰਚਮ ਨੇ ਇਹ ਚਿੱਠੀ ਤਾਂ ਛਾਪ ਦਿੱਤੀ ਪਰ ਇਸ ਚਿੱਠੀ ਬਾਰੇ ਉਸ ਦੇ ਕੀ ਵਿਚਾਰ ਹਨ ਇਹ ਸਪੱਸ਼ਟ ਨਹੀਂ ਕੀਤਾ। ਕਿਤੇ ਇਹ ਗੱਲ ਤਾਂ ਨਹੀਂ ਕਿ ਕਿ ਪ੍ਰਤੀਬੱਧ ਦੀ ਮੋੜਵੀਂ ਆਲੋਚਨਾ ਤੋਂ ਬਾਅਦ ਲਾਲ ਪਰਚਮ ਕੋਲ਼ ਕਹਿਣ ਲਈ ਕੁਝ ਬਚਿਆ ਹੀ ਨਹੀਂ ਅਤੇ ਉਹ ਇਸ ਤਰ੍ਹਾਂ ਦੀਆਂ ਊਲ-ਜਲੂਲ ਚਿੱਠੀਆਂ ਛਾਪ ਕੇ ਆਪਣੇ ਦਿਲ ਨੂੰ ਧਰਵਾਸ ਦੇਣਾ ਚਾਹੁੰਦਾ ਹੈ ? ਲਾਲ ਪਰਚਮ ਨੇ ਚੁੱਪ ਚਾਪ ਇਸ ਬਹਿਸ ਤੋਂ ਟਾਲਾ ਕਿਉਂ ਵੱਟ ਲਿਆ ਹੈ ? ਜਾਂ ਤਾਂ ਉਸ ਨੂੰ ਇਮਾਨਦਾਰੀ ਨਾਲ਼ ਮੰਨ ਲੈਣਾ ਚਾਹੀਦਾ ਹੈ ਕਿ ਪ੍ਰਤੀਬੱਧ ਦੀ ਪੋਜ਼ੀਸ਼ਨ ਠੀਕ ਹੈ, ਨਹੀਂ ਤਾਂ ਉਸ ਨੂੰ ਚਾਹੀਦਾ ਹੈ ਕਿ ਬਹਿਸ ਨੂੰ ਅੱਗੇ ਵਧਾਏ। ਲਾਲ ਪਰਚਮ ਵੱਲੋਂ ਧਾਰੀ ਇਹ ਚੁੱਪ ਬਹੁਤ ਖਟਕਦੀ ਹੈ। ਵਿਚਾਰਧਾਰਕ ਸੰਘਰਸ਼ਾਂ 'ਚ ਅਜਿਹਾ ਪੈਂਤੜਾ ਖੁਦ ਨੂੰ ਕਮਿਊਨਿਸਟ ਇਨਕਲਾਬੀ ਕਹਾਉਣ ਵਾਲਿਆਂ ਨੂੰ ਸ਼ੋਭਦਾ ਨਹੀਂ ।

*— ਮਾਸਟਰ ਦਾਤਾ ਸਿੰਘ, ਪਿੰਡ - ਨਮੋਲ*

(**'ਪ੍ਰਤੀਬੱਧ', ਅਕਤੂਬਰ**, 2010)

• • •

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 25. ਰੁਪਏ